Digitized by Arya Samaj Foundation Chennai and eGangotri

ਬਿਕਰਮ ਸਿੰਘ ਘੁੰਮਣ

ਪੰਜਾਬੀ ਲੋਕ ਗੀਤ ਪਰੰਪਰਾ

DONATION

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

7817

Forwarded free of Cost, and with the
Compliments of Deptt. of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਲੋਕ ਗੀਤ ਪਰੰਪਰਾ
(ਲੋਕ ਗੀਤ ਸੰਗ੍ਰਹਿ)

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

ਆਧੁਨਿਕ ਪੰਜਾਬੀ ਸਾਹਿਤ ਬਾਰੇ

- ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ
- ਪੰਜਾਬੀ ਨਿੱਕੀ ਕਹਾਣੀ : ਸਿਧਾਂਤ, ਸਰੂਪ ਤੇ ਵਿਕਾਸ
- ਕਹਾਣੀਕਾਰ ਕੁਲਵੰਤ ਸਿੰਘ ਵਿਰਕ
- ਕਰਤਾਰ ਸਿੰਘ ਦੁੱਗਲ ਦਾ ਕਹਾਣੀ ਜਗਤ (ਸੰਪਾਦਿਤ)
- ਕਹਾਣੀਕਾਰ ਰਾਮ ਸਰੂਪ ਅਣਖੀ (ਸੰਪਾਦਿਤ)
- ਕਹਾਣੀਕਾਰ ਪ੍ਰੇਮ ਪ੍ਰਕਾਸ਼ (ਸੰਪਾਦਿਤ)
- ਅਣਖੀ ਦਾ ਗਲਪ ਸੰਸਾਰ (ਸੰਪਾਦਿਤ)
- ਜਸਵੰਤ ਸਿੰਘ ਕੰਵਲ ਦਾ ਨਾਵਲ ਜਗਤ (ਸੰਪਾਦਿਤ)
- ਤੇਜਾ ਸਿੰਘ ਦੀ ਵਾਰਤਕ ਕਲਾ (ਸੰਪਾਦਿਤ)
- ਡਾ. ਬਲਬੀਰ ਸਿੰਘ ਦੀ ਵਾਰਤਕ ਕਲਾ (ਸੰਪਾਦਿਤ)
- ਗ਼ਦਰੀ ਬਾਬਾ ਵਿਸਾਖਾ ਸਿੰਘ (ਜੀਵਨੀ)

ਪੰਜਾਬੀ ਲੋਕ ਧਾਰਾ ਬਾਰੇ

- ਪੰਜਾਬੀ ਲੋਕ ਕਾਵਿ
- ਬੁਝਾਰਤਾਂ ਤੇ ਅਖਾਣ
- ਪੰਜਾਬੀ ਲੋਕ ਗੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਲੋਕ ਗੀਤ ਪਰੰਪਰਾ

(ਲੋਕ ਗੀਤ ਸੰਗ੍ਰਹਿ)

7817

ਬਿਕਰਮ ਸਿੰਘ ਘੁੰਮਣ

ਐਮ. ਏ., ਪੀਐਚ. ਡੀ.

Forwarded free of Cost, and with the Compliments of Deptt of Education, Govt. of India, New Delhi.

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ

ਲੁਧਿਆਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Panjabi Lok Geet Parampra

(Tradition of Panjabi Folksongs)

By

Dr. Bikram Singh Ghuman

1990

ਮੁੱਲ : 70 ਰੁਪਏ

ਪ੍ਰਾਪਤੀ ਸਥਾਨ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ

42, ਗੁਰੂ ਤੇਗ ਬਹਾਦਰ ਨਗਰ
ਡਾਕਖਾਨਾ ਖਾਲਸਾ ਕਾਲਜ
ਅੰਮ੍ਰਿਤਸਰ

345-ਏ, ਮਾਡਲ ਟਾਊਨ ਐਕਸਟੈਨਸ਼ਨ
ਨਜ਼ਦੀਕ ਕ੍ਰਿਸ਼ਨਾ ਮੰਦਿਰ
ਲੁਧਿਆਣਾ

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੁਕੁਲ ਕਾਂਗੜੀ ਵਿਸ਼ਵਵਿਦਿਆਲਯ

ਪੰਜਾਬੀ ਲੋਕ ਗੀਤਾਂ

ਦੇ

ਸਿਰਜਕਾਂ

ਦੇ

ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

ਮੱਧਕਾਲੀਨ ਪੰਜਾਬੀ ਸਾਹਿਤ ਬਾਰੇ

- ਪੰਜਾਬੀ ਕਿੱਸਾ ਕਾਵਿ ਅਤੇ ਦੁਖਾਂਤ ਪਰੰਪਰਾ
- ਦਮੋਦਰ : ਜੀਵਨ ਤੇ ਰਚਨਾ (ਸੰਪਾਦਿਤ)
- ਵਾਰਿਸ ਸ਼ਾਹ ਦਾ ਕਾਵਿ ਲੋਕ (ਸੰਪਾਦਿਤ)
- ਕਿੱਸਾ ਪੂਰਨ ਭਗਤ (ਕਾਦਰਯਾਰ)
- ਕਿਸ਼ਨ ਸਿੰਘ ਆਰਿਫ਼ : ਜੀਵਨ ਤੇ ਰਚਨਾ
- ਬੁਲ੍ਹੇ ਸ਼ਾਹ ਦਾ ਕਾਵਿ ਲੋਕ (ਸੰਪਾਦਿਤ)
- ਚੱਠਿਆਂ ਦੀ ਵਾਰ (ਪੀਰ ਮੁਹੰਮਦ)
- ਪੰਜਾਬੀ ਬੀਰ ਕਾਵਿ ਅਤੇ ਚੰਡੀ ਦੀ ਵਾਰ
- ਬਾਬਾ ਜੱਲ੍ਹਣ : ਜੀਵਨ ਤੇ ਰਚਨਾ
- ਆਸਾ ਦੀ ਵਾਰ : ਚਿੰਤਨ ਤੇ ਕਲਾ
- ਜੀਵਨ ਫ਼ਲਸਫ਼ਾ : ਗੁਰੂ ਤੇਗ ਬਹਾਦਰ
- ਮੱਧਕਾਲੀਨ ਪੰਜਾਬੀ ਸਾਹਿਤ
- ਪੰਜਾਬੀ ਸਾਹਿਤ
- ਪੰਜਾਬੀ ਕਿੱਸਾ
- ਪੰਜਾਬੀ ਸੂਫ਼ੀ ਕਾਵਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the
Compliments of Deptt of Education,
Govt. of India, New Delhi.

ਤਤਕਰਾ

ਮੁੱਖ ਸ਼ਬਦ 12

1. ਲੋਕਧਾਰਾ ਅਧਿਐਨ ਵਿਧੀਆਂ 13

(ਭਾਗ ਪਹਿਲਾ)

2. ਜਨਮ ਤੇ ਬਚਪਨ ਦੇ ਗੀਤ 23
3. ਪੇਕੇ ਸਹੁਰੇ 34
4. ਵਿਛੋੜਾ ਤੇ ਮਿਲਾਪ 56
5. ਵਿਆਹ ਦੇ ਗੀਤ 69
6. ਰੁੱਤਾਂ, ਤਿਉਹਾਰ ਤੇ ਮੇਲੇ 95
7. ਇਤਿਹਾਸਕ ਤੇ ਆਰਥਕ 102
8. ਛੜਾ 108

(ਭਾਗ ਦੂਜਾ)

9. ਲੰਮੀਆਂ ਬੋਲੀਆਂ 118
10. ਭੰਗੜੇ ਦੀਆਂ ਬੋਲੀਆਂ 177
11. ਦੂਹਰੀਆਂ ਬੋਲੀਆਂ 185

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਖ ਸ਼ਬਦ

ਪੰਜਾਬੀ ਲੋਕ ਗੀਤ ਪੰਜਾਬੀਆਂ ਦੇ ਰੰਗੀਲੇ ਜੀਵਨ ਦੀ ਮੂੰਹ ਬੋਲਦੀ ਤਸਵੀਰ ਹਨ । ਇਹ ਇਥੋਂ ਦੇ ਵਸਨੀਕਾਂ ਵਿਚ ਬਹੁਤ ਹੀ ਹਰਮਨ ਤੇ ਮਕਬੂਲ ਹਨ । ਸਮੇਂ ਸਮੇਂ ਪੰਜਾਬੀ ਮੁਟਿਆਰਾਂ ਤੇ ਗਭਰੂਆਂ ਨੇ ਇਸ ਦੇ ਖਜ਼ਾਨੇ ਨੂੰ ਆਪਣੇ ਪਿਆਰ ਵਲਵਲਿਆਂ ਨਾਲ ਭਰਪੂਰ ਕੀਤਾ । ਸਾਡੇ ਗੀਤਾਂ ਵਿਚ ਇਥੋਂ ਦੇ ਪਰੰਪਰਾਗਤ ਜੀਵਨ, ਸਾਹਿਤ, ਇਤਿਹਾਸ ਤੇ ਸਭਿਆਚਾਰ ਦੀ ਪੇਸ਼ਕਾਰੀ ਭਰਪੂਰ ਰੂਪ ਵਿਚ ਹੋਈ ਮਿਲਦੀ ਹੈ ।

ਪੰਜਾਬੀ ਲੋਕ ਗੀਤ ਸਾਡੀ ਜ਼ਿੰਦਗੀ ਦੇ ਪੂਰੇ ਚੱਕਰ ਨੂੰ ਰੂਪਮਾਨ ਕਰਦੇ ਹਨ । ਇਨ੍ਹਾਂ ਵਿਚ ਜੰਮਣ ਵੇਲੇ ਦੀਆਂ ਬਾਲ ਪ੍ਰਚਾਉਣੀਆਂ ਤੇ ਬਾਲ ਖੇਡਾਂ ਤੋਂ ਲੈ ਕੇ ਪੇਕੇ ਸਹੁਰੇ, ਵਿਆਹ ਮੁਕਲਾਵੇ, ਮਿਲਾਪ ਵਿਛੋੜੇ, ਰੁੱਤਾਂ ਤਿਉਹਾਰ, ਮੇਲੇ ਮਸਾਵੇ, ਅਤੇ ਅੰਤ ਮੌਤ ਸਮੇਂ ਪਾਏ ਜਾਂਦੇ ਵੈਣ, ਕੀਰਨੇ ਤੇ ਅਲਾਹੁਣੀਆਂ ਤਕ ਮਿਲਦੇ ਹਨ ।

ਇਸ ਲੋਕ ਗੀਤ ਸੰਗ੍ਰਹਿ ਵਿਚ ਸੰਕਲਿਤ ਲੋਕ ਗੀਤ ਸਾਰੇ ਪੰਜਾਬ ਵਿਚ ਆਮ ਕਰਕੇ ਅਤੇ ਮਾਲਵੇ ਵਿਚ ਖਾਸ ਕਰਕੇ ਪਾਏ ਜਾਂਦੇ ਹਨ । ਬਹੁਤੇ ਗੀਤ ਮਾਲਵੇ ਦੇ ਪਿੰਡਾਂ ਵਿਚੋਂ ਇਕੱਤਰ ਕੀਤੇ ਗਏ ਹਨ ਅਤੇ ਕੁਝ ਮਾਝੇ ਵਿਚੋਂ ਵੀ । ਇਨ੍ਹਾਂ ਗੀਤਾਂ ਨੂੰ ਇਕੱਤ੍ਰ ਕਰਨ ਵਿਚ ਮੇਰੀ ਸੁਪਤਨੀ ਸ੍ਰੀਮਤੀ ਅਮਰਜੀਤ ਕੌਰ ਘੁੰਮਣ ਨੇ ਕਾਫੀ ਸਹਾਇਤਾ ਕੀਤੀ, ਇਸ ਲਈ ਉਸ ਦਾ ਧੰਨਵਾਦ ਕਰਨਾ ਮੇਰਾ ਫਰਜ਼ ਬਣਦਾ ਹੈ ।

ਇਸ ਸੰਗ੍ਰਹਿ ਨੂੰ ਮੁਖ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ । ਪਹਿਲੇ ਭਾਗ ਵਿਚ ਪੰਜਾਬੀ ਲੋਕ ਗੀਤਾਂ ਵਿਚ ਪੇਸ਼ ਕੀਤੇ ਗਏ ਪ੍ਰਮੁੱਖ ਵਿਸ਼ਿਆਂ ਸੰਬੰਧੀ ਵੱਖ ਵੱਖ ਹਿੱਸਿਆਂ ਵਿਚ ਲੋਕ ਗੀਤ ਅੰਕਿਤ ਕੀਤੇ ਗਏ ਹਨ ਜਿਵੇਂ ਜਨਮ ਤੇ ਬਚਪਨ, ਪੇਕੇ ਸਹੁਰੇ, ਵਿਆਹ, ਵਿਛੋੜੇ ਤੇ ਮਿਲਾਪ, ਰੁੱਤਾਂ ਤਿਉਹਾਰਾਂ, ਇਤਿਹਾਸਕ ਆਰਥਕ ਤੇ ਛੜੇ ਸੰਬੰਧੀ ਗੀਤ । ਦੂਜੇ ਭਾਗ ਵਿਚ ਕਾਵਿ ਰੂਪਾਂ ਤੇ ਆਧਾਰਤ ਲੋਕ ਗੀਤਾਂ ਦਾ ਵਰਗੀਕਰਣ ਕੀਤਾ ਗਿਆ ਹੈ ਜਿਵੇਂ ਲੰਮੀਆਂ ਬੋਲੀਆਂ, ਭੰਗੜੇ ਦੀਆਂ ਬੋਲੀਆਂ, ਦੁਹਰੀਆਂ ਬੋਲੀਆਂ ਤੇ ਟੱਪੇ ।

ਸੰਗ੍ਰਹਿ ਦੇ ਆਰੰਭ ਵਿਚ ਲੋਕਧਾਰਾ ਦੀਆਂ ਅਧਿਐਨ ਵਿਧੀਆਂ ਬਾਰੇ ਇਕ ਲੇਖ ਸ਼ਾਮਿਲ ਕੀਤਾ ਗਿਆ ਹੈ । ਆਸ ਹੈ ਕਿ ਪਾਠਕਾਂ ਨੂੰ ਇਹ ਸੰਗ੍ਰਹਿ ਪਸੰਦ ਆਵੇਗਾ ।

ਬਿਕਰਮ ਸਿੰਘ ਘੁੰਮਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਧਾਰਾ ਅਧਿਐਨ ਵਿਧੀਆਂ

ਸਮਾਜ-ਵਿਗਿਆਨ (Sociology), ਸਮਾਜਿਕ ਮਨੋਵਿਗਿਆਨ (Social psychology) ਅਤੇ ਮਾਨਵ-ਵਿਗਿਆਨ (Cultural anthropology) ਦਾ ਅਧਿਐਨ ਖੇਤਰ ਸਾਂਝਾ ਹੀ ਹੈ, ਪਰ ਤਿੰਨਾਂ ਦੀ ਖੋਜ ਜਾਂ ਅਧਿਐਨ ਵਿਧੀਆਂ ਅਤੇ ਖੋਜ ਦੇ ਸਾਧਨ ਵੱਖਰੇ ਵੱਖਰੇ ਹਨ। ਸਮਾਜਕ ਮਨੋਵਿਗਿਆਨ ਦੀ ਖੋਜ ਪ੍ਰਯੋਗਕ ਡੇਟੇ ਤੇ ਆਧਾਰਿਤ ਹੈ, ਅਤੇ ਸਮਾਜਿਕ-ਵਿਗਿਆਨ ਦੀ ਖੋਜ ਦਾ ਆਧਾਰ ਪ੍ਰਸ਼ਨ-ਪੱਤਰ (Questionnare) ਅਤੇ ਮੁਲਾਕਾਤੀ ਢੰਗ ਹੈ। ਇਸ ਵਿਚ ਬਹੁਤ ਸਾਰੇ ਲੋਕਾਂ ਨਾਲ ਇਕੋ ਵਿਸ਼ੇ ਤੇ ਮੁਲਾਕਾਤ ਕੀਤੀ ਜਾਂਦੀ ਹੈ ਤੇ ਇਕ ਤਰ੍ਹਾਂ ਦੇ ਪ੍ਰਸ਼ਨ ਹੀ ਪੁੱਛੇ ਜਾਂਦੇ ਹਨ। ਪਰੰਤੂ, ਸਭਿਆਚਾਰਕ ਮਾਨਵ ਵਿਗਿਆਨ ਜਿਸ ਦੇ ਜਨ-ਪ੍ਰਿਯ ਨਾਂ ਫੋਕਲੋਰ, ਲੋਕਧਾਰਾ ਜਾਂ ਲੋਕਯਾਨ ਹਨ, ਦੀ ਖੋਜ ਦਾ ਆਧਾਰ ਖੋਜਕਾਰ ਦੇ ਨਿੱਜੀ ਤੌਰ ਤੇ ਖੇਤਰ ਵਿਚ ਲਏ ਨੋਟ ਹਨ। ਇਨ੍ਹਾਂ ਦਾ ਆਧਾਰ ਉਸ ਦਾ ਨਿੱਜੀ ਪ੍ਰੇਖਣ (Observation) ਹੁੰਦਾ ਹੈ। ਕੁਝ ਗਿਣਤੀ ਮਿਣਤੀ ਦੇ ਲੋਕਾਂ ਨਾਲ ਬਾਰ ਬਾਰ ਅਤੇ ਵਿਸਤ੍ਰਿਤ ਮੁਲਾਕਾਤ ਕੀਤੀ ਜਾਂਦੀ ਹੈ। ਇਨ੍ਹਾਂ ਵਿਸ਼ਿਆਂ ਦੀ ਖੋਜ ਦਾ ਇਕ ਵੱਡਾ ਅੰਤਰ ਸੂਚਕਾਂ ਦੀ ਚੋਣ ਹੈ। ਸਮਾਜਿਕ ਵਿਗਿਆਨ ਦੇ ਖੇਤਰ ਵਿਚ ਖੋਜ ਲਈ ਵਧੇਰੇ ਆਬਾਦੀ ਵਾਲੇ ਪਿੰਡਾਂ ਜਾਂ ਸ਼ਹਿਰਾਂ ਨੂੰ ਸਰਵੇ ਦੀ ਇਕਾਈ ਬਣਾਇਆ ਜਾਂਦਾ ਹੈ, ਪਰੰਤੂ ਇਸ ਦੇ ਉਲਟ ਲੋਕਧਾਰਾ/ਸਭਿਆਚਾਰ ਦੇ ਅਧਿਐਨ ਲਈ ਛੋਟੇ ਤੋਂ ਛੋਟੇ ਜਾਤੀ ਵਰਗ ਜਾਂ ਕਿਸੇ ਕਬੀਲੇ ਦੀ ਚੋਣ ਕੀਤੀ ਜਾਂਦੀ ਹੈ ਤਾਂ ਜੋ ਖੋਜਕਾਰ ਨਿੱਜੀ ਪੱਧਰ ਤੇ ਸਿੱਧੇ ਤੌਰ ਤੇ ਖੇਤਰ ਵਿਚ ਰਹਿ ਕੇ ਉਸ ਵਰਗ ਦੇ ਰੋਜ਼ਾਨਾ ਜੀਵਨ ਦਾ ਘੋਖਵਾਂ ਨਿਰੀਖਣ ਕਰ ਸਕੇ। ਇਸ ਤੋਂ ਬਿਨਾਂ ਸਭਿਆਚਾਰ ਦੇ ਖੇਤਰ ਵਿਚ ਖੋਜ ਦਾ ਦੂਜਾ ਵੱਡਾ ਢੰਗ ਤੁਲਨਾਤਮਕ ਵਿਧੀ ਦਾ ਹੈ। ਇਸ ਤਰ੍ਹਾਂ ਕੇਵਲ ਕਿਸੇ ਜਾਤੀ, ਕਬੀਲੇ ਜਾਂ ਸਮਾਜ ਬਾਰੇ ਇੱਕੋ ਪੈਟਰਨ ਉਤੇ ਸੂਚਨਾ ਇਕੱਤ੍ਰ ਨਹੀਂ ਕੀਤੀ ਜਾਂਦੀ, ਸਗੋਂ ਕਿਸੇ ਦੂਸਰੇ ਸਭਿਆਚਾਰ ਨਾਲ ਤੁਲਨਾ ਕਰਕੇ ਦੋਹਾਂ ਵਿਚਾਲੇ ਅੰਤਰ ਅਤੇ ਇਨ੍ਹਾਂ ਅੰਤਰਾਂ ਦੇ ਕਾਰਣ ਲੱਭਣ ਦਾ ਜਤਨ ਕੀਤਾ ਜਾਂਦਾ ਹੈ। ਅਜਿਹੇ ਅਧਿਐਨ ਦਾ ਇਕੋ ਹੋਰ ਲੱਛਣ ਹੋਲਿਸਟਿਕ (Holistic) ਦ੍ਰਿਸ਼ਟੀਕੋਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਜਿਸ ਰਾਹੀਂ ਮਾਨਵ ਵਿਗਿਆਨੀ ਸਭਿਆਚਾਰ ਲੋਕਧਾਰਾ ਦੇ ਕਿਸੇ ਵਿਸ਼ੇਸ਼ ਤੱਤ ਦਾ ਅਧਿਐਨ ਕਰਦਾ ਹੈ, ਪਰ ਉਹ ਇਸ ਨੂੰ ਉਸ ਵਰਗ ਦੇ ਸਮੁੱਚੇ ਜੀਵਨ ਦੇ ਪ੍ਰਸੰਗ ਵਿਚ ਰਖਕੇ ਹੀ ਵੇਖਦਾ ਹੈ। ਇਸ ਤਰ੍ਹਾਂ ਲੋਕਧਾਰਾ ਦੇ ਖੇਤਰ ਵਿਚ ਕਿਸੇ ਵੀ ਰੂਪ ਦਾ ਅਧਿਐਨ ਕਰਨ ਲਗਿਆਂ ਸਮੁੱਚਾ ਸਭਿਆਚਾਰ ਨਿਰੰਤਰ ਖੋਜਕਾਰ ਦੀਆਂ ਅੱਖਾਂ ਸਾਹਮਣੇ ਰਹਿੰਦਾ ਹੈ।

ਕਿਸੇ ਇਲਾਕੇ ਦੀ ਲੋਕਧਾਰਾ/ਸਭਿਆਚਾਰ ਦਾ ਅਧਿਐਨ ਕਰਨ ਦੀ ਇਕ ਵਿਧੀ ਤਾਂ ਉਹ ਹੈ ਜਿਹੜੀ ਮਾਨਵ ਵਿਗਿਆਨ ਦੇ ਮਹਾਨ ਵਿਦਵਾਨ ਬੋਰਨੀ ਸਲਾਵ ਮੈਲਿਨੋਵਸਕੀ ਨੇ ਦਸੀ ਹੈ (ਮੈਲਿਨੋਵਸਕੀ, 1922)। ਇਹ ਉਹ ਵਿਧੀ ਹੈ, ਜਿਸ ਰਾਹੀਂ ਖੋਜੀ ਜਾਂ ਖੇਤਰ ਵਿਚ ਕੰਮ ਕਰਨ ਵਾਲਾ ਜਾਂ ਮਾਨਵ ਵਿਗਿਆਨੀ ਸਮੇਂ ਸਮੇਂ ਉਸ ਖੇਤਰ ਵਿਚ ਸਾਧਾਂ ਵਾਂਗ ਫੇਰੀਆਂ ਨਹੀਂ ਲਾਉਂਦਾ, ਸਗੋਂ ਉਨ੍ਹਾਂ ਲੋਕਾਂ ਦੇ ਵਿਚ ਰਚ ਮਿਚ ਕੇ ਇਕ ਹੋ ਕੇ ਸਾਂਝ ਪੈਦਾ ਕਰਕੇ ਰਹਿੰਦਾ ਹੈ। ਖੇਤਰ ਵਿਚ ਇਸ ਤਰ੍ਹਾਂ ਕੰਮ ਕਰਨ ਦੀ ਵਿਧੀ ਦਾ ਇਕ ਜਿਊਂਦਾ ਜਾਗਦਾ ਉਦਾਹਰਣ ਐਲਵਿਨ ਵੈਰੀਅਰ ਦਾ ਹੈ ਜਿਸ ਨੇ ਮੱਧ ਪ੍ਰਦੇਸ਼ ਦੇ ਬਸਤਰ ਦੇ ਇਲਾਕੇ ਵਿਚ ਇਸ ਨਾਂ ਦੇ ਕਬੀਲੇ ਵਿਚ ਜ਼ਿੰਦਗੀ ਬਤੀਤ ਕਰ ਕੇ ਕੰਮ ਕੀਤਾ ਜਾਂ ਫਿਰ ਕੁਝ ਹੱਦ ਤਕ ਨਜ਼ਦੀਕੀ ਉਦਾਹਰਣ ਸ੍ਰੀ ਦੇਵਿੰਦਰ ਸਤਿਆਰਥੀ ਦਾ ਹੈ। ਇਸ ਵਿਧੀ ਰਾਹੀਂ ਲੋਕਧਾਰਾ ਇਕੱਤ੍ਰ ਕਰਨ ਜਾਂ ਉਸ ਦੇ ਅਧਿਐਨ ਦੀਆਂ ਸਮੱਸਿਆਵਾਂ ਕੁਝ ਵੱਖਰੇ ਪ੍ਰਕਾਰ ਦੀਆਂ ਹੋਣਗੀਆਂ।

ਲੋਕਧਾਰਾ ਦੀ ਸਾਮੱਗ੍ਰੀ ਇਕੱਤ੍ਰ ਕਰਨ ਦੀ ਦੂਜੀ ਵਿਧੀ ਉਹ ਹੈ ਜਦੋਂ ਇਕ ਸਰਕਾਰੀ ਜਾਂ ਅਰਧ ਸਰਕਾਰੀ ਸੰਸਥਾ ਵਿਚ ਕੰਮ ਕਰਦਾ ਹੋਇਆ ਖੋਜੀ ਲੋਕਧਾਰਿਕ ਸਾਮੱਗ੍ਰੀ ਇਕੱਤ੍ਰ ਕਰਦਾ ਅਤੇ ਇਸਦਾ ਅਧਿਐਨ ਕਰਦਾ ਹੈ। ਇਸ ਖੋਜ ਪੱਤਰ ਵਿਚ ਸਾਡਾ ਵਧੇਰੇ ਸੰਬੰਧ ਇਸ ਦੂਜੀ ਸਥਿਤੀ ਵਿਚ ਕੰਮ ਕਰਨ ਵਾਲੇ ਖੋਜੀ ਅਤੇ ਉਸ ਦੀਆਂ ਸਮੱਸਿਆਵਾਂ ਨਾਲ ਹੈ। ਅਰਥਾਤ ਇਹ ਖੋਜ ਪੱਤਰ ਇਸ ਦ੍ਰਿਸ਼ਟੀਕੋਣ ਤੋਂ ਲਿਖਿਆ ਜਾ ਰਿਹਾ ਹੈ ਕਿ ਕੋਈ ਖੋਜ ਵਿਦਿਆਰਥੀ ਸਰਕਾਰੀ ਨਿਯਮਾਂ ਦੀ ਪਾਲਨਾ ਕਰਦਾ ਹੋਇਆ ਲੋਕਧਾਰਾ ਦੇ ਖੇਤਰ ਵਿਚ ਕਿਵੇਂ ਕੰਮ ਕਰੇ, ਜਿਥੇ ਕਈ ਵਾਰ ਲਗਦਾ ਇੰਜ ਹੈ ਜਿਵੇਂ ਲੋਕਧਾਰਾ ਨਾਲੋਂ ਨਿਯਮਾਂ ਦੀ ਪਾਲਨਾ ਕਰਨੀ ਵਧੇਰੇ ਜ਼ਰੂਰੀ ਹੈ। ਲੋਕਧਾਰਾ ਇਕੱਤ੍ਰ ਕਰਨ ਦੀ ਇਸ ਵਿਧੀ ਨਾਲ ਸੰਬੰਧਿਤ ਕਈ ਹੋਰ ਵਿਵਹਾਰਕ ਸਮੱਸਿਆਵਾਂ ਜੁੜੀਆਂ ਹਨ ਜਿਨ੍ਹਾਂ ਦਾ ਜ਼ਿਕਰ ਅਗੇ ਕਰ ਰਹੇ ਹਾਂ।

ਖੋਜੀ ਲਈ ਸਿਧਾਂਤਕ ਸਿਖਿਆ

ਇਸ ਸੰਬੰਧ ਵਿਚ ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਵਿਸ਼ੇ ਵਿਚ ਕੰਮ ਕਰਨ ਵਾਲੇ ਖੋਜੀ ਨੂੰ ਪਹਿਲਾਂ ਕੋਈ ਸਿਧਾਂਤਕ ਸਿਖਿਆ ਜਾਂ ਟ੍ਰੇਨਿੰਗ ਅਵੱਸ਼ ਮਿਲਣੀ ਚਾਹੀਦੀ ਹੈ। ਟ੍ਰੇਨਿੰਗ ਉਪਰੰਤ ਉਹ ਖੇਤਰ ਵਿਚ ਕੰਮ ਕਰਨ ਦੇ ਨਾਲ ਨਾਲ ਆਪਣੇ ਵਿਸ਼ੇ ਵਿਚ ਹੋ ਰਹੀ ਖੋਜ ਅਤੇ ਨਵੇਂ ਨਵੇਂ ਸਿੱਧਾਂਤਾਂ ਪ੍ਰਤਿ ਚੇਤੰਨ ਹੋ ਸਕੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਲਸਰੂਪ ਖੇਤਰ ਵਿਚ ਜਾ ਕੇ ਉਹ ਕੇਵਲ ਆਪਣੇ ਸਿੱਧਾਂਤਾਂ ਦੀ ਪੁਸ਼ਟੀ ਹੀ ਨਹੀਂ ਲੱਭੇਗਾ, ਸਗੋਂ ਸਿੱਧਾਂਤਾਂ ਦੀ ਰੋਸ਼ਨੀ ਵਿਚ ਪ੍ਰਾਪਤ ਸਾਮੱਗ੍ਰੀ ਦੀ ਵੀ ਜਾਂਚ ਕਰ ਸਕੇਗਾ। ਜੇ ਸਭਿਆਚਾਰ/ਲੋਕਧਾਰਾ ਦੇ ਕੋਈ ਤੱਥ ਉਸ ਸਿੱਧਾਂਤ ਦੀ ਪੁਸ਼ਟੀ ਨਾ ਕਰਨ ਤਾਂ ਉਹ ਆਪਣੇ ਸਿੱਧਾਂਤ ਚੈੱਕ ਕਰ ਸਕੇਗਾ, ਤੱਥਾਂ ਨੂੰ ਮਰੋੜ ਤਰੋੜ (Distort) ਕੇ ਸਿੱਧਾਂਤ ਵਿਚ ਫਿਟ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ। ਇਸ ਤਰ੍ਹਾਂ ਇਕ ਪਾਸੇ ਸਿੱਧਾਂਤ ਤੱਥਾਂ ਨੂੰ ਸਮਝਣ ਵਿਚ ਸਹਾਈ ਹੋਵੇਗਾ, ਦੂਜੇ ਪਾਸੇ ਤੱਥ ਉਸ ਦੇ ਸਿੱਧਾਂਤਾਂ ਦੀ ਪੁਸ਼ਟੀ ਕਰੇਗਾ ਜਾਂ ਲੋੜ ਅਨੁਸਾਰ ਉਨ੍ਹਾਂ ਵਿਚ ਤਬਦੀਲੀ ਲਿਆ ਕੇ, ਉਨ੍ਹਾਂ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਣ ਵਿਚ ਸਹਾਈ ਹੋਵੇਗਾ। ਪਰੰਤੂ, ਇਥੇ ਲੋਕਧਾਰਾ ਦੇ ਖੇਤਰ ਵਿਚ ਕੰਮ ਕਰਨ ਲਈ ਕਿਸੇ ਕਿਸਮ ਦੀ ਸਿਧਾਂਤਕ ਟ੍ਰੇਨਿੰਗ ਦਾ ਕੋਈ ਪ੍ਰਬੰਧ ਨਹੀਂ ਹੈ। ਇਹ ਤਾਂ ਕੇਵਲ ਇਤਫ਼ਾਕੀਆ ਘਟਨਾ ਹੀ ਆਖੀ ਜਾ ਸਕਦੀ ਹੈ ਕਿ ਕੋਈ ਨੌਜਵਾਨ ਖੋਜੀ ਐਮ. ਏ. ਪੰਜਾਬੀ ਤੋਂ ਬਾਅਦ ਧਰਮ ਜਾਂ ਧਾਰਮਿਕ ਸਾਹਿਤ ਦਾ ਵਿਦਵਾਨ ਜਾਂ ਕੋਈ ਵੱਡਾ ਨਾਟਕਕਾਰ, ਕੋਈ ਮਹਾਨ ਕੋਸ਼ਕਾਰ ਜਾਂ ਲੋਕਧਾਰਾ ਦੇ ਖੇਤਰ ਦਾ ਮਾਹਿਰ ਬਣ ਜਾਵੇ। ਇਹ ਜੋ ਕੁਝ ਵਾਪਰਦਾ ਹੈ ਟ੍ਰੇਨਿੰਗ ਜਾਂ ਉਸ ਦੀ ਰੁਚੀ ਕਰਕੇ ਨਹੀਂ ਵਾਪਰਦਾ, ਇਤਫਾਕੀਆ ਹੀ ਵਾਪਰਦਾ ਹੈ। ਲੋੜ ਇਸ ਗੱਲ ਦੀ ਹੈ ਕਿ ਲੋਕਧਾਰਾ ਦੇ ਖੇਤਰ ਵਿਚ ਕੰਮ ਕਰਨ ਲਈ ਇਕ ਵਿਸ਼ੇਸ਼ ਪ੍ਰਕਾਰ ਦੀ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਵੇ। ਚੰਗਾ ਹੋਵੇ ਜੇ ਕਿਸੇ ਇਕ ਯੂਨੀਵਰਸਿਟੀ ਵਿਚ ਇਸ ਤਰ੍ਹਾਂ ਦਾ ਡਿਪਲੋਮਾ ਕੋਰਸ ਆਰੰਭ ਕੀਤਾ ਜਾਵੇ, ਜਿਸ ਵਿਚ ਮਾਨਵ-ਵਿਗਿਆਨ, ਭਾਸ਼ਾ-ਵਿਗਿਆਨ ਆਦਿ ਦੇ ਕੁਝ ਕੋਰਸ ਵੀ ਦਿੱਤੇ ਜਾਣ।

ਖੋਜੀ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਉਹ ਅਧਿਐਨ ਖੇਤਰ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ, ਅਜਿਹਾ ਨਾ ਹੋਣ ਦੀ ਹਾਲਤ ਵਿਚ ਉਹ ਪ੍ਰਾਪਤ ਸਮੱਗ੍ਰੀ ਦੀ ਭਰੋਸੇ ਯੋਗਤਾ ਦਾ ਪਤਾ ਨਹੀਂ ਲਾ ਸਕਦਾ। ਠੀਕ ਠੀਕ ਜਾਣਕਾਰੀ ਇਕੱਤ੍ਰ ਕਰਨ ਲਈ ਫੀਲਡ ਵਰਕਰ ਨੂੰ ਸੂਚਕਾਂ ਨਾਲ ਇੰਟਰਵਿਊ ਕਰਨ ਦੀ ਜ਼ਰੂਰੀ ਸਿਖਿਆ ਪ੍ਰਾਪਤ ਕਰਨ ਦੀ ਲੋੜ ਹੈ। ਅਜੇਹੇ ਖੋਜੀ ਨੂੰ ਇਕ ਵਿਸ਼ੇਸ਼ ਭਾਂਤ ਦੇ ਗੁਣਾ ਦਾ ਮਾਲਕ ਹੋਣਾ ਚਾਹੀਦਾ ਹੈ, ਜਿਨ੍ਹਾਂ ਦੇ ਆਧਾਰ ਤੇ ਉਹ ਸੂਚਕਾਂ ਨਾਲ ਇਕਸੁਰਤਾ ਜਾਂ ਸਾਂਝ ਪੈਦਾ ਕਰ ਕੇ ਉਨ੍ਹਾਂ ਵਿਚ ਰਚ ਮਿਚ ਜਾਵੇ।

ਸਮਾਜਕ ਤੇ ਸਭਿਆਚਾਰਕ ਸਥਿਤੀ ਵਿਚ ਰੱਖ ਕੇ ਵੇਖਣਾ

ਸਮੇਂ ਸਮੇਂ ਖੇਤਰ ਵਿਚ ਜਾ ਕੇ ਕਿਸੇ ਇਕ ਅਧ ਸੂਚਕ ਤੋਂ ਸਾਮੱਗ੍ਰੀ ਇਕੱਤ੍ਰ ਕਰਨ ਦਾ ਢੰਗ ਕਿਸੇ ਤਰ੍ਹਾਂ ਯੋਗ ਨਹੀਂ ਆਖਿਆ ਜਾ ਸਕਦਾ, ਕਿਉਂਕਿ ਇਸ ਤਰ੍ਹਾਂ ਲੋਕਧਾਰਿਕ ਸਾਮੱਗ੍ਰੀ ਆਪਣੇ ਅਸਲੀ ਸਮਾਜਕ ਅਤੇ ਸਭਿਆਚਾਰਕ ਪ੍ਰਸੰਗ ਤੋਂ ਵੱਖਰੀ ਕਰ ਕੇ ਹੀ ਇਕੱਤ੍ਰ ਹੋ ਸਕਦੀ ਹੈ। ਅਸਲ ਵਿਚ ਲੋਕਧਾਰਾ ਦੇ ਹਰ ਰੂਪ ਨੂੰ ਉਸ ਦੀ ਮਜਕ ਸਥਿਤੀ ਵਿਚ ਰਖ ਕੇ ਹੀ ਉਸ ਦਾ ਠੀਕ ਤਰ੍ਹਾਂ ਵਿਸ਼ਲੇਸ਼ਣ ਅਤੇ ਅਧਿਐਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਜਾ ਸਕਦਾ ਹੈ। ਇਨ੍ਹਾਂ ਸਤਰਾਂ ਦੇ ਲੇਖਕ ਨੇ ਆਪ ਖੇਤਰ ਵਿਚੋਂ ਪੰਜਾਬੀ ਦੀਆਂ ਕੋਈ ਤਿੰਨ ਕੁ ਹਜ਼ਾਰ ਬੁਝਾਰਤਾਂ ਇਕੱਤ੍ਰ ਕੀਤੀਆਂ ਹਨ, ਪਰ ਉਨ੍ਹਾਂ ਦਾ ਸਮਾਜਕ ਪਿਛੋਕੜ (Social setting) ਪੂਰੀ ਤਰ੍ਹਾਂ ਸਪਸ਼ਟ ਨਹੀਂ ਕਿ ਕਿਹੜੀ ਉਮਰ ਦੇ ਲੋਕੀਂ ਬੁਝਾਰਤਾਂ ਪਾਉਂਦੇ ਜਾਂ ਬੁਝਦੇ ਹਨ। ਅਜੋਕੇ ਪਿੰਡਾਂ ਵਿਚ ਬੁਝਾਰਤਾਂ ਕਿੰਨੀਆਂ ਕੁ ਪ੍ਰਚਲਤ ਹਨ? ਅਰਥਾਤ ਕੀ ਲੋਕ ਰੋਜ਼ ਬੁਝਾਰਤਾਂ ਪਾਉਂਦੇ ਜਾਂ ਕਿਸੇ ਖਾਸ ਮੌਸਮ ਵਿਚ, ਜਦੋਂ ਕਿ ਕਿਸਾਨ ਵਰਗ ਅਰਧ-ਰੁਜ਼ਗਾਰੀ (under employment) ਦੀ ਹਾਲਤ ਵਿਚ ਹੋਵੇ। ਬੁਝਾਰਤਾਂ ਕੇਵਲ ਰਾਤ ਦੇ ਮੌਕੇ ਪਾਈਆਂ ਜਾਂਦੀਆਂ ਹਨ ਜਾਂ ਦਿਨੇ ਵੀ। ਇਸ ਤਰ੍ਹਾਂ ਪ੍ਰਸੰਗ ਤੋਂ ਵੱਖ ਕਰਕੇ ਇਕੱਤ੍ਰ ਕੀਤਾ ਹੋਇਆ ਲੋਕ ਸਾਹਿਤ ਕਦੇ ਵੀ ਆਪਣੇ ਜਿਉਂਦੇ ਜਾਗਦੇ ਰੂਪ ਵਿਚ ਸਾਡੇ ਸਾਹਮਣੇ ਨਹੀਂ ਆਵੇਗਾ। ਲੋਕ ਸਾਹਿਤ ਉਤੇ ਜਿਹੜੀਆਂ ਕੁਝ ਪੁਸਤਕਾਂ ਪੰਜਾਬੀ ਵਿਚ ਪ੍ਰਾਪਤ ਹਨ, ਉਨ੍ਹਾਂ ਵਿਚ ਮੋਟੇ ਤੌਰ ਤੇ ਵਰਗੀਕਰਣ ਤਾਂ ਕੀਤਾ ਹੁੰਦਾ ਹੈ ਜਿਵੇਂ ਵੱਖ ਵੱਖ ਤਰ੍ਹਾਂ ਦੇ ਲੋਕ ਗੀਤਾਂ ਦੇ ਸਿਰਲੇਖ : ਜਨਮ ਗੀਤ, ਭੈਣ ਭਰਾ ਦੇ ਗੀਤ, ਲੋਰੀਆ, ਵਿਆਹ, ਪਿਆਰ ਗੀਤ, ਆਦਿ ਪਰ ਕਿਧਰੇ ਵੀ ਲੋਕ ਸਾਹਿਤ ਦੇ ਪਾਤਰਾਂ, ਉਨ੍ਹਾਂ ਦੀਆਂ ਸਮਾਜਿਕ ਸਥਿਤੀਆਂ, ਪਰਸਪਰ ਸਮਾਜਕ ਰਿਸ਼ਤੇ ਜਾਂ ਵੱਖ ਵੱਖ ਸਮਾਜਿਕ ਸਥਿਤੀਆਂ ਵਿਚ ਪਰਸਪਰ ਵਤੀਰੇ ਬਾਰੇ ਕੁਝ ਵੀ ਸਪਸ਼ਟ ਨਹੀਂ ਕੀਤਾ ਗਿਆ।

ਦੂਜੀ ਗੱਲ ਇਹ ਹੈ ਕਿ ਲੋਕਧਾਰਾ ਮੂਲ ਤੌਰ ਤੇ ਕੇਵਲ ਇਕ Verbal art ਹੀ ਨਹੀਂ, ਸਗੋਂ ਪੇਸ਼ਕਾਰੀ ਵਾਲੀ ਕਲਾ (Performative art) ਹੈ। ਅਸੀਂ ਟੇਪ-ਰੀਕਾਰਡ ਰਾਹੀਂ ਲੋਕ ਗੀਤ ਗਾਉਣ ਵਾਲਿਆਂ ਦੀ ਧੁਨੀ ਤਾਂ ਰੀਕਾਰਡ ਕਰ ਸਕਦੇ ਹਾਂ, ਪਰ ਉਸ ਦੇ ਨਾਲ ਨਾਲ ਉਨ੍ਹਾਂ ਦੇ ਚਿਹਰੇ ਉਤੇ ਆਉਂਦੇ ਹਾਵ ਭਾਵ, ਹੱਥਾਂ ਦੀ ਕ੍ਰਿਆ, ਇਸ਼ਾਰੇ ਜਾਂ ਸ੍ਰੋਤਿਆਂ ਦੇ ਪ੍ਰਤਿਕਰਮ ਰੀਕਾਰਡ ਨਹੀਂ ਕਰ ਸਕਦੇ। ਇਸ ਤਰ੍ਹਾਂ ਆਪਣੇ ਸੁਭਾਵਕ ਪ੍ਰਸੰਗ ਤੋਂ ਵੱਖ ਕੀਤਾ ਹੋਇਆ ਲੋਕ ਸਾਹਿਤ ਇਕ ਜੀਵਤ ਕਲਾ ਨਹੀਂ ਆਖੀ ਜਾ ਸਕਦੀ।

ਪਿੰਡਾਂ ਦੀ ਚੋਣ

ਪ੍ਰਾਂਤ ਦੇ ਸਾਰੇ ਪਿੰਡਾਂ ਵਿਚੋਂ ਹਰ ਪ੍ਰਕਾਰ ਦੀ ਲੋਕਧਾਰਾ ਨਹੀਂ ਪ੍ਰਾਪਤ ਹੋ ਸਕਦੀ ਤੇ ਨਾ ਹੀ ਹਰ ਪਿੰਡ ਉਸ ਇਲਾਕੇ ਦੀ ਪ੍ਰਤੀਨਿਧਤਾ ਕਰ ਸਕਦਾ ਹੈ। ਛੋਟੇ ਛੋਟੇ ਪਿੰਡਾਂ ਵਿਚੋਂ ਹਰ ਹਰ੍ਹਾਂ ਦੀਆਂ ਵੰਨਗੀਆਂ ਮਿਲਣੀਆਂ ਮੁਸ਼ਕਲ ਹਨ, ਤੇ ਕਈ ਪਿੰਡ ਬਹੁਤ ਵੱਡੇ ਹੁੰਦੇ ਹਨ ਜਿਨ੍ਹਾਂ ਦਾ ਸਰਵੇ ਕਰਨਾ ਕਾਫੀ ਮੁਸ਼ਕਿਲ ਹੁੰਦਾ ਹੈ, ਇਸੇ ਤਰ੍ਹਾਂ ਕਈ ਪਿੰਡ ਸ਼ਹਿਰੀ ਆਬਾਦੀ ਦੇ ਜਾਂ ਰੇਲਵੇ ਤੇ ਸੜਕ ਨਾਲ ਜੁੜੇ ਹੁੰਦੇ ਹਨ। ਉਹ ਅਜੋਕੀ ਵਿਗਿਆਨਕ ਸਭਿਅਤਾ ਤੇ ਤਕਨਾਲੋਜੀ ਦੇ ਪ੍ਰਭਾਵ ਅਧੀਨ ਆਪਣੀ ਲੋਕਧਾਰਾ ਦੀ ਬਹੁਤੀ ਸਾਮੱਗ੍ਰੀ ਗੁਆ ਬੈਠਦੇ ਹਨ। ਦੂਜੇ ਪਾਸੇ ਕਈ ਅਜੇਹੇ ਪਿੰਡ ਹਨ ਜਿਹੜੇ ਸ਼ਹਿਰੀ ਆਬਾਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਦੂਰ ਹੀ ਨਹੀਂ, ਸਗੋਂ ਉਨ੍ਹਾਂ ਉਤੇ ਰੇਲਵੇ ਤੇ ਸੜਕ ਦਾ ਲਿੰਕ ਵੀ ਪ੍ਰਾਪਤ ਨਹੀਂ ਹੁੰਦਾ। ਇਸ ਲਈ ਸਪਸ਼ਟ ਹੈ ਕਿ ਲੋਕਧਾਰਾ ਦੀ ਪ੍ਰਾਪਤੀ ਲਈ ਇਕ ਖਾਸ ਪ੍ਰਕਾਰ ਦੇ ਲੋਕਧਾਰਾ ਦੀ ਦ੍ਰਿਸ਼ਟੀ ਤੋਂ ਮਹੱਤਵ ਰਖਣ ਵਾਲੇ ਪਿੰਡ ਦੀ ਚੋਣ ਕਰਨਾ ਬਹੁਤ ਅਹਿਮੀਅਤ ਰਖਦਾ ਹੈ।

ਅਜੇਹੇ ਪਿੰਡਾਂ ਦੀ ਚੋਣ ਕਰਦੇ ਸਮੇਂ ਇਹ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਉਹ ਪਿੰਡ ਨਾ ਬਹੁਤੇ ਵੱਡੇ ਹੋਣ ਤੇ ਨਾ ਹੀ ਬਹੁਤੇ ਛੋਟੇ। ਪਿੰਡ ਦਰਮਿਆਨਾ ਹੋਣਾ ਚਾਹੀਦਾ ਹੈ ਤਾਂ ਜੋ ਉਸ ਦਾ ਸਰਵੇਖਣ ਇਕ ਨਿਸ਼ਚਿਤ ਸਮੇਂ ਵਿਚ ਨੇਪਰੇ ਚਾੜ੍ਹਿਆ ਜਾ ਸਕੇ। ਦੂਜਾ, ਉਹ ਪਿੰਡ ਸ਼ਹਿਰੀ ਆਬਾਦੀ ਤੇ ਸੜਕ-ਰੇਲ ਆਦਿ ਤੋਂ ਜਿੰਨਾਂ ਦੂਰ ਹੋਵੇਗਾ ਉੱਨਾ ਹੀ ਉਹ ਲੋਕਧਾਰਾ ਲਈ ਵਧੇਰੇ ਅਮੀਰ ਹੋਵੇਗਾ। ਉਸ ਤੋਂ ਲੋਕਧਾਰਾ ਦਾ ਸਹੀ ਰੂਪ ਪ੍ਰਾਪਤ ਹੋ ਸਕੇਗਾ ਅਤੇ ਉਦਯੋਗਿਕ ਸਭਿਆਚਾਰ ਦੇ ਪ੍ਰਭਾਵ ਤੋਂ ਬਚਿਆ ਹੋਇਆ ਹੋਵੇਗਾ।

ਸੂਚਕ

ਯੋਗ ਪਿੰਡ ਦੀ ਚੋਣ ਉਪਰੰਤ ਸੂਚਕ ਦੀ ਭਾਲ ਕਰਨੀ ਅਤੇ ਉਨ੍ਹਾਂ ਨਾਲ ਅਜੇਹਾ ਸੰਪਰਕ ਪੈਦਾ ਕਰਨਾ ਆਪਣੇ ਆਪ ਵਿਚ ਇਕ ਵੱਡੀ ਸਮੱਸਿਆ ਹੈ। ਪਹਿਲੀ ਗੱਲ ਤਾਂ ਇਹ ਕਿ ਨਿੱਜੀ ਵਾਕਫੀਅਤ ਤੋਂ ਬਿਨਾਂ ਸਹਿਜੇ ਕਿਸੇ ਅਜੇਹੇ ਸੂਚਕ ਦਾ ਪਤਾ ਲਾਉਣਾ ਹੀ ਮੁਸ਼ਕਿਲ ਹੈ, ਵਿਸ਼ੇਸ਼ ਤੌਰ ਤੇ ਪਛੜੇ ਹੋਏ ਪਿੰਡਾਂ ਵਿਚ ਇਸਤ੍ਰੀ ਸੂਚਕ ਦਾ ਨਾਂ ਦਸਣ ਨੂੰ ਕੋਈ ਤਿਆਰ ਹੀ ਨਹੀਂ ਹੁੰਦਾ। ਥੋੜੀ ਬਹੁਤ ਵਾਕਫ਼ੀਅਤ ਕੱਢ ਕੇ ਜੇਕਰ ਸੂਚਕ ਦਾ ਨਾਂ ਤੇ ਘਰ ਆਦਿ ਪਤਾ ਲਗ ਜਾਵੇ ਤਾਂ ਸਵਾਲ ਉਸ ਨੂੰ ਭਰੋਸੇ ਵਿਚ ਲੈਣ ਅਤੇ ਇਕ ਸਾਂਝ ਪੈਦਾ ਕਰਨ ਦਾ ਉੱਠਦਾ ਹੈ। ਉਹ ਆਪਣੇ ਤੋਂ ਵੱਖਰੀ ਭਾਂਤ ਦੇ ਕਪੜੇ (ਸੂਟ, ਪੈਂਟ ਆਦਿ) ਹੱਥ ਵਿਚ ਟੇਪ ਰੀਕਾਰਡਰ ਤੇ ਕਾਪੀ ਕਿਤਾਬ ਆਦਿ ਵੇਖ ਕੇ ਖੋਜੀ ਨੂੰ 'ਸਰਕਾਰੀਆ' ਜਾਂ ਸਰਕਾਰੀ ਆਦਮੀ ਸਮਝਦਾ ਹੈ ਤੇ ਡਰਦਾ ਹੈ ਕਿ ਉਸ ਦੀ ਰੀਕਾਰਡਿੰਗ ਕਰਕੇ ਉਸ ਨੂੰ ਕਿਸੇ ਉਲਝਨ ਵਿਚ ਨਾ ਪਾ ਦਿੱਤਾ ਜਾਵੇ। ਆਮ ਤੌਰ ਤੇ ਉਹ ਪਿੰਡ ਦੇ ਕਿਸੇ ਜ਼ੁਮੇਵਾਰ ਵਿਅਕਤੀ ਰਾਹੀਂ ਇਸ ਕੰਮ ਲਈ ਤਿਆਰ ਹੁੰਦਾ ਹੈ। ਜਿਵੇਂ, ਲੇਖਕ ਇਕ ਵਾਰ ਜਿਲਾ ਸੰਗਰੂਰ ਦੇ ਇਕ ਪਿੰਡ ਵਿਚ ਇਸ ਕੰਮ ਲਈ ਗਿਆ ਤਾਂ ਨਾਲ ਗਏ ਆਪਣੇ ਪਿੰਡ ਦੇ ਮੋਹਤਬਰ ਆਦਮੀ ਨੂੰ ਸੂਚਕ ਕਹਿਣ ਲਗਾ, "ਜੇ ਕੱਲ੍ਹ ਨੂੰ ਕੋਈ ਹਬੀ ਤਬੀ ਹੋ ਗਈ ਤਾਂ ਇਸ ਦਾ ਜ਼ਮੇਵਾਰ ਭਰਾਵਾ ਤੂੰ ਹੋਵੇਂਗਾ।" ਐਨ ਇਹੋ ਜਿਹੇ ਪ੍ਰਸ਼ਨ ਹੀ ਜ਼ਿਲਾ ਫਰੀਦਕੋਟ ਦੇ ਪਿੰਡਾਂ ਵਿਚ ਵੱਖਰੀਆਂ ਵੱਖਰੀਆਂ ਥਾਵਾਂ ਤੇ ਸੂਚਨਾ ਇਕੱਤ੍ਰ ਕਰਦਿਆਂ ਸੂਚਕਾਂ ਵਲੋਂ ਉਠਾਏ ਗਏ। ਇਸ ਤੋਂ ਬਿਨਾਂ ਹੇਠਲੀ ਸ਼ਰੇਣੀ ਦੇ ਸੂਚਕ ਮੁਆਵਜ਼ੇ ਵਜੋਂ ਕੁਝ ਪੈਸਿਆਂ ਦੀ ਆਸ ਰਖਦੇ ਹਨ, ਪਰੰਤੂ ਸਰਕਾਰੀ ਨਿਯਮਾਂ ਅਨੁਸਾਰ ਇਹ ਪੈਸੇ ਦਿੱਤੇ ਨਹੀਂ ਜਾ ਸਕਦੇ। ਇਸੇ ਤਰ੍ਹਾਂ ਮੱਧ-ਵਰਗੀ ਸ਼ਰੇਣੀ ਨਾਲ ਸੰਬੰਧਿਤ ਸੂਚਕ ਸੇਵਾ ਫ਼ਲ ਵਜੋਂ ਥੋੜੇ ਬਹੁਤੇ ਪੈਸੇ ਲੈਣ ਤੋਂ ਸੰਕੋਚ ਕਰਦੇ ਹਨ, ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦੇ ਉਲਟ ਬਿਨਾਂ ਪੈਸਿਆਂ ਤੋਂ ਉਹ ਅਜੇਹੇ ਕੰਮਾਂ ਲਈ ਆਪਣਾ ਸਮਾਂ ਵੀ ਗੁਵਾਉਣਾ ਨਹੀਂ ਚਾਹੁੰਦ। ਇਨ੍ਹਾਂ ਸਮੱਸਿਆਵਾਂ ਦਾ ਇਕ ਕਾਰਣ ਇਹ ਵੀ ਹੈ ਅਜੇ ਤੀਕ ਆਮ ਲੋਕ ਤਾਂ ਕੀ. ਸਰਕਾਰੀ ਪੱਧਰ ਤੇ ਵੀ ਅਜੇਹੇ ਪ੍ਰੋਜੈਕਟਾਂ ਦੀ ਅਹਿਮੀਅਤ ਦਾ ਬਹੁਤਾ ਅਹਿਸਾਸ ਨਹੀਂ ਹੋਇਆ। ਉਦਾਹਰਣ ਵਜੋਂ ਵਿਕਸਤ ਦੇਸ਼ਾਂ ਵਿਚ ਹਰ ਚੋਣ ਤੋਂ ਪਹਿਲਾਂ (gallop poll) ਕਰਕੇ ਰਾਜਨੀਤਕ ਸੁਝਾਵਾਂ ਬਾਰੇ ਅਤੇ ਜਨਤਾ ਦੀ ਰਾਇ ਬਾਰੇ ਭਵਿੱਖ ਬਾਣੀ ਕੀਤੀ ਜਾਂਦੀ ਹੈ, ਸਰਕਾਰ ਵਲੋਂ ਚੁੱਕੇ ਗਏ ਨਵੇਂ ਕਦਮਾਂ, ਨਵੇਂ ਟੈਕਸਾਂ ਦਾ ਲੋਕਾਂ ਤੇ ਪ੍ਰਤਿਕਰਮ ਜਾਚਿਆ ਜਾਂਦਾ ਹੈ. ਸਮਾਜਕ, ਰਾਜਨੀਤਕ ਜਾਂ ਉਦਯੋਗਿਕ ਸਰਵੇ ਕੀਤੇ ਜਾਂਦੇ ਹਨ। ਪਰੰਤੂ, ਸਾਡੇ ਦੇਸ਼ ਵਿਚ ਅਜੇਹੇ ਪ੍ਰੋਜੈਕਟਾਂ ਨੂੰ ਵਾਧੂ ਕੰਮ ਜਾਂ ਵਿਹਲਿਆਂ ਦਾ ਕੰਮ ਸਮਝਿਆ ਜਾਂਦਾ ਹੈ। ਜੇਕਰ ਸੰਬੰਧਤ ਜ਼ਿਲੇ ਵਿਚ ਕੰਮ ਕਰ ਰਹੇ ਕਿਸੇ ਅਫਸਰ ਨੂੰ ਇਹ ਦੱਸਿਆ ਜਾਵੇ ਕਿ ਅਸੀਂ ਕੁਝ ਪਿੰਡਾਂ ਤੋਂ ਲੋਕ ਗੀਤ, ਬੁਝਾਰਤਾਂ ਜਾਂ ਲੋਕ ਸਾਹਿਤ ਦੇ ਕੁਝ ਹੋਰ ਨਮੂਨੇ ਇਕੱਤ੍ਰ ਕਰਨ ਆਏ ਹਾਂ, ਅਤੇ ਉਸ ਅਫਸਰ ਨੂੰ ਇਸ ਕੰਮ ਵਿਚ ਸਹਿਯੋਗ ਦੇਣ ਲਈ ਕਿਹਾ ਜਾਵੇ ਤਾਂ ਉਹ ਹੈਰਾਨ ਹੋਵੇਗਾ ਕਿ ਇਸ ਕੰਮ ਦੀ ਲੋੜ ਹੀ ਕੀ ਹੈ? ਇਹ ਹੀ ਹਾਲਤ ਪਿੰਡਾਂ ਵਿਚ ਆਮ ਲੋਕਾਂ ਦੀ ਹੈ। ਉਹ ਇਸ ਕੰਮ ਵਿਚ ਮਿਲਵਰਤਨ ਦੇਣ ਦੀ ਥਾਂ ਵਧੇਰੇ ਇਹੋ ਹੀ ਕਹਿੰਦੇ ਹਨ, ਇਹ ਵੀ ਕੋਈ ਕੰਮ ਹੈ। ਇਕ ਵਾਰ ਮੈਂ ਆਪਣੇ ਇਕ ਬਹੁਤ ਨਜ਼ਦੀਕੀ ਪੜ੍ਹੇ ਲਿਖੇ ਸੱਜਣ ਦੇ ਇਲਾਕੇ ਵਿਚ ਫ਼ੋਕ ਲੋਰ ਸਾਮੱਗ੍ਰੀ ਇਕੱਤ੍ਰ ਕਰਨ ਗਿਆ। ਉਸ ਦੀ ਸਹਾਇਤਾ ਨਾਲ ਉਸ ਦੇ ਇਲਾਕੇ ਵਿਚੋਂ ਕੁਝ ਦਿਨ ਸਾਮੱਗ੍ਰੀ ਇਕੱਤ੍ਰ ਕਰਨ ਦਾ ਕੰਮ ਕੀਤਾ ਤੇ ਕੁਝ ਕਾਮਯਾਬੀ ਵੀ ਹੋਈ। ਪਰੰਤੂ ਜਦੋਂ ਆਪਣਾ ਕੰਮ ਸਮਾਪਤ ਕਰਕੇ ਵਾਪਸੀ ਤੇ ਮੈਂ ਆਉਣ ਲੱਗਾ ਤਾਂ ਉਹ ਮੇਰੀ ਇਨ੍ਹਾਂ ਦਿਨਾਂ ਵਿਚਲੀ ਤਰਸਯੋਗ ਹਾਲਤ ਨੂੰ ਸਮਝਦਿਆਂ ਹੋਇਆਂ ਕਹਿਣ ਲੱਗਾ..."ਯਾਰ ਇਹ ਵੀ ਕੋਈ ਨੌਕਰੀ ਹੈ? ਕੋਈ ਹੋਰ ਕੰਮ ਲੱਭ, ਚੰਗਾ ਜਿਹਾ।"

ਇਸ ਤਰ੍ਹਾਂ ਸਮੱਸਿਆ ਕੇਵਲ ਖੋਜ ਸੂਚਕ ਲੱਭਣ ਦੀ ਹੀ ਨਹੀਂ, ਉਸ ਨਾਲ ਸੰਪਰਕ ਪੈਦਾ ਕਰਨ ਅਰਥਾਤ ਇਕ ਸਮਾਜਕ ਸਾਂਝ ਪੈਦਾ ਕਰਨ ਤੇ ਉਸ ਦੀ ਕਲਾ ਨੂੰ ਉਸ ਦੇ ਸੁਭਾਵਕ ਰੂਪ ਵਿਚ ਇਕੱਤ੍ਰ ਕਰਨ ਦੀ ਵੀ ਹੈ। ਘਬਰਾਹਟ ਜਾਂ ਡਰ ਵਿਚ ਬਹੁਤੀ ਵਾਰ ਸੂਚਕ ਆਪਣੀ ਸਾਮੱਗ੍ਰੀ ਹੀ ਭੁੱਲ ਜਾਂਦਾ ਹੈ। ਦੂਸਰੇ ਉਹ ਇਸ ਨੂੰ ਆਪਣੇ ਸੁਭਾਵਕ ਰੂਪ ਵਿਚ ਪੇਸ਼ ਨਹੀਂ ਕਰ ਸਕਦਾ, ਜਿਸ ਤਰ੍ਹਾਂ ਉਹ ਪਿੰਡ ਦੇ ਕਿਸੇ ਮੇਲੇ ਜਾਂ ਇਕੱਠ ਵਿਚ ਆਪਣੇ ਸ੍ਰੋਤਿਆਂ ਸਾਹਮਣੇ ਕਰੇਗਾ। ਸਿੱਟੇ ਵਜੋਂ ਅਜੇਹੀ ਸਾਮੱਗ੍ਰੀ ਆਪਣੇ ਸੁਭਾਵਕ ਆਲੇ ਦੁਆਲੇ ਤੋਂ ਦੂਰ ਚਲੀ ਜਾਂਦੀ ਹੈ।

ਰਿਕਾਰਡਿੰਗ ਲਈ ਯੋਗ ਵਾਤਾਵਰਣ

ਲੋਕਧਾਰਾ ਇਕੱਤ੍ਰ ਕਰਨ ਲਈ ਇਕ ਖਾਸ ਭਾਂਤ ਦੇ ਵਾਤਾਵਰਤਨ ਦੀ ਲੋੜ ਹੁੰਦੀ ਹੈ। ਜੇਕਰ ਅਸੀਂ ਵਿਆਹ ਨਾਲ ਸੰਬੰਧਿਤ ਗੀਤਾਂ, ਸਿੱਠਣੀਆਂ ਆਦਿ ਦੀ ਰਿਕਾਰਡਿੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨੀ ਹੋਵੇ ਤਾਂ ਉਹ ਵਿਆਹ ਦੇ ਮੌਕੇ ਉਤੇ ਹੀ ਠੀਕ ਢੰਗ ਨਾਲ ਤੇ ਸੱਚੇ ਸੁੱਚੇ ਅੰਦਾਜ਼ ਨਾਲ ਹੋ ਸਕਦੀ ਹੈ, ਕਿਉਂਕਿ ਸਾਧਾਰਨ ਸਮੇਂ ਵਿਚ ਅਜੇਹਾ ਕੰਮ ਕਰਨਾ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਹੈ। ਉਸ ਤਰ੍ਹਾਂ ਦੇ ਵਾਤਾਵਰਨ ਵਿਚ ਉਸ ਤਰ੍ਹਾਂ ਦੀ ਸਾਮੱਗ੍ਰੀ ਇਕੱਤ੍ਰ ਕਰਨ ਵਿਚ ਸੂਚਕ ਦੀ ਭਾਵਨਾ ਵਧੇਰੇ ਕੰਮ ਕਰ ਰਹੀ ਹੁੰਦੀ ਹੈ। ਇਸੇ ਤਰ੍ਹਾਂ ਜੇਕਰ ਮਰਨੇ ਪਰਨੇ ਸੰਬੰਧੀ ਵੈਣ, ਅਲਾਹੁਣੀਆਂ ਆਦਿ ਰੀਕਾਰਡ ਕਰਨੀਆਂ ਹੋਣ ਤਾਂ ਉਹ ਮਰਨੇ ਦੇ ਸਮੇਂ ਹੀ ਠੀਕ ਤਰ੍ਹਾਂ ਰੀਕਾਰਡ ਕੀਤੀਆਂ ਜਾ ਸਕਦੀਆਂ ਹਨ। ਪਰ ਉਹ ਇਕ ਅਜੇਹਾ ਮੌਕਾ ਹੁੰਦਾ ਹੈ ਜਦੋਂ ਟੇਪ ਰੀਕਾਰਡ ਲਾ ਕੇ ਕੋਲ ਬਹਿ ਜਾਣਾ ਸੋਭਦਾ ਨਹੀਂ ਤੇ ਜੇ ਚੋਰੀ ਛੁਪੀ ਰੀਕਾਰਡਿੰਗ ਕੀਤੀ ਜਾਵੇ ਤਾਂ ਕੋਈ ਨ ਕੋਈ ਮੁਸੀਬਤ ਸਹੇੜ ਲੈਣ ਦਾ ਡਰ ਹੈ।

ਰੀਕਾਰਡਿੰਗ ਦੀ ਸਮੱਸਿਆ

ਕਈ ਵਾਰ ਸਾਨੂੰ ਸੂਚਕ ਮਿਲ ਜਾਂਦਾ ਹੈ, ਉਹ ਸਾਨੂੰ ਸੂਚਨਾ ਦੇਣ ਲਈ ਵੀ ਤਿਆਰ ਹੁੰਦਾ ਹੈ, ਪਰ ਸਮਾਜ ਤੋਂ ਡਰਦਾ ਉਹ ਸਾਡੇ ਸਾਹਮਣੇ ਸਾਡੇ ਕੋਲ ਬੈਠ ਕੇ ਇਹ ਰਿਕਾਰਡਿੰਗ ਕਰਾਉਣ ਲਈ ਤਿਆਰ ਨਹੀਂ ਹੁੰਦਾ। ਔਰਤਾਂ ਦੇ ਪ੍ਰਸੰਗ ਵਿਚ ਤਾਂ ਇਹ ਗੱਲ ਖ਼ਾਸ ਕਰਕੇ ਲਾਗੂ ਹੁੰਦੀ ਹੈ। ਲੋਕਧਾਰਾ ਸਾਮੱਗ੍ਰੀ ਇਕੱਤ੍ਰ ਕਰਦਿਆਂ ਸਾਡਾ ਵਾਸਤਾ ਕਈ ਅਜੇਹੀਆਂ ਇਸਤ੍ਰੀਆਂ ਨਾਲ ਪਿਆ ਜੋ ਰੀਕਾਰਡਿੰਗ ਕਰਾਣ ਲਈ ਤਾਂ ਤਿਆਰ ਸਨ ਪਰ ਸਾਹਮਣੇ ਬੈਠ ਕੇ ਨਹੀਂ। ਉਹ ਆਪ ਰੀਕਾਰਡਿੰਗ ਕਰਨਾ ਨਹੀਂ ਸਨ ਜਾਣਦੀਆਂ ਤੇ ਖੋਜੀ ਦੇ ਕੋਲ ਬੈਠ ਕੇ ਰਿਕਾਰਡਿੰਗ ਕਰਵਾਉਣਾ ਚਾਹੁੰਦੀਆਂ ਨਹੀਂ ਸਨ। ਇਸ ਪਿੱਛੇ ਸੰਗ ਸ਼ਰਮ ਤੋਂ ਬਿਨਾਂ ਇਕ ਹੋਰ ਕਾਰਣ ਸੰਕੋਚ ਤੇ ਝਿਜਕ ਵੀ ਹੈ ਕਿਉਂਕਿ ਉਸ ਨੂੰ ਓਪਰੇ ਆਦਮੀ ਸਾਹਮਣੇ ਬੈਠ ਕੇ ਅਜੇਹੀ ਸਾਮੱਗ੍ਰੀ ਭੁੱਲ ਜਾਣ ਦਾ ਵੀ ਡਰ ਹੈ ਤੇ ਕਈ ਵਾਰ ਭੁੱਲ ਵੀ ਜਾਇਆ ਕਰਦੀਆਂ ਹਨ।

ਟੇਪ ਰੀਕਾਰਡਰ ਦੀ ਵਰਤੋਂ

ਲੋਕਧਾਰਾ ਦੇ ਖੇਤਰ ਵਿਚ ਕੰਮ ਕਰਨ ਸਮੇਂ ਟੇਪ ਰੀਕਾਰਡਰ ਦੀ ਵਰਤੋਂ ਕਰਨ ਲਈ ਹੇਠ ਲਿਖੀਆਂ ਗੱਲਾਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਣਾ ਪੈਂਦਾ ਹੈ :

(1) ਸਭ ਤੋਂ ਪਹਿਲੀ ਗੱਲ ਕਿ ਟੇਪ ਰੀਕਾਰਡਰ ਛੋਟਾ ਤੇ ਹੌਲਾ (portable) ਹੋਵੇ ਅਤੇ ਇਸ ਦੀ ਮਨੁੱਖੀ ਆਵਾਜ਼ ਪ੍ਰਤੀ ਸੁਹਿਰਦਤਾ (fidelity) ਦਾ ਪੱਧਰ ਉੱਚਾ ਹੋਵੇ। ਇਸ ਦੇ ਨਾਲ ਹੀ ਜ਼ਰੂਰੀ ਹੈ ਕਿ ਇਹ ਬੈਟਰੀ ਨਾਲ ਵੀ ਚੱਲਦਾ ਹੋਵੇ, ਕਿਉਂਕਿ ਖੇਤਰ ਵਿਚ ਹਰ ਥਾਂ ਤੇ ਬਿਜਲੀ ਦਾ ਪ੍ਰਬੰਧ ਨਹੀਂ ਹੋ ਸਕਦਾ। ਬੈਟਰੀ ਵਾਲੇ ਟੇਪ-ਰੀਕਾਰਡਰ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਬੈਟਰੀ ਸੈੱਲ ਕਾਫੀ ਮਾਤਰਾ ਵਿਚ ਹੋਣ। ਸੈੱਲ ਦੀ ਸ਼ਕਤੀ ਘੱਟਣ ਨਾਲ ਆਵਾਜ਼ ਸ਼ਪੱਸ਼ਟ ਤੌਰ ਤੇ ਰੀਕਾਰਡ ਨਹੀਂ ਹੁੰਦੀ।

(2) ਟੇਪ ਰੀਕਾਰਡਰ ਅਜੇਹੀ ਸਟੈਂਡਰਡ ਗਤੀ ਤੇ ਚੱਲਦਾ ਹੋਵੇ ਕਿ ਉਸੇ ਟੇਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਕਿਸੇ ਦੂਜੇ ਰੀਕਾਰਡਰ ਤੇ ਵੀ ਵਰਤਿਆ ਜਾ ਸਕੇ। ਖੇਤਰ ਵਿਚ ਕੰਮ ਕਰਨ ਲਈ ਟੇਪ ਦੀ ਸਪੀਡ $3\frac{3}{4}$ ਇੰਚ ਹਰ ਸੈਕਿੰਟ ਵਿਚ ਹੋਣੀ ਚਾਹੀਦੀ ਹੈ। ਬੇਸ਼ਕ $7\frac{1}{2}$ ਇੰਚ ਪ੍ਰਤਿ ਸੈਕਿੰਟ ਦੀ ਸਪੀਡ ਉਤੇ ਚਲਾਉਣ ਨਾਲ ਵੀ ਠੀਕ ਰੀਕਾਰਡਿੰਗ ਹੋ ਸਕਦੀ ਹੈ ਪਰ ਇਸ ਨਾਲ ਖ਼ਰਚ ਵਧ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ $1\frac{7}{8}$ ਇੰਚ ਪ੍ਰਤਿ ਸੈਕੰਟ ਦੀ ਗਤੀ ਵਧੇਰੇ ਸੰਜਮੀ ਹੋ ਸਕਦੀ ਹੈ ਪਰ ਇਹ ਇਤਨੀ ਹੌਲੀ ਹੈ ਕਿ ਰੀਕਾਰਡਿੰਗ ਵਧੀਆ ਨਹੀਂ ਹੋਵੇਗੀ। ਜ਼ਰੂਰੀ ਗੱਲ ਇਹ ਵੀ ਹੈ ਕਿ ਮਸ਼ੀਨ ਦੀ ਗਤੀ ਲਗਾਤਾਰ ਇੱਕੋ ਜਹੀ ਰਹੇ। ਆਮ ਤੌਰ ਤੇ ਛੋਟੇ ਰੀਕਾਰਡਰ ਵਿਚ ਜਦੋਂ ਸਪੂਲ ਦਾ ਪਿਛਲਾ ਹਿੱਸਾ ਆਉਂਦਾ ਹੈ ਤਾਂ ਗਤੀ ਆਪਣੇ ਆਪ ਵਧ ਜਾਂਦੀ ਹੈ।

(3) ਇਹ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਟੇਪ ਰੀਕਾਰਡਰ ਵਿਚ ਇਕ ਇੰਡੀਕੇਟਰ ਲਗਾ ਹੋਵੇ ਜਿਹੜਾ ਇਹ ਦਸਦਾ ਰਹੇ ਕਿ ਰੀਕਾਰਡਿੰਗ ਠੀਕ ਤਰ੍ਹਾਂ ਹੋ ਰਹੀ ਹੈ ਜਾਂ ਨਹੀਂ ਅਰਥਾਤ ਸੂਚਕ ਤੋਂ ਮਾਈਕ ਦੀ ਦੂਰੀ ਠੀਕ ਹੈ ਜਾਂ ਵੱਧ ਘੱਟ ਕਰਨ ਦੀ ਲੋੜ ਹੈ ਅਤੇ ਇਸੇ ਤਰ੍ਹਾਂ ਬੈਟਰੀ ਠੀਕ ਕੰਮ ਕਰ ਰਹੀ ਹੈ ਜਾਂ ਨਹੀਂ। ਜੇਕਰ ਖੋਜੀ ਦਾ ਧਿਆਨ ਵਧੇਰੇ ਕਰਕੇ ਆਪਣੇ ਟੇਪ ਰੀਕਾਰਡਰ ਨੂੰ ਹਿਲਾਉਣ ਜਲਾਉਣ ਜਾਂ ਸੈਟ ਕਰਨ ਵਿਚ ਲਗਿਆ ਰਹੇ ਤਾਂ ਸੂਚਕ ਉਸ ਪ੍ਰਤਿ ਚੌਕੰਨਾ ਹੋ ਜਾਂਦਾ ਹੈ ਅਤੇ ਟੇਪ ਰੀਕਾਰਡਰ ਦੀ ਹੋਂਦ, ਉਸ ਦੀ ਆਵਾਜ਼ ਅਤੇ ਵਤੀਰੇ ਵਿਚ ਕੁਝ ਸੰਕੋਚ, ਭੈ ਤੇ ਸਿਟੇ ਵਜੋਂ ਪਰਿਵਰਤਨ ਲੈ ਆਉਂਦੀ ਹੈ, ਤੇ ਉਹ ਸੁਭਾਵਕ ਨਹੀਂ ਰਹਿੰਦੀ।

(4) ਇਸੇ ਲਈ ਜ਼ਰੂਰੀ ਹੈ ਕਿ ਸਪੂਲ ਨੂੰ ਚਲਾਉਣ, ਅੱਗੇ ਪਿੱਛੇ ਕਰਨ ਜਾਂ ਰੋਕਣ ਲਈ ਕੰਟਰੋਲ ਯੰਤਰ ਹੱਥ ਵਿਚ ਹੋਵੇ। ਬਾਰ ਬਾਰ ਮੋਟਰ ਚਲਾਉਣ ਜਾਂ ਬੰਦ ਕਰਨ ਨਾਲ ਸੂਚਕ ਦਾ ਧਿਆਨ ਉਖੜ ਸਕਦਾ ਹੈ।

(5) ਮਾਈਕ (ਮਾਈਕ੍ਰੋਫੋਨ) ਚੰਗਾ ਹੋਣਾ ਚਾਹੀਦਾ ਹੈ ਤਾਂ ਜੋ ਦੂਰੋਂ ਤੇ ਸਪਸ਼ਟਤਾ ਨਾਲ ਰੀਕਾਰਡਿੰਗ ਕਰਨ ਵਿਚ ਸਹਾਈ ਹੋਵੇ।

(6) ਸਮੁੱਚੇ ਤੌਰ ਤੇ ਮਸ਼ੀਨ ਚੰਗੀ ਸਾਮੱਗ੍ਰੀ ਦੀ ਬਣੀ ਹੋਵੇ ਤਾਂ ਜੋ ਵੱਖ ਵੱਖ ਮੌਸਮਾਂ ਵਿਚ ਗਰਮੀ ਜਾਂ ਸਿਲ ਆਦਿ ਸਹਿ ਸਕੇ ਅਤੇ ਇਸੇ ਤਰ੍ਹਾਂ ਸਫਰ ਵਿਚ ਝਟਕੇ ਆਦਿ ਲਗਣ ਨਾਲ ਛੇਤੀ ਛੇਤੀ ਖਰਾਬ ਨ ਹੋਵੇ।

(7) ਟੇਪ ਰੀਕਾਰਡਰ ਨਾਲ ear phone ਲਗਿਆ ਹੋਣਾ ਚਾਹੀਦਾ ਹੈ ਤਾਂ ਜੋ ਲੋੜ ਪੈਣ ਤੇ ਖੋਜੀ ਚੁਪ ਚੁਪੀਤੇ ਰੀਕਾਰਡਿੰਗ ਸੁਣ ਸਕੇ। ਇਸ ਦੇ ਨਾਲ ਹੀ ਇਕ ਛੋਟਾ ਜਿਹਾ ਲਾਊਡ ਸਪੀਕਰ ਵੀ ਹੋਣਾ ਚਾਹੀਦਾ ਹੈ ਤਾਂ ਜੋ ਖੇਤਰ ਵਿਚ ਕੰਮ ਕਰਨ ਉਪਰੰਤ ਸੂਚਕਾਂ ਤੇ ਪਿੰਡ ਦੇ ਲੋਕਾਂ ਨੂੰ ਵੀ ਸੁਣਾਇਆ ਜਾ ਸਕੇ, ਜਿਸ ਨਾਲ ਸੂਚਕਾਂ ਦਾ ਉਤਸ਼ਾਹ ਵਧਦਾ ਹੈ, ਕਿਉਂਕਿ ਮਨੁੱਖ ਦੀ ਸੁਭਾਵਕ ਰੁਚੀ ਹੈ ਕਿ ਉਸ ਨੂੰ ਆਪਣੀ ਫੋਟੋ ਤੇ ਆਵਾਜ਼ ਪਿਆਰੀ ਲਗਦੀ ਹੈ।

ਖੋਜੀ ਨੂੰ ਟੇਪ ਰੀਕਾਰਡਰ ਖੋਲ੍ਹਣ, ਸਾਫ ਕਰਨ ਅਤੇ ਥੋੜਾ ਬਹੁਤ ਠੀਕ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਜਾਚ ਹੋਣੀ ਚਾਹੀਦੀ ਹੈ ਕਿਉਂਕਿ ਖੇਤਰ ਵਿਚ ਦੂਰ ਦੂਰ ਤੀਕ ਉਸ ਨੂੰ ਟੇਪ ਰੀਕਾਰਡਰ ਠੀਕ ਕਰਵਾਉਣ ਦੀ ਸੁਵਿਧਾ ਪ੍ਰਾਪਤ ਨਹੀਂ ਹੋ ਸਕਦੀ।

ਖੇਤਰ ਵਿਚ ਕੰਮ ਕਰਨ ਸੰਬੰਧੀ ਉਪਰੋਕਤ ਵਿਚਾਰ ਤੋਂ ਸਪਸ਼ਟ ਹੁੰਦਾ ਹੈ ਕਿ

(1) ਜਿਸ ਸਮਾਜਕ ਵਰਗ, ਜਾਤੀ ਜਾਂ ਕਬੀਲੇ ਦੀ ਲੋਕਧਾਰਾ ਇਕੱਠੀ ਕਰਨੀ ਹੋਵੇ, ਉਸ ਵਰਗ ਦੀ ਬਣਤਰ ਅਤੇ ਉਸ ਦੇ ਸਭਿਆਚਾਰ ਦੀ ਵਿਉਂਤ ਦਾ ਖਾਕਾ ਪੂਰੀ ਤਰ੍ਹਾਂ ਸਪੱਸ਼ਟਤਾ ਨਾਲ ਉਲੀਕਿਆ ਹੋਵੇ।

7817

(2) ਫਿਰ ਇਸ ਖ਼ਾਕੇ ਦੇ ਅੰਦਰ ਉਸ ਵਰਗ ਦੀ ਰੋਜ਼ਾਨਾ ਜ਼ਿੰਦਗੀ ਦਾ ਵਿਸਤਾਰ ਭਰਨਾ ਹੈ। ਜਿਸ ਨੂੰ ਮੈਲਨੋਵਸਕੀ ਨੇ Unponderabilia of actual life ਆਖਿਆ ਹੈ। ਉਸ ਦੇ ਨਾਲ ਹੀ ਅਸੀਂ ਆਪਣੇ ਸੂਚਕ ਦਾ ਵਤੀਰਾ ਹੀ ਨਹੀਂ, ਸਗੋਂ ਉਸ ਰਾਹੀਂ ਪੂਰੇ ਵਰਗ ਦਾ ਵਤੀਰਾ ਵੀ ਵਿਸਤਾਰ ਸਾਹਿਤ ਦੇਣਾ ਹੈ। ਇਹ ਵਤੀਰਾ ਖੋਜਕਾਰ ਦੇ ਨਿੱਜੀ ਪ੍ਰੇਖਣ ਦੇ ਆਧਾਰ ਤੇ ਹੀ ਹੋ ਸਕਦਾ ਹੈ। ਜਿਸ ਲਈ ਜ਼ਰੂਰੀ ਹੈ ਕਿ ਖੋਜਕਾਰ ਦਾ ਉਸ ਜੀਵਨ ਨਾਲ ਬਹੁਤ ਨੇੜੇ ਦਾ ਸੰਬੰਧ ਹੋਵੇ ਅਤੇ ਉਹ ਹਰ ਸਮਾਜਕ ਪ੍ਰਕ੍ਰਿਆ, ਰਸਮੋ ਰਿਵਾਜ ਆਦਿ ਬਾਰੇ ਆਪਣੀ ਡਾਇਰੀ ਵਿਚ ਨਾਲ ਨਾਲ ਨੋਟ ਲਿਖਦਾ ਰਹੇ।

(3) ਇਸ ਤਰ੍ਹਾਂ ਉਸ ਵਰਗ ਦੇ ਸਭਿਆਚਾਰ ਬਾਰੇ ਕਥਨ, ਉਨ੍ਹਾਂ ਦੀਆਂ ਵਿਸ਼ੇਸ਼ ਕਥਾਵਾਂ, ਉਨ੍ਹਾਂ ਦੀ ਪ੍ਰਤਿਨਿਧ ਭਾਸ਼ਾ, ਵਹਿਮ ਭਰਮ ਆਦਿ ਅਤੇ ਲੋਕਧਾਰਾ ਦੇ ਵੱਖ ਵੱਖ ਰੂਪਾਂ ਨੂੰ ਸਮਝਿਆ ਜਾਵੇ। ਉਸ ਵਰਗ ਦੀਆਂ ਰੁਚੀਆਂ ਦਾ ਇਹ ਪ੍ਰਮਾਣਕ ਰੂਪ ਸਮਝੀਆਂ ਜਾਣੀਆਂ ਚਾਹੀਦੀਆਂ ਹਨ।

ਉਪਰੋਕਤ ਤਿੰਨ ਵਿਧੀਆਂ ਨੂੰ ਮੁੱਖ ਰਖਦਿਆਂ ਆਪਣੇ ਅੰਤਿਮ ਮਨੋਰਥ ਵੱਲ ਵੱਧਣਾ ਚਾਹੀਦਾ ਹੈ। ਇਸ ਖੇਤਰ ਵਿਚ ਖੋਜੀ ਦਾ ਅਸਲੀ ਮਨੋਰਥ ਇਹ ਹੁੰਦਾ ਹੈ ਕਿ ਉਹ ਇਨ੍ਹਾਂ ਗੱਲਾਂ ਦਾ ਅਧਿਐਨ ਕਰੇ ਕਿ ਸੂਚਕ ਦਾ ਦ੍ਰਿਸ਼ਟੀਕੋਣ ਕੀ ਹੈ? ਉਸ ਦਾ ਜ਼ਿੰਦਗੀ ਨਾਲ ਸੰਬੰਧ ਕੀ ਹੈ? ਉਸ ਦਾ ਆਪਣੇ ਆਲੇ ਦੁਆਲੇ ਦੇ ਸੰਸਾਰ ਪ੍ਰਤੀ ਨਜ਼ਰੀਆ ਕਿਹੋ ਜਿਹਾ ਹੈ। ਲੋਕਧਾਰਾ ਸਭਿਆਚਾਰ ਦਾ ਇਕ ਭਾਗ ਹੁੰਦਾ ਹੈ: ਇਸ ਤਰ੍ਹਾਂ ਲੋਕਧਾਰਾ ਰਾਹੀਂ ਸਭਿਆਚਾਰ ਅਤੇ ਸਭਿਆਚਾਰ ਦੇ ਅਧਿਐਨ ਰਾਹੀਂ ਅਸੀਂ ਸਮੁੱਚੇ ਮਾਨਵ ਨੂੰ ਸਮਝਣ ਦਾ ਯਤਨ ਕਰਨਾ ਹੈ: ਅਸੀਂ ਇਹ ਵੀ ਅਧਿਐਨ ਕਰਨਾ ਹੈ ਕਿ ਉਸ ਦਾ ਸਭ ਤੋਂ ਨਜ਼ਦੀਕੀ ਸੰਬੰਧ ਜ਼ਿੰਦਗੀ ਦੇ ਕਿਹੜੇ ਪੱਖ ਨਾਲ ਹੈ, ਅਰਥਾਤ ਜੀਵਨ ਦੀ ਉਸ ਤੇ ਪਕੜ ਕਿਹੋ ਜਿਹੀ ਹੈ? ਵੱਖ ਵੱਖ ਸਭਿਆਚਾਰਾਂ ਵਿਚ ਵਿਸ਼ਵ ਵਿਆਪੀ ਆਧਾਰ ਹੋਣ ਦੇ ਬਾਵਜੂਦ ਹਰ ਸਭਿਆਚਾਰ ਵਿਚ ਜੀਵਨ-ਕੀਮਤਾਂ ਵਿਚ ਕੁਝ ਨ ਕੁਝ ਅੰਤਰ ਜ਼ਰੂਰ ਹੁੰਦਾ ਹੈ। ਲੋਕਾਂ ਦੇ ਜੀਵਨ ਨਿਸ਼ਾਨੇ ਵੱਖਰੇ ਵੱਖਰੇ ਹੁੰਦੇ ਹਨ। ਉਨ੍ਹਾਂ ਦੀਆਂ ਲਾਲਸਾਵਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ ਅਤੇ ਇਸ ਤਰ੍ਹਾਂ ਪ੍ਰਸੰਨਤਾ ਦਾ ਸੰਕਲਪ ਵੀ ਵੱਖਰਾ ਵੱਖਰਾ ਹੁੰਦਾ ਹੈ। ਹਰ ਸਭਿਆਚਾਰ ਵਿਚ ਕੁਝ ਵੱਖਰੀਆਂ ਸੰਸਥਾਵਾਂ ਹੁੰਦੀਆਂ ਹਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨ੍ਹਾਂ ਰਾਹੀਂ ਉਸ ਵਰਗ ਦਾ ਹਰ ਮੈਂਬਰ ਆਪਣੇ ਮੰਤਵ ਪੂਰੇ ਕਰਨ ਦਾ ਯਤਨ ਕਰਦਾ ਹੈ। ਵੱਖਰੇ ਵੱਖਰੇ ਰੀਤੀ ਰਿਵਾਜ ਹੁੰਦੇ ਹਨ, ਜਿਨ੍ਹਾਂ ਰਾਹੀਂ ਉਹ ਆਪਣੀਆਂ ਇਛਾਵਾਂ ਪੂਰੀਆਂ ਕਰਦਾ ਹੈ। ਇਸੇ ਤਰ੍ਹਾਂ ਸਮਾਜ, ਕਾਨੂੰਨ ਅਤੇ ਸਦਾਚਾਰਕ ਨਿਯਮ ਵੀ ਵੱਖਰੇ ਵੱਖਰੇ ਹੁੰਦੇ ਹਨ ਜਿਸ ਨਾਲ ਉਸ ਦੇ ਚੰਗੇ ਕੰਮਾਂ ਦੀ ਉਸਤਤ ਹੁੰਦੀ ਹੈ, ਬੁਰਾਈ ਲਈ ਸਜ਼ਾ ਮਿਲਦੀ ਹੈ। ਖੇਤਰ ਵਿਚ ਕੰਮ ਕਰਦਿਆਂ ਕਿਸੇ ਇਕ ਨਵੇਂ ਤੱਥ ਨੂੰ ਵੇਖਣ ਲੱਗ ਜਾਣਾ, ਉਸ ਦੇ ਬਾਹਰੀ ਰੂਪ ਪ੍ਰਤਿ ਹੈਰਾਨੀ ਹੋਣੀ ਅਤੇ ਫਿਰ ਉਸ ਨੂੰ ਆਪਣੇ ਯਾਦਾਂ ਦੇ ਖਜ਼ਾਨੇ ਵਿਚ ਸੰਭਾਲ ਕੇ ਰੱਖਣਾ, ਖੋਜਕਾਰ ਨੂੰ ਉਸ ਦੇ ਆਪਣੇ ਮੰਤਵਾਂ ਤੋਂ ਦੁਰੇਡੇ ਲੈ ਜਾਂਦਾ ਹੈ, ਕਿਉਂਕਿ ਉਸ ਦਾ ਅਸਲੀ ਮਨੋਰਥ ਤਾਂ ਹੁੰਦਾ ਹੈ, ਕਿਸੇ ਸਭਿਆਚਾਰ ਦੇ ਇਨ੍ਹਾਂ ਸਾਰੇ ਤੱਥਾਂ ਰਾਹੀਂ ਸਮੁੱਚੇ ਰੂਪ ਵਿਚ ਇਨ੍ਹਾਂ ਦੇ ਅੰਦਰਲੇ ਅਰਥ ਅਤੇ ਇਨ੍ਹਾਂ ਰਾਹੀਂ ਮਨੋਵਿਗਿਆਨਕ ਯਥਾਰਥ ਤੀਕ ਪਹੁੰਚੇ। ਜਿਹੜਾ ਖੋਜੀ ਕਿਸੇ ਇਕ ਗੱਲ ਨੂੰ ਲਭ ਕੇ ਆਪ ਹੈਰਾਨ ਹੁੰਦਾ ਹੈ, ਉਹ ਸਹੀ ਅਰਥਾਂ ਵਿਚ ਮਾਨਵ ਵਿਗਿਆਨੀ ਨਹੀਂ ਹੋ ਸਕਦਾ, ਕਿਉਂਕਿ ਅਸਲੀ ਮਨੋਰਥ ਤਾਂ ਸਮੁੱਚੇ ਮਨੁੱਖ ਨੂੰ ਉਸ ਦੇ ਸਭਿਆਚਾਰਕ ਪ੍ਰਸੰਗ ਵਿਚ ਸਮਝਣ ਦਾ ਹੈ।

A Select Bibliography

1 Goldstein, Kenneth S., A Guide for Field Workers in Folklore, Hatboro, Pennsylvania. 1964.

2. Hasan, Khwaja A, "On Collecting Anthropological Data in a North Indian Village," The Eastern Anthropologyist', Lucknow, 1966.

3. Junker, Buford, H., Field Work · An Introduction to the Social Sciences, Chicago 1960.

4 Malinowski, Bronislaw (1922) "On the Methods and Aims of Ethnographic Fieldwork", In Every Man his way (ed.), Alan Dundas, Prestic Hall, Inc. Englewood Cliffs, 1968.

5. Williams, Thomas Rhys, Field Methods in the Study of Culture, New York, 1967.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨਮ ਤੇ ਬਚਪਨ ਦੇ ਗੀਤ

ਪੰਜਾਬੀ ਲੋਕ ਗੀਤਾਂ ਦਾ ਆਰੰਭ ਬੱਚੇ ਦੇ ਜਨਮ ਨਾਲ ਹੀ ਹੋ ਜਾਂਦਾ ਹੈ। ਪੁੱਤਰ ਦੇ ਜਨਮ ਵੇਲੇ ਉਸ ਦਾ ਸਵਾਗਤ ਗੀਤਾਂ ਨਾਲ ਕੀਤਾ ਜਾਂਦਾ ਹੈ। ਨਵੇਂ ਜੀਅ ਦੀ ਆਮਦ ਉਤੇ ਦਾਈ ਤੋਂ ਲੈ ਕੇ ਬਾਕੀ ਸਾਰੇ ਰਿਸ਼ਤੇਦਾਰਾਂ ਨਾਲ ਸੰਬੰਧਤ ਖੁਸ਼ੀਆਂ ਤੇ ਖੇੜਿਆਂ ਨਾਲ ਭਰਪੂਰ ਗੀਤ ਪੰਜਾਬੀ ਲੋਕ ਸਾਹਿਤ ਵਿਚ ਉਪਲਬਧ ਹਨ। ਬੱਚਾ ਸਵਾ ਮਹੀਨੇ ਦਾ ਹੁੰਦਾ ਹੈ ਤਾਂ ਮਾਂ ਨੂੰ ਨੁਹਾ ਧੁਆ ਕੇ ਚੁਲ੍ਹੈ ਦੇ ਆਹਰ ਲਾ ਦਿਤਾ ਜਾਂਦਾ ਹੈ। ਛੋਟੇ ਬੱਚੇ ਨਾਲ ਘਰ ਬਾਰ ਦਾ ਸਾਰਾ ਕੰਮ ਕਰਨ ਤੇ ਬੱਚੇ ਨੂੰ ਵਰਚਾਉਣ ਤੇ ਪਾਲਣ ਪੋਸਣ ਦੇ ਵਿਚ ਲੋਕ ਗੀਤ 'ਲੋਰੀਆਂ' ਰਾਹੀਂ ਮਾਂ ਦੀ ਸਹਾਇਤਾ ਕਰਦੇ ਹਨ। ਪੰਜਾਬਣਾਂ ਨੇ ਅਨੇਕਾਂ ਮਿੱਠੀਆਂ ਮਿੱਠੀਆਂ ਲੋਰੀਆਂ ਰਚ ਲਈਆਂ ਹਨ ਜਿਨ੍ਹਾਂ ਦੀ ਲੈ ਵਿਚ ਮਸਤ ਬੱਚੇ ਖੇਡਦੇ ਖੇਡਦੇ ਸੌਂ ਜਾਂਦੇ ਹਨ। ਬੱਚਾ ਕੁਝ ਵਡੇਰਾ ਹੋ ਕੇ ਤੁਰਨ ਫਿਰਨ ਲੱਗਦਾ ਹੈ ਤਾ ਉਸ ਦੇ ਮਨੋਰੰਜਨ ਲਈ ਖੇਡਾਂ ਦੇ ਨਾਲ ਨਾਲ 'ਕਿਕਲੀਆਂ' ਤੇ 'ਥਾਲ' ਪਾਉਣ ਦੇ ਗੀਤ ਚਲ ਪੈਂਦੇ ਹਨ। ਇਨ੍ਹਾਂ ਲੋਕ ਗੀਤਾਂ ਦੀਆਂ ਕੁਝ ਵੰਨਗੀਆਂ ਪੇਸ਼ ਹਨ :

ਹੋਲਰ

(ਲੜਕੇ ਦੇ ਜਨਮ ਸਮੇਂ ਗਾਇਆ ਜਾਣ ਵਾਲਾ ਗੀਤ)

ਕੇਸਰੀਆ, ਸਰਦਾਰਾ ਵੇ ਹੋਲਰ
ਏਸ ਮੁੰਡੇ ਦੀ ਨਾਨੀ ਆਵੇਗੀ
ਟੱਪਦੀ ਆਵੇਗੀ, ਢੋਲ ਵਜਾਉਂਦੀ ਆਵੇਗੀ
ਕੇਸਰੀਆ ਸਰਦਾਰਾ...

ਏਸ ਮੁੰਡੇ ਦੀ ਦਾਦੀ ਆਵੇਗੀ।
ਪੈਸੇ ਵੰਡਦੀ ਆਵੇਗੀ, ਛਿੱਟੇ ਦਿੰਦੀ ਆਵੇਗੀ
ਕੇਸਰੀਆ ,ਸਰਦਾਰਾ...

ਏਸ ਮੁੰਡੇ ਦੀ ਮਾਸੀ ਆਵੇਗੀ
ਨੱਚਦੀ ਆਵੇਗੀ, ਉਹ ਗਾਉਂਦੀ ਆਵੇਗੀ।
ਕੇਸਰੀਆ ਸਰਦਾਰਾ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਏਸ ਮੁੰਡੇ ਦੀ ਭੂਆ ਆਵੇਗੀ
ਗਾਉਂਦੀ ਆਵੇਗੀ, ਵਜਾਉਂਦੀ ਆਵੇਗੀ
ਭਰਾ ਤੋਂ ਲੈ ਕੇ ਸੁਗਾਤਾਂ ਜਾਵੇਗੀ
ਕੇਸਰੀਆ ਸਰਦਾਰਾ...

ਭੈਣ : ਮੈਂ ਵੀਰਾ ਤੇਰੇ ਘਰ ਆਈ
ਆਈ ਵਧਾਈਆਂ ਦੇਣ
ਲੈਣੀਆਂ ਮੈਂ ਫੁਲਝੜੀਆਂ

ਵੀਰ : ਫੁਲਝੜੀਆਂ ਰਾਜਿਆਂ ਦੇ ਘਰ
ਬਾਦਸ਼ਾਹਾਂ ਦੇ ਘਰ,
ਬੀਬੀ ਸਾਡੇ ਨਾ ਫੁਲਝੜੀਆਂ

ਭਰਜਾਈ : ਗਊਆਂ ਦੇ ਵਿਚ ਗਊ ਖਰੀ
ਉਹ ਮੇਰੀ ਨਨਾਣ ਨੂੰ ਦੇਹ
ਮਹੀਆਂ ਦੇ ਵਿਚ ਬੂਰੀ ਖਰੀ
ਉਹ ਮੇਰੀ ਨਨਾਣ ਨੂੰ ਦੇਹ

ਵੀਰਨ ਨੇ ਘੋੜਾ ਬੀੜਿਆ
ਭੈਣਾਂ ਨੂੰ ਲਊਗਾ ਮਨਾ
ਥਾਲ ਭਰਿਆ ਜੱਗ ਮੋਤੀਆਂ
ਉਪਰ ਫੁਲਝੜੀਆਂ
ਲੈ ਕੇ ਬੀਬੀ ਘਰ ਚੱਲੀ
ਭਰਾਵਾਂ ਨੂੰ ਦੇ ਜਾਈਂ ਅਸੀਸ
ਸਣੇ ਪੁੱਤਾਂ ਸਣੇ ਪੋਤਿਆਂ
ਵੀਰਾ ਜੀਵੀਂ ਤੂੰ ਲੱਖ ਵਰ੍ਹੇਸ
ਦੁੱਧ ਪੀਵੀਂ, ਭਰਜਾਈਏ
ਤੇਰਾ ਅਟੱਲ ਸੁਹਾਗ

ਵੀਰਨ ਦੇ ਘਰ ਪੁੱਤ ਜੰਮਿਆ
ਚੱਲੀ ਵਧਾਈਆਂ ਦੇਣ
ਡਾਹੋ ਚੰਨਣ-ਚੌਂਕੀਆਂ ਭੈਣਾਂ ਨੂੰ ਲਓ ਬਹਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਰਿਆ ਨੀ ਮਾਏ ਹਰਿਆ ਨੀ ਭੈਣੇਂ
ਹਰਿਆ ਤੇ ਭਾਗੀਂ ਭਰਿਆ
ਜਿਤ ਦਿਹਾੜੇ ਮੇਰਾ ਹਰਿਆ ਨੀਂ ਜੰਮਿਆਂ
ਸੋਈਓ ਦਿਹਾੜਾ ਭਾਗੀਂ ਭਰਿਆ ਨੀਂ ਮਾਂ
ਜੰਮਦੜਾ ਹਰਿਆ ਪਟ ਨੀ ਵਲ੍ਹੇਟਿਆ
ਕੁੱਛੜ ਦਿਓ ਏਨ੍ਹਾਂ ਮਾਈਆਂ ।
ਮਾਈਆਂ ਤੇ ਦਾਈਆਂ, ਨਾਲੇ ਸਕੀਆਂ ਭੈਣਾਂ
ਹੋਰ ਚਾਚੇ ਤਾਏ ਦੀਆਂ ਜਾਈਆਂ
ਕੀ ਕੁਝ ਦੇਣਾ ਏਨਾਂ ਦਾਈਆਂ ਤੇ ਮਾਈਆਂ
ਕੀ ਕੁਝ ਦੇਣਾ ਸਕੀਆਂ ਭੈਣਾਂ ?
ਪੰਜ ਰੁਪਈਏ ਇਨ੍ਹਾਂ ਦਾਈਆਂ ਤੇ ਮਾਈਆਂ
ਬੂਰੀ ਤੇ ਝੋਟੀ ਸਕੀਆਂ ਭੈਣਾ ।

ਧੰਨ ਤੇਰੀ ਮਾਂ ਭਲੀ, ਵੇ ਮਹਾਰਾਜ
ਜਿਨ ਤੂੰ ਬੇਟੜਾ ਜਾਇਆ
ਧੰਨ ਤੇਰੀ ਚਾਚੀ ਭਲੀ, ਵੇ ਮਹਾਰਾਜ
ਜਿਨ ਤੇਰਾ ਕਾਜ ਰਚਾਇਆ
ਧੰਨ ਤੇਰੀ ਭੈਣ ਭਲੀ, ਵੇ ਮਹਾਰਾਜ
ਜਿਨ ਤੈਨੂੰ ਕੁੱਛੜ ਖਿਡਾਇਆ
ਧੰਨ ਤੇਰੀ ਮਾਮੀ ਭਲੀ, ਵੇ ਮਹਾਰਾਜ
ਜਿਨ ਤੇਰਾ ਸੋਹਿਲੜਾ ਗਾਇਆ ।

ਲੋਰੀਆਂ

ਸੌਂ ਜਾ ਕਾਕਾ ਤੂੰ
ਤੇਰੇ ਬੋਦੇ ਲੜ ਗਈ ਜੂੰ
ਕੱਢਣ ਵਾਲੀਆਂ ਮਾਸੀਆਂ
ਕਢਾਉਣ ਵਾਲਾ ਤੂੰ

ਨਿੱਕੜੀ ਨਿੱਕੜੀ ਨਿੱਕੜੀ
ਤੈਨੂੰ ਰਿੰਨ੍ਹ ਖਵਾਊਂ ਖਿੱਚੜੀ
ਤੈਨੂੰ ਪਕਾਅ ਦਊਂਗੀ ਦੋੜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੈਨੂੰ ਨਿਕੜੀ ਦੀਆਂ ਲੜਾਂ
ਵੇ ਜੰਮ ਜੰਮ ਜਾਈਂ ਵੀਰਾ ਸਹੁਰੇ

ਨੀ ਮੇਰਾ ਵੀਰਾ ਕਿਉਂ ਰੋਵੇ ।
ਸੋਨੇ ਦੇ ਕਟੋਰੇ ਮੂੰਹ ਧੋਵੇ
ਜਿਹਦੇ ਕੋਲ ਮੇਰੇ ਰਾਜੇ ਵੀਰ ਦੀ ਭੈਣ ਹੋਵੇ
ਨੀ ਮੇਰਾ ਵੀਰਾ ਕਿਉਂ ਰੋਵੇ ।

ਨੀ ਮੇਰਾ ਵੀਰਾ ਕਿਉਂ ਰੋਵੇ ।
ਜਿਹਦੇ ਕੋਲ ਵੀਰੇ ਦੀ ਮਾਂ ਜੀ ਹੋਵੇ ।
ਨੀ ਮੇਰਾ ਵੀਰਾ ਕਿਉਂ ਰੋਵੇ ।

ਨੀ ਸਦਕੇ ਜਾਵਾਂ ਵੀਰਾ
ਤੇਰੇ ਸਿਰ ਬੰਨ੍ਹਿਆ ਸੁਨਹਿਰੀ ਚੀਰਾ
ਤੂੰ ਤਾਂ ਲਗਦਾ ਏਂ ਮਾਣਕ ਹੀਰਾ
ਵੇ ਮੈਂ ਸਦਕੇ ਜਾਵਾਂ ਵੀਰਾ

ਗੁੱਡੀ ਮੇਰੀ ਬੀਬੀ ਰਾਣੀ
ਸੌਂ ਜਾ ਮੇਰੀ ਧੀ ਧਿਆਣੀ
ਗੁੱਡੀ ਮੇਰੀ ਬੀਬੀ ਰਾਣੀ
ਭਰ ਲਿਆਵੇ ਖੂਹੇ ਤੋਂ ਪਾਣੀ ।
ਛਮ ਛਮ ਬਰਸਿਆ ਮੀਂਹ
ਡਿਗ ਪਈ ਮੇਰੀ ਰਾਣੀ ਧੀ ।
ਗੁੱਡੀ ਮੇਰੀ ਬੀਬੀ ਰਾਣੀ
ਸੌਂ ਜਾ ਮੇਰੀ ਧੀ ਧਿਆਣੀ ।

ਵੀਰ ਆਇਆ ਦੂਰੋਂ
ਮੈਂ ਮਿੱਠਾ ਮੰਨ ਕਢਾਂ ਤੰਦੂਰੋਂ । ਊਂ ਊਂ ਊਂ
ਵੀਰ ਆਇਆ ਨ੍ਹਾ ਕੇ
ਮੈਂ ਰੋਟੀ ਦੇਂਦੀ ਆਂ ਪਾ ਕੇ । ਊਂ ਊਂ ਉਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਰ ਵੇ ਕੁੱਤਿਆ
ਢੇਨਾ ਤਲੇ ਸੁੱਤਿਆ
ਢੇਨ ਬੜੀ ਪੁਰਾਣੀ ।
ਲਾਡੋ ਬੜੀ ਸਿਆਣੀ

ਲੈ ਲਾ ਕਾਕਾ ਲੋਰੀਆਂ ਤੇਰੇ ਸ਼ਾਵਾ
ਇਹ ਲੋਰੀ ਵੇ ਤੇਰੀ ਭੂਆ ਦੁਲਾਵੇ
ਫੁੱਫੜਾ ਵੰਡੇਗਾ ਦਮਾਂ ਦੀਆਂ ਬੋਰੀਆਂ
ਵੇ ਤੇਰੇ ਸ਼ਗਨ ਮਨਾਵਾਂ ।...

ਇਹ ਲੋਰੀ ਤੇਰੀ ਮਾਸੀ ਦੁਲਾਵੇ
ਮਾਸੜ ਵੰਡੇਗਾ ਦਮਾਂ ਦੀਆਂ ਬੋਰੀਆਂ
ਵੇ ਤੇਰੇ ਸ਼ਗਨ ਮਨਾਵਾਂ ।...

ਇਹ ਲੋਰੀ ਤੇਰੀ ਮਾਮੀ ਦੁਲਾਵੇ
ਮਾਮਾ ਵੰਡੇਗਾ ਦਮਾਂ ਦੀਆਂ ਬੋਰੀਆਂ
ਵੇ ਤੇਰੇ ਸ਼ਗਨ ਮਨਾਵਾਂ ।...

ਇਹ ਲੋਰੀ ਵੇ ਤੇਰੀ ਦਾਦੀ ਦੁਲਾਵੇ
ਦਾਦਾ ਵੰਡੇਗਾ ਦਮਾਂ ਦੀਆਂ ਬੋਰੀਆਂ
ਵੇ ਤੇਰੇ ਸ਼ਗਨ ਮਨਾਵਾਂ ।...

ਇਹ ਲੋਰੀ ਵੇ ਤੇਰੀ ਮਾਤਾ ਦੁਲਾਵੇ
ਪਿਤਾ ਵੰਡੇਗਾ ਦਮਾਂ ਦੀਆਂ ਬੋਰੀਆਂ
ਵੇ ਤੇਰੇ ਸ਼ਗਨ ਮਨਾਵਾਂ ।...

ਲੋਰੀ ਲਾਲ ਨੂੰ ਦਿਆਂ, ਨੀ ਨਿੱਕੇ ਬਾਲ ਨੂੰ ਦਿਆਂ ।
ਸੋਹਣੇ ਲਾਲ ਨੂੰ ਦਿਆਂ, ਨੀ ਪਿਆਰੇ ਬਾਲ ਨੂੰ ਦਿਆਂ ।
ਗੋਦੀ ਖਿਲਾਉਂਦੇ ਨੂੰ ਦਿਆਂ, ਨੀ ਪੰਘੂੜੇ ਸੁਲਾਉਂਦੀ ਨੂੰ ਦਿਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਠਦੇ ਬਹਿੰਦੇ ਨੂੰ ਦਿਆਂ, ਨੀ ਰੋਂਦੇ ਹਸਾਉਂਦੇ ਨੂੰ ਦਿਆਂ।
ਬਾਹਰ ਜਾਂਦੇ ਨੂੰ ਦਿਆਂ, ਨੀ ਬਾਹਰੋਂ ਆਉਂਦੇ ਨੂੰ ਦਿਆਂ।

ਕਾਕੜਿਆ ਬਲਾਕੜਿਆ ਟਾਹਲੀ ਤੇਰੇ ਬੱਚੇ।
ਨਾਨਾ ਤੇਰਾ ਢੋਲ ਵਜਾਵੇ, ਨਾਨੀ ਤੇਰੀ ਨੱਚੇ।

ਗਾਨਾ ਵੀਰ ਨੂੰ ਦੇਨੀਆਂ, ਕੌਡੀ ਸੁੱਟ ਗਿਆ,
ਮੋੜੋ ਮੋੜੋ ਸਹੇਲੀਓ, ਮੋੜੋ ਰਾਜੇ ਦੀਓ ਬੇਟੀਓ, ਵੀਰਾ ਰੁੱਸ ਗਿਆ।
ਵੀਰ ਪੱਤ ਅਨਾਰ ਦਾ; ਸੁਹਣਾ ਫੁਲ ਗੁਲਾਬ ਦਾ, ਬਾਗ਼ ਖਿੜ ਰਿਹਾ।
ਚੀਰਾ ਵੀਰੇ ਨੂੰ ਦੇਨੀਆਂ, ਕਲਗੀ ਸੁੱਟ ਗਿਆ...
ਜਿਹਰਾ ਵੀਰੇ ਨੂੰ ਦੇਨੀਆਂ, ਕਲੀਆਂ ਸੁੱਟ ਗਿਆ।...
ਜੋੜਾ ਵੀਰੇ ਨੂੰ ਦੇਨੀਆਂ, ਬਟਨ ਸੁੱਟ ਗਿਆ।...

ਆਪਣੇ ਵੀਰੇ ਤੋਂ ਕੀ ਕੁਝ ਵਾਰਾਂ, ਜੋ ਵਾਰਾਂ ਸੋ ਥੋੜ੍ਹਾ ਏ।
ਪੰਜ ਰੁਪਈਏ ਗਿਣ ਗਿਣ ਵਾਰਾਂ, ਸੱਠ ਦਾ ਭਾਨ ਬਥੇਰਾ ਏ।
ਨਾਲ ਵੀਰੇ ਦੇ ਬਾਬਲ ਸੋਹਵੇ ਮਾਏ ਦਾ ਚਮਕਾਰਾ ਏ।..
ਨਾਲ ਵੀਰੇ ਦੇ ਚਾਚਾ ਸੋਹਵੇ, ਚਾਚੀ ਦਾ ਚਮਕਾਰਾ ਏ।...
ਨਾਲ ਵੀਰੇ ਦੇ ਵੀਰਾ ਸੋਹਵੇ, ਭਾਬੀ ਦਾ ਚਮਕਾਰਾ ਏ।...
ਨਾਲ ਵੀਰੇ ਦੇ ਮਾਮਾ ਸੋਹਵੇ, ਮਾਮੀ ਦਾ ਚਮਕਾਰਾ ਏ।

ਕਿਕਲੀਆਂ

ਕਿਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ
ਫਿਟੇ ਮੂੰਹ ਜਵਾਈ ਦਾ
ਵੀਰ ਮੇਰਾ ਆਵੇਗਾ
ਭਾਬੋ ਨੂੰ ਲਿਆਵੇਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹੇਲੀਆਂ ਸਦਾਵਾਂਗੇ
ਨੱਚਾਂਗੇ ਤੇ ਗਾਵਾਂਗੇ ।

ਵੇ ਤੋਤੜਿਆ, ਤੋਤਾ ਸਿਕੰਦਰ ਦਾ
ਪਾਣੀ ਪੀਵੇ ਸਮੁੰਦਰ ਦਾ, ਕੰਮ ਕਰੇ ਦੁਪਹਿਰਾਂ ਦਾ
ਚਿਟੀ ਚਾਦਰ ਕਾਕੇ ਦੀ, ਕਾਲੀਆਂ ਵਾਲੇ ਕਾਕੇ ਦੀ,
ਕਾਕੜਾ ਖਿਡਾਨੀਆਂ, ਚਾਰ ਛਲੇ ਪਾਨੀਆਂ
ਇਕ ਛੱਲਾ ਰਹਿ ਗਿਆ, ਸਿਪਾਹੀ ਫੜਕੇ ਲੈ ਗਿਆ ।

ਗਈ ਸਾਂ ਮੈਂ ਗੰਗਾ
ਚੜ੍ਹਾ ਲਿਆਈ ਵੰਗਾਂ
'ਸਮਾਨੀ ਮੇਰਾ ਘੱਗਰਾ
ਮੈਂ ਕਿਹੜੀ ਕਿੱਲੀ ਟੰਗਾਂ
ਨੀ ਮੈਂ ਏਸ ਕਿੱਲੀ ਟੰਗਾਂ
ਨੀ ਮੈਂ ਓਸ ਕਿੱਲੀ ਟੰਗਾਂ ।

ਛੀ ਛਾਂ ਜੀਵੇ ਮਾਂ
ਖਖੜੀਆਂ ਖਰਬੂਜੇ ਖਾਂ
ਖਾਂਦੀ ਖਾਂਦੀ ਕਾਬਲ ਜਾਂ
ਕਾਬਲੋਂ ਆਂਦੀ ਗੋਰੀ ਗਾਂ
ਗੋਰੀ ਗਾਂ ਗੁਲਾਬੀ ਵੱਛਾ
ਮਾਰੇ ਸਿੰਗ ਤੁੜਾਵੇ ਰੱਸਾ

ਉਖਲੀ 'ਚ ਡੋਲੇ ਵੀਰ ਮੇਰਾ ਖੇਲੇ ।
ਉਖਲੀ 'ਚ ਦੂੰਣਾ ਵੀਰ ਮੇਰਾ ਸੋਹਣਾ
ਥਾਲੀ 'ਚ ਮਣਕੇ ਗੁੱਤ ਮੇਰੀ ਛਣਕੇ

ਏਧਰ ਪਾਈਆਂ ਲਕੜੀਆਂ ਤੇ ਏਧਰ ਪਾਇਆ ਤੇਲ
ਭਾਬੋ ਗੁੱਡੀਆਂ ਦੀ ਖੇਲ ਭਾਬੋ ਗੁੱਡੀਆਂ ਦੀ ਖੇਲ
ਹੋ ਹੋ ਲਾਲ ਨਸੂੜਾ, ਹੋ ਹੋ ਲਾਲ ਨਸੂੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਬੇ ਨੀ ਅੰਬੇ ਮੇਰੇ ਸਤ ਭਰਾ ਮੰਗੇ
ਇਕ ਭਰਾ ਕੁਆਰਾ, ਉਹ ਟੈਨਸ ਖੇਡਣ ਵਾਲਾ
ਉਹ ਟੈਨਸ ਕਿਥੇ ਖੇਲੇ, ਉਹ ਲਾਹੌਰ ਸ਼ਹਿਰ ਖੇਲੇ
ਲਾਹੌਰ ਸ਼ਹਿਰ ਉੱਚਾ, ਮੈਂ ਮੰਨ ਪਕਾਵਾਂ ਸੁੱਚਾ
ਮੇਰੇ ਮੰਨ ਨੂੰ ਲਗੇ ਮੋਤੀ, ਮੈਂ ਬਾਗ਼ਾਂ ਵਿਚ ਖਲੋਤੀ
ਮੈਂ ਗਈ ਸਾਂ ਗੰਗਾ, ਉਥੋਂ ਚੜ੍ਹਾ ਲਿਆਈ ਵੰਗਾਂ
ਸੱਸ ਨੂੰ ਵਿਖਾਉਣ ਲੱਗੀ, ਸਹੁਰੇ ਕੋਲੋਂ ਸੰਗਾਂ
ਲਾਲ ਮੇਰਾ ਘੱਗਰਾ ਮੈਂ ਕਿਹੜੀ ਕਿੱਲੀ ਟੰਗਾਂ
ਨੀ ਮੈਂ ਕਿਹੜੀ ਕਿੱਲੀ ਟੰਗਾਂ
ਨੀ ਮੈਂ ਕਿਹੜੀ ਕਿੱਲੀ ਟੰਗਾਂ ।

ਪਿੱਤਲ ਦੀ ਪਰਾਤ ਪਾਣੀ ਗੰਗ ਦਾ
ਮੈਂ ਬਗਾਨੀ ਧੀ ਮੁੰਡਾ ਸੰਗਦਾ
ਸੋਨੇ ਦਾ ਤਵੀਤ ਕੁੰਡਾ ਵੱਲ ਕਰ
ਮੈਂ ਬਿਗਾਨੀ ਧੀ ਵੇ ਤੂੰ ਗੱਲ ਕਰ
ਰੂੜੀ ਉਤੇ ਅੰਬ ਨੀ ਪੁਟ ਆਈ
ਅਗੇ ਮੇਰੀ ਸੱਸ ਤੇ ਕੁਟ ਆਈ
ਗਾਗਰ ਭਰੀ ਅਨਾਰਾਂ ਦੀ
ਵੀਰ ਮੇਰਾ ਵਿਆਹੁਣ ਚੱਲਿਆ
ਜੰਞ ਗਈ ਸਰਦਾਰਾਂ ਦੀ
ਡੱਬੀ ਵਿਚ ਸੋਏ
ਸੱਸ ਮੇਰੀ ਨੂੰ ਕੁੱਤੇ ਪਏ
ਬੜੇ ਤਮਾਸ਼ੇ ਹੋਏ ।

ਥਾਲ

ਪੀਂਘਾਂ ਪਈਆਂ ਉੱਚੀਆਂ
ਨਣਾਨਾਂ ਮੇਰੀਆਂ ਚੁੱਚੀਆਂ
ਨਣਾਨਵਈਆ ਕਾਣਾ
ਉਸੇ ਹੱਟੀ ਜਾਣਾ
ਗਰੀ ਛੁਹਾਰਾ ਖਾਣਾ
ਗਰੀ ਛੁਹਾਰਾ ਮਿੱਠਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਵੀਰ ਦਾ ਮੂੰਹ ਡਿੱਠਾ
ਆਲ ਬੀਬਾ ਆਲ, ਮੇਰਾ ਪੂਰਾ ਹੋਇਆ ਥਾਲ

ਮਾਂ ਮਾਂ ਗੁੱਤ ਕਰ, ਧੀਏ ਭੈਣੇ ਚੁੱਪ ਕਰ
ਮਾਂ ਮਾਂ ਵਿਆਹ ਕਰ, ਧੀਏ ਭੈਣੇ ਰਾਹ ਕਰ
ਮਾਂ ਮਾਂ ਜੰਵ ਆਈ, ਧੀਏ ਭੈਣੇ ਕਿਥੋਂ ਆਈ
ਆਈ ਪਿਪਲ ਦੇ ਹੇਠ, ਨਾਲੇ ਸਹੁਰਾ ਨਾਲੇ ਜੇਠ
ਨਾਲੇ ਮਾਂ ਦਾ ਜਵਾਈ, ਖਾਂਦਾ ਦੁੱਧ ਤੇ ਮਲਾਈ
ਸੌਂਦਾ ਲੇਫ਼ ਤੇ ਤੁਲਾਈ

ਮੁੰਡੇ ਖੇਡਣ ਗੁਲੀ ਡੰਡਾ
ਕੁੜੀਆਂ ਗੀਤ ਗਾਂਦੀਆਂ ।
ਮਰਦ ਕਰਨ ਲੇਖਾ-ਪੱਤਾ,
ਰੰਨਾਂ ਘਰ ਵਸਾਂਦੀਆਂ ।
ਆਲ ਮਾਲ ਹੋਇਆ ਥਾਲ,
ਕੁੜੀਏ ਥਾਲ ਈ !
ਭੈੜਾ ਰੁਸ ਰੁਸ ਜਾਂਦਾ, ਮੈਨੂੰ ਸ਼ਰਮ ਪਿਆ ਆਂਦਾ
ਆਲ ਮਾਲ ਹੋਇਆ ਥਾਲ ।

ਮੇਰੀ ਗੇਂਦ ਉਤੇ, ਜਾ ਪਈ ਕੋਠੇ
ਕੋਠੇ ਉਤੇ ਮੰਨਾਂ, ਵੀਰ ਮੇਰਾ ਲੰਮਾ
ਭਾਬੋ ਮੇਰੀ ਪਤਲੀ ਉਹਦੇ ਨੱਕ ਮਛਲੀ
ਮਛਲੀ ਤੇ ਮੈਂ ਨਹਾਉਣ ਚਲੇ, ਮਛਲੀ ਆ ਗਈ ਹੇਠ
ਮਛਲੀ ਦੇ ਦੋ ਮਾਮੇ ਆਏ, ਨਾਲੇ ਆਇਆ ਜੇਠ
ਜੇਠ ਦੀ ਮੈਂ ਰੋਟੀ ਪੱਕੀ, ਨਾਲ ਰਿਧੀਆਂ ਸੇਵੀਆਂ
ਰੱਬ ਅਸਾਂ ਨੂੰ ਭਾਗ ਲਾਇਆ
ਵੀਰਾਂ ਦੀਆਂ ਜੋੜੀਆਂ
ਆਲ ਬੀਬਾ ਆਲ, ਮੇਰਾ ਪੂਰਾ ਹੋਇਆ ਥਾਲ ।

ਕੋਠੇ ਉਤੇ ਗੰਨਾ, ਵੀਰ ਮੇਰਾ ਲੰਮਾ
ਭਾਬੋ ਮੇਰੀ ਪਤਲੀ, ਨੱਕ ਜਿਦ੍ਹੇ ਮਛਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਛਲੀ ਤੇ ਮੈਂ ਨਹਾਉਣ ਚਲੀਆਂ, ਲੁੰਡੇ ਪਿੱਪਲ ਹੇਠ,
ਲੁੰਡਾ ਪਿੱਪਲ ਢਹਿ ਪਿਆ, ਮਛਲੀ ਆ ਗਈ ਹੇਠ
ਮਛਲੀ ਦੇ ਦੋ ਮਾਮੇ ਆਏ, ਮੇਰਾ ਆਇਆ ਜੇਠ
ਜੇਠ ਦੀ ਮੈਂ ਰੋਟੀ ਪੱਕੀ, ਨਾਲ ਰਿਧੀਆਂ ਤੋਰੀਆਂ
ਜੀਉਣ ਭਰਾਵਾਂ ਦੀਆਂ ਜੋੜੀਆਂ
ਆਲ ਮਾਲ ਹੋਇਆ ਪੂਰਾ ਥਾਲ ।

ਪਹਿਲਾ ਥਾਲ ਹਸਪਤਾਲ
ਭਾਬੋ ਮੇਰੀ ਦੇ ਲੰਬੇ ਵਾਲ
ਵੀਰ ਮੇਰਾ ਸ਼ਾਹੂਕਾਰ
ਸ਼ਾਹੂਕਾਰ ਨੇ ਖੂਹ ਬਣਾਇਆ
ਹੇਠਾਂ ਪਾਣੀ ਰਿੜ੍ਹਦਾ ਆਇਆ
ਰਿੜ੍ਹ ਰਿੜ੍ਹ ਪਾਣੀਆਂ
ਸੁਰਮੇਂ ਦਾਣੀਆਂ
ਸੁਰਮਾਂ ਪਾਵਾਂ, ਕਜਲਾ ਪਾਵਾਂ
ਸਤਾਂ ਨੂੰ ਬੁਲੋਨੀਆਂ
ਚੰਨ ਜੀ ਦੇ ਕਪੜੇ
ਸਾਬਣ ਨਾਲ ਧੋਨੀਆਂ
ਆਲ ਬੀਬਾ ਆਲ

ਮੇਰਾ ਪੂਰਾ ਹੋਇਆ ਥਾਲ ।
ਮਾਂ ਮੇਰੀ ਰਾਣੀ ਪਿਓ ਮੇਰਾ ਰਾਜਾ

ਸੋਨੇ ਦੀਆਂ ਪਉੜੀਆਂ ਚਾਂਦੀ ਦਾ ਦਰਵਾਜ਼ਾ ।
ਪਹਿਲਾ ਥਾਲ ਪਾ ਕੇ, ਮੈਂ ਬੈਠੀ ਮੂੜ੍ਹਾ ਡਾਹਕੇ
ਵੀਰ ਆਇਆ ਨ੍ਹਾ ਕੇ, ਮੈਂ ਰੋਟੀ ਦਿਤੀ ਪਾ ਕੇ,
ਵੀਰ ਖਾਣੀ ਊ ਤੇ ਖਾ, ਨਹੀਂ ਤੇ ਨੌਕਰੀ ਤੇ ਜਾ
ਆਲ ਮਾਲ ਹੋਇਆ ਪੂਰਾ ਥਾਲ ।

ਦੂਜਾ ਥਾਲ ਪਾ ਕੇ
ਬੈਠੀ ਮੂੜ੍ਹਾ ਡਾਹ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀਰ ਆਇਆ ਨ੍ਹਾ ਕੇ
ਰੋਟੀ ਦਿਤੀ ਪਾ ਕੇ
ਆਂਦਿਆ ਵੇ ਜਾਂਦਿਆ
ਭੂਰੇ ਵਾਲੇ ਵੀਰਾਂ
ਸੋਨੇ ਦਾ ਮੈਂ ਹੱਸ ਘੜਾਇਆ
ਚਾਂਦੀ ਦਾ ਕਲ੍ਹੀਰਾ
ਮੇਰਾ ਪੂਰਾ ਹੋਇਆ ਥਾਲ ।

ਨਨਾਣੇ ਨੀ ਨਨਾਣੇ
ਤੇਰੇ ਭੇਡ ਜਿੰਨੇ ਆਨੇ
ਨੀ ਬਘਿਆੜ ਜਿੱਡਾ ਮੂੰਹ
ਨੀ ਤੂੰ ਕਿਸ ਚੰਦਰੇ ਦੀ ਨੂੰਹ,
ਕੁੜੀਏ ਥਾਲ ਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਕੇ ਸਹੁਰੇ

ਪੰਜਾਬੀ ਲੋਕ ਗੀਤਾਂ ਵਿਚ ਪੇਕਾ ਤੇ ਸਹੁਰਾ ਘਰ ਤੇ ਸੰਬੰਧੀਆਂ ਬਾਰੇ ਅਨੇਕਾਂ ਗੀਤ ਮਿਲਦੇ ਹਨ। ਪੰਜਾਬ ਵਿਚ ਪਿਓ ਧੀ, ਮਾਂ ਧੀ, ਜੀਜਾ ਸਾਲੀ, ਭੈਣ ਭਰਾ, ਨਣਾਨ ਭਰਜਾਈ, ਨੂੰਹ ਸੱਸ, ਪਤੀ ਪਤਨੀ, ਜੇਠ ਜਠਾਣੀ, ਨੂੰਹ ਸਹੁਰਾ ਆਦਿ ਰਿਸ਼ਤਿਆਂ ਤੇ ਪੰਜਾਬੀ ਦੇ ਦੈਨਿਕ ਜੀਵਨ ਸਬੰਧੀ ਬਹੁਤ ਸਾਰੇ ਗੀਤ ਗਾਏ ਜਾਂਦੇ ਹਨ। ਮੁਟਿਆਰ ਕੁੜੀਆਂ ਤੇ ਵਹੁਟੀਆਂ ਘਰ ਤੋਂ ਬਾਹਰ ਨਿਕਲ ਕੇ ਨਿਵੇਕਲੀ ਜਹੀ ਥਾਂ ਉਤੇ ਜਾ ਕੇ ਗਿੱਧਾ ਪਾਉਂਦੀਆਂ, ਗੀਤ ਗਾਉਂਦੀਆਂ ਤੇ ਨੱਚਦੀਆਂ ਹਨ। ਉਹ ਸੁਹਣੇ ਵਰ ਟੋਲਣ ਬਾਰੇ, ਅਨਜੋੜ ਮੰਗੇਤਰ ਬਾਰੇ, ਸਹੁਰੇ ਬੈਠੀਆਂ ਨੂੰ ਵੀਰਾਂ ਭਰਾਵਾਂ ਦੀ ਯਾਦ, ਪਰਦੇਸ ਗਏ ਪ੍ਰੀਤਮ ਦੀ ਯਾਦ, ਮਾਂ ਦੇ ਕਰਾਏ ਲਾਡ ਪਿਆਰ ਦੀ ਯਾਦ, ਸੱਸ ਸਹੁਰੇ ਦੀ ਸਖਤੀ ਤੇ ਗਿੱਲੇ ਸ਼ਿਕਵੇ, ਆਦਿ ਅਨੇਕਾਂ ਪੱਖਾਂ ਉਤੇ ਗੀਤ ਗਾਉਂਦੀਆਂ ਹਨ। ਜੀਜਾ ਸਾਲੀ, ਜੇਠ ਜਠਾਣੀ, ਨਣਾਨ ਭਰਜਾਈ ਆਦਿ ਰਿਸ਼ਤਿਆਂ ਦੇ ਗੀਤਾਂ ਦਾ ਤਾਂ ਪੰਜਾਬੀ ਲੋਕ ਜੀਵਨ ਵਿਚ ਵੱਖਰਾ ਹੀ ਸਥਾਨ ਹੈ।

ਗੋਰੀ ਗੋਰੀ ਗਾਂ ਧੜੀ ਦਾ ਲੇਵਾ
ਮਾਪੇ ਵੇ ਕਰੁੱਤ ਦਾ ਮੇਵਾ।

ਆ ਬੀਬੀ ਨਣਦੇ ਜਾਹ ਬੀਬੀ ਨਣਦੇ
ਲੱਗਣ ਘਰਾਂ ਦੇ ਭਾਗ ਬੀਬੀ ਨਣਦੇ।

ਸੁਰਮਾਂ ਨੌਂ ਰਤੀਆਂ
ਪਾਉਂਦੀ ਤੋਂ ਆ ਗਿਆ ਤਾਇਆ
ਰੋ ਰੋ ਕੱਢ ਸੁੱਟਿਆ
ਕਿਹੜੇ ਸ਼ੌਕ ਨੂੰ ਪਾਇਆ।

ਸੁਣ ਨੀ ਚਾਚੀ ਸੁਣ ਨੀ ਤਾਈ।
ਸੁਣ ਵੱਡੀਏ ਭਰਜਾਈਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੰਗ ਦੇ ਕਾਲੇ ਨੂੰ
ਮੁਕਸਰ ਪੁੰਨ ਕਰ ਆਈਏ ।

ਰੰਗ ਮਹਿੰਦੀ
ਧੀਆਂ ਤੋਰ ਕੇ ਮਾਏ
ਕੌਲੇ ਲੱਗ ਬਹਿੰਦੀ ।

ਤ੍ਰਿੰਜਣਾਂ ਦੇ ਵਿਚ ਕੱਤਣ ਸਹੇਲੀਆਂ
ਗੁਡੀਆਂ ਨਾਲ ਗੁਡੀਆਂ ਜੋੜ
ਹੁਣ ਕਿਉਂ ਮਾਂ ਰੋਵੇਂ
ਧੀ ਨੂੰ ਸਹੁਰੀਂ ਤੋਰ ।

ਸੜਕਾਂ
ਨੀ ਮਾਂ ਮੈਨੂੰ ਤੋਰੀਂ ਨਾ
ਕਢ ਲੈ ਜਵਾਈ ਦੀਆਂ ਰੜਕਾਂ

ਚਿੱਟੀ ਚਿੱਟੀ ਚਾਦਰ ਤੇ ਫੁਲ ਦਰਿਆਈ ਦਾ
ਤੋਰ ਦੇ ਮਾਏ ਨੀ ਮੁੰਡਾ ਹੋਰ ਥਾਂ ਵਿਆਹੀ ਦਾ ।

ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚਲੀਆਂ ਸਰਦਾਰੀ ।

ਜਿਸ ਘਰ ਜੰਮੀ ਧੀ ਵੇ ਬਾਬਲਾ
ਸੋਚੀਂ ਪੈਗੇ ਜੀ ਵੇ ਬਾਬਲਾ

ਜਿਸ ਘਰ ਜਨਮਿਆ ਪੁਤ ਵੇ ਬਾਬਲਾ
ਮਾਰ ਨਗਾਰਾ ਢੁੱਕ ਵੇ ਬਾਬਲਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਧੀ ਵੇ ਸਰੂ ਦੇ ਕੱਦ ਵਰਗੀ
ਜਾਹ ਜਾ ਕੇ ਵਰ ਟੋਲ ਲੈ ।

ਬਾਰਾਂ ਬਰਸਾਂ ਦੀ ਹੋ ਗਈ ਜੈ ਕੁਰੇ
ਸਾਲ ਤੇਰ੍ਹਵਾਂ ਚੜ੍ਹਿਆ
ਘੁੰਮ ਘੁੰਮਾ ਕੇ ਚੜ੍ਹੀ ਜਵਾਨੀ,
ਨਾਗ ਇਸ਼ਕ ਦਾ ਲੜਿਆ
ਬਾਪ ਉਹਦੇ ਨੇ ਅੱਖ ਪਛਾਣੀ
ਘਰ ਪੰਡਤਾਂ ਦੇ ਵੜਿਆ
ਆਖੇ ਪੰਡਤਾ ਖੋਲ੍ਹ ਪੱਤਰੀ
ਦਾਨ ਦਿਊਂ ਜੋ ਸਰਿਆ
ਮਿੱਤਰਾਂ ਨੂੰ ਸੋਚ ਪਈ
ਵਿਆਹ ਬੰਤੀ ਦਾ ਧਰਿਆ

ਬਾਬਲ ਇਕ ਮੇਰਾ ਕਹਿਣਾ ਕੀਜੀਏ
ਮੈਨੂੰ ਰਾਮ ਰਤਨ ਵਰ ਦੀਜੀਏ
ਬੇਟੀ ! ਲੈ ਆਂਦਾ ਮੈਂ ਵਰ ਟੋਲ ਕੇ
ਜਿਉਂ ਰੰਗ ਕਸੁੰਭਾ ਘੋਲ ਕੇ
ਬਾਬਲਾ ! ਇਕ ਮੈਨੂੰ ਪਛੋਤਾਵਾ ਬੜਾ ਈ
ਮੈਂ ਆਪ ਗੋਰੀ ਵਰ ਸੌਲਾ ਈ ।

ਬੱਗੇ ਵਾਲ ਨੀ ਦਾਹੜੀ ਦੇ ਹੋ ਗਏ
ਧੀ ਮੁਟਿਆਰ ਹੋ ਗਈ ।

ਧੀਆਂ ਹੁੰਦੀਆਂ ਨੇ ਦੌਲਤਾਂ ਬੇਗਾਨੀਆਂ
ਹੱਸ ਹੱਸ ਤੋਰੀਂ ਬਾਬਲਾ ।

ਬਾਪੂ ਤੇਰੇ ਮਹਿਲਾਂ ਦੇ
ਉਡ ਜਾਣਗੇ ਕਬੂਤਰ ਗੋਲੇ ।

ਨਹੀਂ ਬਾਪੂ ਮੈਂ ਮਰ ਜਾਂ
ਨਹੀਂ ਤੇ ਮਰ ਜੇ ਕੁੜਮਣੀ ਤੇਰੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਉ ਂਦੀ ਜਾਨ ਤੋਂ ਦੇਣਦਾਰੀ ਲਾਹ ਜਾ
ਲਾਵਾਂ ਦੇ ਕੇ ਚਾਰ ਬਾਬਲਾ ।

ਮੁੰਡਾ ਪੰਝੀਆਂ ਪਿੰਡਾਂ ਦਾ ਪਟਵਾਰੀ
ਅਗੋਂ ਤੇਰੇ ਭਾਗ ਬੱਚੀਏ ।

ਬਾਗ ਮੈਂ ਲਵਾਇਆ ਬਗੀਚਾ ਲਵਾਇਆ
ਵਿਚ ਮੈਂ ਲਵਾ ਲਈ ਗੋਭੀ
ਜੋੜੀ ਨਾ ਬਣਾਈ ਬਾਬਲਾ
ਵੇ ਤੂੰ ਹੋ ਗਿਉਂ ਦੰਮਾਂ ਦਾ ਲੋਭੀ ।

ਪੁੱਤ ਵੱਡਿਆਂ ਘਰਾਂ ਦੇ ਕਾਲੇ
ਵੇਖੀਂ ਧੀਏ ਨਿੰਦ ਨਾ ਦੇਈਂ ।

ਉਖਲੀ ਭਰਾਈ ਬਾਬਲਾ
ਮੇਰੇ ਰੂਪ ਦੀ ਪਰਖ ਨਾ ਕੀਤੀ ।

ਭਾਵੇਂ ਹੋਵੇ ਕੰਬਲੀ ਤੋਂ ਕਾਲਾ
ਨਿੰਦੀਏ ਨਾ ਮਾਲਕ ਨੂੰ ।

ਮੈਥੋਂ ਹਾਇ ਨਿੰਦਿਆ ਨਾ ਜਾਏ
ਤੇਰਾ ਵੇ ਸਹੇੜ ਬਾਬਲਾ ।

ਸਾਨੂੰ ਬਾਬਲ ਦਿੱਤਾ ਵਰ ਟੋਲ ਕੇ
ਦਿਤਾ ਫੁੱਲ ਗੁਲਾਬੀ ਤੋੜ ਕੇ ।

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ
ਬਾਪੂ ਦੇ ਪਸੰਦ ਆ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁੱਤੀ ਪਈ ਦੇ ਸਰਹਾਣੇ ਰਿੱਛ ਬੰਨ੍ਹਿਆ
ਪੰਜ ਸੌ ਗਿਣਾ ਕੇ ਮਾਪਿਆਂ ।

ਬਾਬਲ ਨੇ ਵਰ ਟੋਲਿਆ
ਮੇਰੀ ਗੁੱਤ ਦੇ ਪਰਾਂਦੇ ਨਾਲੋਂ ਛੋਟਾ ।

ਸਰਨਾ ਰੰਗ ਕਾਲੇ ਦਾ
ਗੱਡ ਦੇ ਖੇਤ ਵਿਚ ਡਰਨਾ ।

ਬਾਪੂ ਤੇਰੇ ਕੁੜਮਾਂ ਨੇ
ਤੇਰੇ ਦਾਜ ਦੀ ਕਦਰ ਨਾ ਪਾਈ ।

ਮਾਏ ਨੀ ਤੇਰੇ ਕੁੜਮਾਂ ਨੇ
ਗੋਰੇ ਰੰਗ ਦੀ ਕਦਰ ਨਾ ਪਾਈ ।

ਬਾਬਲ ਮੇਰੇ ਕੰਤ ਸਹੇੜਿਆ
ਰੰਗ ਤਵੇ ਤੋਂ ਕਾਲਾ
ਕੁੜੀਆਂ ਮੈਨੂੰ ਮਾਰਨ ਮੇਹਣੇ
ਔਹ ਤੇਰੇ ਘਰ ਵਾਲਾ
ਮੇਹਣੇ ਸੁਣਕੇ ਮੈਂ ਇਉਂ ਹੋ ਜਾਂਦੀ
ਜਿਉਂ ਅਹਿਰਣ ਵਿਚ ਫਾਲਾ
ਮਾਏ ਤੇਰੇ ਮੰਦਰਾਂ 'ਚੋਂ
ਮੈਨੂੰ ਮਿਲ ਗਿਆ ਦੇਸ਼ ਨਿਕਾਲਾ ।

ਸੁਣ ਵੇ ਚਾਚਾ, ਸੁਣ ਵੇ ਤਾਇਆ
ਸੁਣ ਵੇ ਬਾਬਲਾ ਲੋਭੀ
ਮੇਰੀ ਸੋਹਲ ਜਿਹੀ ਜਿੰਦੜੀ
ਚੰਦਰੇ ਦੇਸ਼ ਕਿਉਂ ਡੋਬੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਲਾ ਵੇ ਸੁਣ ਬਾਬਲਾ ਵੇ
ਜੋੜੀ ਜੋੜ ਕੇ ਜੋੜ ਨਾ ਜੋੜਿਓ ਈ
ਇਕ ਵਰ ਛੋਟਾ ਦੂਜਾ ਰੰਗ ਕਾਲਾ
ਕੰਡਾ ਫੁਲ ਦੇ ਨਾਲ ਚਮੋੜਿਓ ਈ ।

ਛੋਟੇ ਨਾਲ ਨਾ ਵਿਆਹੀਂ ਬਾਬਲਾ
ਛੋਟਾ ਵਰ ਸ਼ੁਦਾਈ
ਡੰਗਰਾਂ ਦੇ ਵਿੱਚ ਮੰਜਾ ਡਾਹੇ
ਬੜੇ ਜੇਠ ਦਾ ਭਾਈ
ਬਾਕੀ ਪੀਂਦੇ ਬੰਦ ਬੋਤਲਾਂ
ਉਹਨੂੰ ਦੇਣ ਸ਼ਰਦਾਈ
ਲੇਫ਼ ਤੁਲਾਂਈਆਂ ਆਪ ਲੈ ਲੈਂਦੇ
ਉਹਨੂੰ ਪਾਟੀ ਰਜਾਈ
ਮੈਨੂੰ ਘਰ ਛੋਟੇ ਦੇ ਕੈਦ ਕੱਟਣੀ ਆਈ ।

ਜਿੱਥੇ ਲਿੱਪਣੇ ਨਾ ਪੈਣ ਬਨੇਰੇ
ਉਹ ਘਰ ਟੋਲੀਂ ਬਾਬਲਾ ।

ਹਾਲੀ ਨੂੰ ਨਾ ਦੇਈਂ ਵੇ ਬਾਬਲਾ
ਨੌਕਰ ਪੁੱਤ ਬਥੇਰੇ
ਹਾਲੀ ਨੇ ਤਾਂ ਚੱਕ ਲੀ ਪਰਾਣੀ
ਹੋ ਗਿਆ ਬਲਦਾਂ ਦੇ ਨੇੜੇ
ਮੈਂ ਤੈਨੂੰ ਵਰਜ ਰਹੀ
ਦੇਈਂ ਨਾ ਬਾਬਲਾ ਫੇਰੇ ।

ਕਾਲਾ ਭੂੰਡ ਨਾ ਸਹੇੜੀਂ ਬਾਬਲਾ
ਘਰ ਦਾ ਮਾਲ ਡਰੂ ।

ਭਰੇ ਤ੍ਰਿੰਜਣ 'ਚ ਭੈਣ ਵੀਰ ਦੀ
ਬੈਠੀ ਚਰਖਾ ਡਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਰਖਾ ਕਤਿਆ ਨਾ ਜਾਏ
ਮਾਹਲ ਡਿਗ ਡਿਗ ਜਾਏ
ਪੂਣੀ ਖੁੱਸ ਖੁੱਸ ਜਾਏ
ਕੀ ਹੋਇਆ ਏ ਮਾਏ
ਸਾਨੂੰ ਪਤਾ ਨਹੀਂ ਹਾਏ ।

ਧਾਵੇ ਧਾਵੇ ਧਾਵੇ
ਡੰਡੀਆਂ ਘੜਾ ਦੇ ਮਿੱਤਰਾ
ਜੀਹਦੇ ਵਿਚ ਦੀ ਮੁਲਕ ਲੰਘ ਜਾਵੇ
ਸੋਨੇ ਦਾ ਭਾਅ ਸੁਣਕੇ
ਮੁੰਡਾ ਚਾਦਰਾਂ ਝਾੜਦਾ ਆਵੇ
ਜੰਨ ਘੁਮਿਆਰਾਂ ਦੀ
ਵਿਚ ਗਧਾ ਹਿਣਕਦਾ ਆਵੇ
ਗਧੇ ਤੋਂ ਘੁਮਿਆਰੀ ਡਿੱਗ ਪਈ
ਮੇਰਾ ਹਾਸਾ ਨਿਕਲਦਾ ਜਾਵੇ
ਭੈਣਾਂ ਵੀਰ ਬਿਨਾਂ
ਫੁੱਲ ਵਾਂਗੂੰ ਕੁਮਲਾਵੇ ।

ਵੀਰ ਮੇਰੇ ਨੇ ਕੁੜਤੀ ਦਿਤੀ ਭਾਬੋ ਨੇ ਫੁਲਕਾਰੀ
ਨੀ ਜੱਗ ਜੀ ਭਾਬੋ ਲਗੇ ਵੀਰ ਤੋਂ ਪਿਆਰੀ ।

ਚੱਕ੍ਰੀ
ਔਖਾ ਹੋਵੇਂਗਾ ਵੀਰਾ ਭਾਬੋ ਲਾਡਲੀ ਰੱਖੀ ।

ਖੱਟਣ ਗਿਆ ਤੇ ਖੱਟ ਕੇ ਲਿਆਂਦੀਆਂ ਛੱਲੀਆਂ
ਵੀਰ ਮੈਨੂੰ ਲੈ ਚਲ ਵੇ
ਪੀਂਘਾਂ ਝੂਟਣ ਸਹੇਲੀਆਂ ਕੱਲੀਆਂ

ਵੀਰ ਘਰ ਪੁੱਤ ਜੰਮਿਆ
ਚੰਦ ਚੜ੍ਹਿਆ ਬਾਪ ਦੇ ਵਿਹੜੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਣੇ ਬਲਦ ਗਡਾ ਪੁੰਨ ਕੀਤਾ
ਵੀਰ ਮੇਰੇ ਧਰਮੀ ਨੇ ।

ਪੁੱਤ ਵੀਰ ਦਾ ਭਤੀਜਾ ਮੇਰਾ
ਨਿਉਂ ਜੜ੍ਹ ਬਾਬਲ ਦੀ

ਗਾਲ੍ਹਾਂ ਕੱਢੀਆਂ ਗਲੀ ਵਿਚ ਖੜ੍ਹਕੇ
ਮਾਣ ਭਰਾਵਾਂ ਦੇ ।

ਕੋਠੇ ਕੋਠੇ ਆ ਜਾ ਵੀਰਨਾ
ਸੱਸ ਚੰਦਰੀ ਕੁੰਡਾ ਨਾ ਖੋਲ੍ਹੇ ।

ਕੰਧਾਂ ਟਪਦੇ ਭੈਣੇ ਚੋਰ
ਮੈਂ ਤੇਰਾ ਵੀਰ ਲਗਦਾ ।

ਦੇਹਲੀ ਉਤੇ ਬਹਿ ਜਾ ਵੀਰਨਾ
ਤੈਨੂੰ ਸੱਸ ਦੇ ਰੁਦਨ ਸੁਣਾਵਾਂ ।

ਸਰਵਨ ਵੀਰ ਕੁੜੀਓ
ਬੋਤੇ ਚਾਰਦੇ ਭੈਣਾਂ ਨੂੰ ਮਿਲ ਆਉਂਦੇ ।

ਬੋਤਾ ਮੇਰੇ ਵੀਰ ਦਾ ਭੁੱਖਾ
ਨੀ ਮੈਂ ਅਮਰ ਵੇਲ ਪੱਟ ਪਾਵਾਂ ।

ਬੋਤਾ ਬੰਨ੍ਹ ਦੇ ਸਰਵਣਾ ਵੀਰਾ
ਮੁੰਨੀਆਂ ਰੰਗੀਲ ਗੱਡੀਆਂ ।

ਭੈਣ ਤੁਰ ਗਈ ਸੰਦੂਕੋਂ ਖਾਲੀ
ਵੀਰਾ ਵੇ ਮੁਰੱਬੇ ਵਾਲਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਜੁੱਗ ਦੀ ਜੰਮੀ ਭਰਜਾਈ
ਵੀਰ ਮੇਰਾ ਸਤਜੁੱਗੀਆ ।

ਚੁੱਕ ਗਠੜੀ ਭਰਾਵਾ ਤੁਰ ਚਲੀਏ
ਘੁੱਗੂ ਦੀ ਕੀ ਬਾਤ ਪੁੱਛਣੀ ।

ਜਦੋਂ ਚੁੱਕ ਲੀ ਵੀਰ ਨੇ ਗਠੜੀ
ਘੁੱਗੂ ਨੇ ਵੀ ਡਾਂਗ ਖਿੱਚ ਲਈ ।

ਦੋ ਵੀਰ ਦੇਈਂ ਵੇ ਰੱਬਾ
ਵੱਡਾ ਮੁਣਸ਼ੀ ਤੇ ਛੋਟਾ ਪਟਵਾਰੀ ।

ਤੇਰੀ ਫੌਜ ਨੂੰ ਕਰਾਂ ਵੀਰਾ ਰੋਟੀ
ਸੱਸ ਭਾਵੇਂ ਦੇਵੇ ਗਾਲ੍ਹੀਆਂ ।

ਭੈਣਾਂ ਰੋਂਦੀਆਂ ਪਿਛੋਕੜ ਖੜ੍ਹ ਕੇ
ਜਿਸ ਘਰ ਵੀਰ ਨਹੀਂ ।

ਹੱਥ ਛਤਰੀ ਰੁਮਾਲ ਪੱਲੇ ਸੇਵੀਆਂ
ਭੈਣ ਕੋਲੇ ਭਾਈ ਚਲਿਆ ।

ਭਾਬੋ ਸੋਨੇ ਦੀ ਝੂਲਦੀ ਆਵੇ
ਵੀਰ ਮੇਰਾ ਪੱਟ ਦਾ ਲੱਛਾ ।

ਲੋਕਾਂ ਦੀਆਂ ਆਉਣ ਚਿੱਠੀਆਂ
ਮੇਰੇ ਵੀਰ ਦੀ ਕਦੇ ਨਾ ਆਈ ।

ਚਿੱਠੀਆਂ ਦੀ ਡਾਕ ਬੰਨ੍ਹ ਦਿਆਂ
ਤੇਰੀ ਭਾਬੋ ਪਾਉਣ ਨਾ ਦੇਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਬੋ ਦੀ ਮੈਂ ਕੁਛ ਨਾ ਲੱਗਾਂ
ਵੀਰਾ ਤੇਰੀ ਵੇ ਅੰਮਾਂ ਦੀ ਜਾਈ ।

ਭੈਣਾਂ ਨੂੰ ਭਾਈ ਨਿਤ ਮਿਲਦੇ
ਵਿੱਛੜੀ ਨਾ ਮਿਲੇ ਸਹੇਲੀ ।

ਸੱਸ ਮਾਰਦੀ ਬੀਹੀ ਦੇ ਵਿਚ ਮਿਹਣੇ
ਤੀਆਂ ਨੂੰ ਨਾ ਆਇਆ ਵੀਰਨਾ ।

ਬਹੁਤਿਆਂ ਭਰਾਵਾਂ ਵਾਲੀਏ
ਤੈਨੂੰ ਤੀਆਂ ਨੂੰ ਲੈਣ ਨਾ ਆਏ ।

ਅੱਧੀ ਰਾਤੀਂ ਖੱਤ ਲਿਖ ਕੇ
ਦਿਨ ਚੜ੍ਹਦੇ ਨੂੰ ਵੀਰ ਸਦਾ ਦਿਆਂ ।

ਮੇਰੇ ਵੀਰ ਨੇ ਸੰਧਾਰੇ ਵਿੱਚ ਭੇਜੀ
ਕਤਣੀ ਚਾਂਦੀ ਦੀ ।

ਭਾਵੇਂ ਦਈਂ ਨਾ ਵੇ ਸੇਰ ਸੰਧਾਰਾ
ਤੀਆਂ ਗੁੱਗੇ ਸੱਦੀਂ ਵੀਰਨਾ ।

ਜੀਜਾ ਵਾਰ ਨੱਤੀਆਂ ਦੀ ਜੋੜੀ
ਵਿਚ ਤੇਰੀ ਸਾਲੀ ਨੱਚਦੀ ।

ਜੀਜਾ ਵਾਰ ਜਾ ਦੁਆਨੀ ਖੋਟੀ,
ਸਾਲੀਆਂ ਦਾ ਮਾਣ ਰੱਖ ਲੈ ।

ਜੀਜਾ ਸਾਲੀ ਪੀਂਘ ਝੂਟਦੇ
ਸਾਲੀ ਡਿੱਗ ਪਈ ਹੁਲਾਰਾ ਖਾ ਕੇ

ਬੋਚੀਂ ਵੇ ਜੀਜਾ
ਘਰ ਦੀ ਨਾਰ ਬਣਾਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣ ਬਣ ਨਿਕਲ ਸਰੀਰਾ
ਇਹ ਪਿੰਡ ਸਹੁਰਿਆਂ ਦਾ ।

ਸਹੁਰੇ ਹੁੰਦੇ ਤਿਲਕਣ ਬਾਜੀ
ਬੋਚ ਬੋਚ ਪੱਬ ਧਰੀਏ ।

ਜਦੋਂ ਜਾਲ ਫਾਂਧੀਆਂ ਨੇ ਪਾਇਆ
ਨੈਣ ਭਰ ਰੋਈ ਮਛਲੀ ।

ਜੱਗ ਜਿਉਣ ਵੱਡੀਆਂ ਭਰਜਾਈਆਂ
ਪਾਣੀ ਮੰਗੇ ਦੁੱਧ ਦਿੰਦੀਆਂ ।

ਦਿਉਰ ਭਾਬੀਆਂ ਲੱਖ ਲੱਖ ਹੱਸਦੇ
ਕੀ ਬੋਲੀ ਸੀ ਮਾਰੀ
ਜੇ ਨਿਆਣੇ ਨੇ ਕਰ ਲਈ ਮਸ਼ਕਰੀ
ਤੂੰ ਕੀ ਹੋ ਗਈ ਮਾੜੀ
ਹਾੜੀ ਸੁਧੇ ਵੰਡਾ ਲਊ ਸਾਉਣੀ
ਭੌਂ ਵੰਡਾ ਲਊ ਸਾਰੀ
ਫੇਰ ਵੰਡਾ ਲਊ ਟੂੰਮਾਂ ਨਖਰੇ
ਫੇਰ ਆਹ ਬੂਬਾ ਨਹੀਂ ਰਹਿਣਾ
ਮੈਂ ਸਮਝਾ ਦਿਊਂਗਾ,
ਤੂੰ ਕੀ ਬੋਲਕੇ ਲੈਣਾ ।

ਭਾਬੀ ਭਾਬੀ ਕਰਦਾ ਰਹਿੰਦਾ
ਜਪਦਾ ਤੇਰੀ ਬਾਣੀ
ਵੱਡਾ ਭਾਈ ਤੇ ਨੌਕਰ ਤੁਰ ਗਿਆ
ਮੈਂ ਵੀ ਉਹਦਾ ਭਾਈ
ਭਾਬੀ ਫਿਕਰ ਕਰੀਂ
ਰੁੱਤ ਪਾਲੇ ਦੀ ਆਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਰਲੇ ਪਾਸੇ ਕਣਕ ਬੀਜਤੀ
ਪਰਲੇ ਪਾਸੇ ਆੜੂ
ਸਬਰ ਗਰੀਬਾਂ ਦਾ
ਤੈਨੂੰ ਭਾਬੀਏ ਮਾਰੂ ।

ਉਰਲੇ ਪਾਸੇ ਕਣਕ ਬੀਜਤੀ
ਪਰਲੇ ਪਾਸੇ ਗੋਭੀ
ਮੜਕ ਬਥੇਰੀ ਸੀ
ਕਾਲੇ ਰੰਗ ਨੇ ਡੋਬੀ ।

ਬਾਰੀ ਬਰਸੀਂ ਖਟਣੇ ਨੂੰ ਘੱਲਿਆ
ਖੱਟ ਕੇ ਲਿਆਂਦਾ ਆਰਾ
ਭਾਬੀ ਨਾਲ ਨਿਤ ਲੜਦਾ
ਭਰਤੀ ਹੋਣ ਦਾ ਮਾਰਾ ।

ਆ ਦਿਓਰਾ ਤੈਨੂੰ ਅੱਡ ਕਰ ਦੇਵਾਂ
ਦੇ ਕੇ ਸੇਰ ਪੰਜੀਰੀ
ਤੂੰ ਅੱਡ ਹੋ ਜਾ ਵੇ
ਮੇਰਿਆਂ ਦੁਖਾਂ ਦਾ ਸੀਰੀ ।

ਬਾਰੀ ਬਰਸੀਂ ਖਟਣੇ ਨੂੰ ਘੱਲਿਆ
ਖੱਟ ਕੇ ਲਿਆਂਦਾ ਆਰਾ
ਨੌਕਰ ਹੋ ਜਾਊਂਗਾ
ਭਾਬੀ ਤੇਰਿਆਂ ਦੁਖਾਂ ਦਾ ਮਾਰਾ ।

ਭਾਬੀ ਭਾਬੀ ਕਰਦਾ ਭਾਬੀਏ
ਪੜ੍ਹਦਾ ਤੇਰੀ ਬਾਣੀ
ਨਿੱਕੀ ਜਿਹੀ ਗੱਲ ਦਾ ਪਿਆ ਪੁਆੜਾ
ਤੰਦ ਦੀ ਬਣਗੀ ਤਾਣੀ
ਲੈ ਭਾਬੀ ਘਰ ਬਾਰ ਸਾਂਭ ਲੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਤਾ ਫਰਕ ਨਾ ਜਾਣੀ
ਮਰਦੇ ਦਿਓਰ ਉਤੇ ਛਿੜਕ ਭਾਬੀਏ ਪਾਣੀ ।

ਭਾਬੀ ਭਾਬੀ ਕਰਕੇ ਦਿਓਰਾ
ਬੋਲ ਬੋਲਦੈਂ ਕੌੜੇ
ਦੂਹੀ ਤੋੜ ਸਟੂੰ
ਚਾਰ ਮਾਰਕੇ ਫੌਹੜੇ ।

ਭਾਬੋ ਤਾਈਂ ਦਿਓਰ ਬੋਲਦਾ
ਗੱਲ ਸੁਣ ਭਾਬੋ ਮੇਰੀ
ਮੈਂ ਤਾਂ ਤੇਰੇ ਭਾਂਡੇ ਮਾਂਜ ਦੂੰ
ਲਾ ਕੜਛੀ ਤੇ ਥਾਲੀ
ਭਾਬੋ ਮਰਦੇ ਤੋਂ
ਮੂੰਹ ਵਿਚ ਪਾ ਦਈਂ ਪਾਣੀ ।

ਅੰਬ ਦੀ ਟਾਹਣੀ ਤੋਤਾ ਬੈਠਾ
ਅੰਬ ਪੱਕਣ ਨਾ ਦੇਵੇ
ਸੋਹਣੀ ਭਾਬੀ ਨੂੰ
ਦਿਓਰ ਵਸਣ ਨਾ ਦੇਵੇ ।

ਕਾਲਿਆ ਵੇ ਹਰਨਾਂ ਪੀਲਿਆ ਵੇ ਹਰਨਾਂ
ਤੇਰੇ ਖੰਭਾਂ ਤੇ ਕੀ ਕੁਝ ਲਿਖਿਆ
ਤਿਤਰ ਤੇ ਮੁਰਗਾਈਆਂ
ਹੁਣ ਨਾ ਸਿਆਣਦੀਆਂ
ਦਿਓਰਾਂ ਨੂੰ ਭਰਜਾਈਆਂ

ਚੰਦਰੇ ਦਿਓਰਾ ਤੂੰ
ਐਵੇਂ ਤੁਹਮਤਾਂ ਲਾਈਆਂ ।

ਮੇਰਾ ਦਿਓਰ ਬੜਾ ਟੁੱਟ ਪੈਣਾ
ਹੱਸਦੀ ਦੇ ਦੰਦ ਗਿਣਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿੱਕਾ ਦਿਓਰ ਭਾਬੀਆਂ ਦਾ ਗਹਿਣਾ,
ਡੱਬੀ ਵਿਚ ਸਾਂਭ ਰਖੀਏ ।

ਨਿੱਕਾ ਦਿਓਰ ਸਰੂ ਦਾ ਬੂਟਾ
ਵਿਹੜੇ ਵਿਚ ਲਾ ਰਖੀਏ ।

ਮੇਰੀ ਬੱਕਰੀ ਚਾਰ ਲਿਆ ਦਿਓਰਾ
ਮੈਂ ਨਾ ਤੇਰਾ ਹੱਕ ਰੱਖਦੀ ।

ਭਾਬੀ ਤੇਰਿਆਂ ਦੁੱਖਾਂ ਦਾ ਮਾਰਾ
ਨੌਕਰ ਤੁਰ ਚੱਲਿਆ ।

ਵੱਢ ਬੇਰੀ ਸਿੱਟੀਂ ਘਰ ਮੇਰੇ
ਦਿਓਰਾ ਮੇਰੀ ਲੋਹੀ ਬੱਕਰੀ ।

ਤੂੰ ਮੇਰਿਆਂ ਹੱਥਾਂ ਵਲ ਦੇਖੇਂ
ਵੇ ਦਿਓਰਾ ਤੇਰੀ ਮੰਗ ਮਰ ਜੇ ।

ਆ ਦਿਓਰਾ ਤੈਨੂੰ ਅੱਡ ਕਰ ਦੇਵਾਂ
ਦੇ ਕੇ ਸੇਰ ਕੁ ਆਟਾ
ਵੇ ਨਿੱਤ ਕੌਣ ਲੜੇ
ਕੌਣ ਪੁਟਾਵੇ ਝਾਟਾ ।

ਬੋਤਾ ਬੰਨ੍ਹ ਜੰਡੀਆਂ ਦੀ ਛਾਵੇਂ
ਆ ਜਾ ਦਿਓਰਾ ਤਾਸ਼ ਖੇਡੀਏ ।

ਚੰਦਰੇ ਜੇਠ ਨੂੰ ਲੱਸੀ ਨਹੀਂ ਦੇਣੀ
ਦਿਓਰ ਭਾਵੇਂ ਦੁੱਧ ਪੀ ਜਾਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਨੂੰ ਜੇਠ ਨੇ ਝਿੜਕ ਕਿਉਂ ਮਾਰੀ
ਦਿਓਰ ਭਾਵੇਂ ਜਾਨ ਕੱਢ ਲਏ ।

ਮੇਰੇ ਚੰਦਰੇ ਜੇਠ ਦੇ ਛੋਲੇ
ਕਦੇ ਨਾ ਆਖੇ ਟਿੰਘ ਤੋੜ ਲੈ ।

ਭਾਈ ਜੀ ਦੀ ਕੱਛ ਲਮਕੇ
ਜਿਵੇਂ ਨਿੰਮ ਤੇ ਬਾਂਦਰੀ ਲਮਕੇ ।
ਦੁੱਧ ਪੀਣਾ ਬੱਤਖਾਂ ਦਾ
ਭਾਵੇਂ ਜੇਠ ਦੀ ਲਲਾਮੀ ਬੋਲੇ ।

ਮੈਂ ਜੇਠ ਦੀ ਲੱਸੀ ਨਹੀਂ ਪੀਣੀ
ਬਾਪੂ ਸਾਨੂੰ ਮਹਿੰ ਲੈ ਦੇ ।

ਅਸੀਂ ਜੇਠ ਦੇ ਨਾਲ ਨਹੀਂ ਰਹਿਣਾ
ਬਾਪੂ ਸਾਡੀ ਭੋਂ ਵੰਡ ਦੇ ।

ਜੇਠ ਜਠਾਣੀ ਇੱਟਾਂ ਢੋਂਦੇ
ਮੈਂ ਢੋਂਦੀ ਸੀ ਗਾਰਾ
ਮੇਰੀ ਹਾਅ ਵੱਜ ਗਈ
ਸਿਖਰੋਂ ਡਿਗਿਆ ਚੁਬਾਰਾ ।

ਟੁੱਟੀ ਮੰਜੀ ਵਾਣ ਪੁਰਾਣਾ
ਵਿਚ ਦੀ ਦਿਸਦੇ ਤਾਰੇ
ਵੇ ਤੂੰ ਕਿਧਰ ਗਿਆ
ਜੇਠ ਬੋਲੀਆਂ ਮਾਰੇ ।

ਰੜਕੇ ਰੜਕੇ ਰੜਕੇ ਵੇ
ਮੱਘਾ ਭੰਨਿਆ ਜੇਠ ਨਾਲ ਲੜਕੇ ਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੁੱਟ ਪੈਣੀਏ ਕਾਲੀਏ ਰਾਤੇ
ਭਾਈ ਜੀ ਤੇ ਮੈਂ ਡਿੱਗ ਪਈ।

ਐਵੇਂ ਰਾਤ ਨੂੰ ਬਦੋਸ਼ਾਂ ਦੇਵੇਂ
ਭਾਈ ਜੀ ਤੇ ਕੌਣ ਡਿੱਗਦਾ

ਘੁੰਡ ਕੱਢਣਾ ਤਵੀਤ ਨੰਗਾ ਰੱਖਣਾ
ਸੌਹਰੇ ਘਰ ਦੋ ਪਿੱਟਣੇ।

ਜਿਤਣੇ ਜਿਠਾਣੀ ਤਿਲ ਸੁਟੇਗੀ
ਉਤਨੇ ਦਰਾਣੀ ਪੁੱਤ ਜਣੇਗੀ।

ਬਾਪੂ ਮੈਨੂੰ ਸੰਗ ਲੱਗਦੀ
ਮੇਰੀ ਸੱਸ ਮੁਕਲਾਵੇ ਆਈ।

ਤੈਨੂੰ ਕਾਹਦੀ ਸੰਗ ਬੱਚੀਏ
ਮੱਥਾ ਟੇਕ ਕੇ ਗੱਡੀ ਵਿਚੋਂ ਲਾਹ ਲੀਂ।

ਹੱਟੀਆਂ ਦੀ ਖੰਡ ਮੁੱਕ ਗਈ
ਜਦੋਂ ਵੀਰ ਪਰਾਹੁਣਾ ਆਇਆ।

ਖੰਡਾਂ ਦੀਆਂ ਆਉਣ ਬੋਰੀਆਂ
ਜਦੋਂ ਸੱਸ ਦਾ ਭਤੀਜਾ ਆਇਆ।

ਤਿੰਨ ਪੁਤ ਮੇਰੀ ਸੱਸ ਦੇ
ਇਕ ਤੱਕੜੀ ਵੱਟਾ

ਦੂਜਾ ਗੁਣਾਂ ਦਾ ਪੱਕਾ
ਤੀਜਾ ਝਿਓਰਾਂ ਦੀ ਕੁੜੀ ਚੱਕ ਲਿਆਵੇ।

ਤੈਨੂੰ ਕੁਛ ਨਾ ਲੱਗਾ ਮੁਟਿਆਰੇ
ਬੇਰੀਆਂ ਨੂੰ ਬੇਰ ਲੱਗ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੱਸੇ ਤੇਰੀ ਮੱਝ ਮਰ ਜਾਏ ।
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ ।

ਰੁੱਖੀ ਸੁੱਖੀ ਖਾ ਲੈ ਵੀਰਿਆ
ਅੱਡ ਹੋ ਕੇ ਸ਼ੱਕਰ ਘਿਓ ਪਾਊਂ ।

ਸੁਥਣੇ ਸੂਫ ਦੀਏ
ਤੈਨੂੰ ਸੱਸ ਮਰੇ ਤੇ ਪਾਵਾਂ ।

ਹੱਸ ਕੇ ਨਾ ਬੋਲ ਵੈਰੀਆ
ਮੇਰੀ ਸੱਸ ਭਰਮਾਂ ਦੀ ਮਾਰੀ ।

ਬਹੁਤਿਆਂ ਭਰਾਵਾਂ ਵਾਲੀਏ
ਤੈਨੂੰ ਲੈਣ ਮਿਰਾਸੀ ਆਇਆ ।

ਬਹੁਤਿਆਂ ਭਰਾਵਾਂ ਵਾਲੀਏ
ਗੱਡੀ ਆਈ ਆ ਸੰਦੂਕੋਂ ਖਾਲੀ ।

ਮੇਰੇ ਪੁੱਤਾਂ ਵਿਚ ਵੈਰ ਪਵਾਏ
ਜਦੋਂ ਦੀ ਤੂੰ ਆਈਓਂ ਸ਼ੂਕਰੇ ।

ਅਸੀਂ ਸੱਸ ਦਾ ਸੰਦੂਕ ਬਣਾਉਣਾ
ਛੇਤੀ ਛੇਤੀ ਵੱਧ ਕਿੱਕਰੇ ।

ਵੀਰ ਆਉਣਗੇ ਪੱਗਾਂ ਨੂੰ ਰੰਗ ਲਾਉਣੇ
ਸੱਜੀਏ ਬਦਾਮ ਰੰਗੀਏ ।

ਸੱਸ ਕੁੱਟਣੀ ਸੰਦੂਕਾਂ ਓਹਲੇ
ਨਿੰਮ ਦਾ ਘੜਾ ਦੇ ਘੋਟਣਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਟੀ ਲੈ ਕੇ ਗਈ ਖੇਤ ਨੂੰ
ਮੱਕੀ ਗੁੱਡਣ ਲਾਈ
ਮੱਕੀ ਗੁਡਦੀ ਨੂੰ ਪੈ ਗਏ ਛਾਲੇ
ਰੋਂਦੀ ਘਰ ਨੂੰ ਆਈ
ਆਉਂਦੀ ਨੂੰ ਸੱਸ ਲੜਦੀ
ਘਾਹ ਦੀ ਭਰੀ ਨਾ ਲਿਆਈ
ਕਿਧਰੇ ਮਰਨ ਤੇਰੇ ਢਾਂਡੇ ਸੱਸੇ
ਕੱਟਿਆਂ ਨੂੰ ਲੈਣ ਕਸਾਈ
ਗਾਲ੍ਹ ਭਰਾਵਾਂ ਦੀ ਕੀਹਨੇ ਕੱਢਣੀ ਸਿਖਾਈ ।

ਸੱਸੇ ਨੀ ਪੁੱਤ ਬਹੁਤੇ ਜੰਮ ਲਏ
ਜੰਮ ਜੰਮ ਲਾ ਲਏ ਢੇਰ
ਤੈਨੂੰ ਨਵਾ ਬਬੇਰਾ
ਲੈ ਚੱਲ ਬੀਕਾਨੇਰ ।

ਸੁਣ ਨੀ ਸੱਸੇ ਐਤਵਾਰੀਏ
ਵਾਰ ਵਾਰ ਸਮਝਾਵਾਂ
ਜਿਹੜਾ ਤੇਰਾ ਲੀਰ ਪਰਾਂਦਾ
ਸਣੇ ਸੰਧੂਰ ਅੱਗ ਲਾਵਾਂ
ਜਿਹੜੀ ਤੇਰੀ ਸੇਰ ਪੰਜੀਰੀ
ਵਿਹੜੇ ਵਿਚ ਖਿੰਡਾਵਾਂ
ਗਾਲ੍ਹ ਭਰਾਵਾਂ ਦੀ
ਮੈਂ ਨਾ ਮੁੜ ਕੇ ਖਾਵਾਂ ।

ਸੁਣ ਨੀ ਸੱਸੇ ਐਤਵਾਰੀਏ
ਵਾਰ ਵਾਰ ਕੀ ਆਖਾਂ
ਜਿਹੜਾ ਤੇਰਾ ਲੀਰ ਪਰਾਂਦਾ
ਸਣੇ ਸੰਧੂਰ ਅੱਗ ਲਾਦਾਂ ।
ਜਿਹੜੀ ਤੇਰੀ ਸੇਰ ਪੰਜੀਰੀ
ਵਿਹੜੇ ਵਿਚ ਖਿੰਡਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਰੂ ਪੀ ਪਤਲਿਆ ਯਾਰਾ
ਕੱਚ ਦੀ ਗਿਲਾਸੀ ਲਿਆਵਾਂ ।

ਗੱਡੇ ਭਰੇ ਲਾਣ ਦੇ ਗਡੀਰੇ ਭਰੇ ਲਾਣ ਦੇ
ਹਾਏ ਨੀ ਸੱਸੇ ਮੇਰੀਏ ਜੋੜੀ ਨੂੰ ਮੇਲੇ ਜਾਣ ਦੇ ।

ਸੱਸੇ ਨੀ ਸਮਝਾ ਲੈ ਪੁੱਤ ਨੂੰ
ਘਰ ਨੀ ਬਿਗਾਨੇ ਜਾਂਦਾ
ਘਰ ਦੀ ਸ਼ੱਕਰ ਬੂਰੇ ਵਰਗੀ
ਗੁੜ ਚੋਰੀ ਦਾ ਖਾਂਦਾ
ਨਾਰ ਬਿਗ਼ਾਨੀ ਤੋਂ ਨਿੱਤ ਨੀ ਖੌਂਸੜੇ ਖਾਂਦਾ ।

ਆਰੀ
ਮੁੰਡਾ ਮੇਰਾ ਰੋਵੇ ਅੰਬ ਨੂੰ
ਕੀ ਤੇਰੀ ਸਰਦਾਰੀ ।

ਚੁੱਪ ਕਰਕੇ ਗੱਡੀ ਵਿਚ ਬਹਿ ਜਾ
ਰੋਏਂਗੀ ਚਪੇੜ ਖਾਏਂਗੀ ।

ਪਹਿਲੀ ਰਾਤ ਸ਼ਗਨਾਂ ਦੀ
ਝੋਲੀ ਵਿਚ ਨਾ ਪਤਾਸੇ ਲਿਆਇਆ ।

ਅੜੀਏ ਤੈਨੂੰ ਛੱਜ ਗਹਿਣਿਆਂ ਦਾ ਪੈਣਾ,
ਕਿਹੜੀ ਗੱਲੋਂ ਵਿੱਟਰੀ ਫਿਰੇਂ ।

ਕਿਹੜੀ ਗੱਲ ਤੋਂ ਪਰਖਦਾ ਚੂੰਡਾ
ਡੋਰੀ ਮੇਰੇ ਮਾਪਿਆਂ ਦੀ ।

ਕਿਕਰਾਂ ਦੇ ਬੂਰ, ਬੇਰੀਆਂ ਦੇ ਬੂਰ
ਵੇ ਨਾ ਮਾਰ ਵੈਰੀਆ ਪੇਕੇ ਚੰਦਰੀ ਦੇ ਦੂਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਨੂੰ ਕਹਿੰਦਾ ਪੇਕੀਂ ਨਹੀਂ ਜਾਂਦੀ
ਮੈਂ ਟੁਰ ਚਲੀ ਪੇਕੇ
ਜਾਏ ਵੱਢੀ ਦਾ ਕੁਲਛਣਾ
ਰੂੜੀ ਚੜ੍ਹ ਚੜ੍ਹ ਵੇਖੇ ।

ਢਹਿ ਗਿਆ ਚੁਬਾਰਾ ਹੋ ਗਿਆ ਗਾਰਾ
ਵਿਚ ਦੀ ਦਿਸਦੇ ਤਾਰੇ
ਹੁਣ ਤੂੰ ਕਿਧਰ ਗਿਆ
ਜੇਠ ਬੋਲੀਆਂ ਮਾਰੇ ।

ਢਹਿ ਗਿਆ ਚੁਬਾਰਾ ਹੋ ਗਿਆ ਗਾਰਾ
ਵਿਚ ਦੀ ਦਿੱਸਦੇ ਤਾਰੇ
ਬੋਲ ਭਰਾਵਾਂ ਦੇ
ਸਹਿ ਲੈ ਪਤਲੀਏ ਨਾਰੇ

ਬਾਹਰ ਗਏ ਦਾ ਬੀ ਮੁੱਕ ਜਾਂਦਾ
ਘਰ ਆਏ ਦੇ ਦਾਣੇ
ਰਾਤੀਂ ਰੋਂਦਾ ਸੀ ਬਾਪੂ ਦੇ ਸਰ੍ਹਾਣੇ ।

ਬਾਹਰ ਗਏ ਦਾ ਊਠ ਮਰ ਜਾਂਦਾ
ਘਰ ਆਏ ਦੀ ਬੋਤੀ
ਤੈਂ ਘਰ ਪਟਣਾ ਲਿਆ
ਬੰਨ੍ਹ ਕੇ ਕਾਸ਼ਨੀ ਧੋਤੀ ।

ਉਰਲੇ ਖੇਤ ਦੇ ਖਾ ਗਈ ਕਚਰੇ
ਪਰਲੇ ਖੇਦ ਦੇ ਖੀਰੇ
ਸਾਰਾ ਸਿਆਲ ਗਿਆ
ਫੰਡਰ ਨਿਕਲ ਗਈ ਹੀਰੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੇਠ ਜੇਠਾਣੀ ਅੰਦਰ ਸੌਂਦੇ
ਤੇਰਾ ਮੰਜਾ ਦਰ ਵਿੱਚ ਵੇ
ਕੀ ਲੋਹੜਾ ਆ ਗਿਆ ਘਰ ਵਿੱਚ ਵੇ ।

ਜੇਠ ਜੇਠਾਣੀ ਘਿਓ ਖਾ ਜਾਂਦੇ
ਤੈਨੂੰ ਦਿੰਦੇ ਝਹੇੜੂ
ਮੱਝੀਆਂ ਨਾ ਛੇੜੀਂ
ਆਪ ਜੇਠ ਜੀ ਛੇੜੂ ।

ਕਾਹਨੂੰ ਆ ਗਿਐਂ ਸਰ੍ਹੋਂ ਦਾ ਫੁੱਲ ਬਣਕੇ
ਮਾਪਿਆਂ ਨੇ ਤੋਰਨੀ ਨਹੀਂ ।

ਜੱਟ ਜੱਟੀ ਨੂੰ ਲੈਣ ਨਾ ਜਾਵੇ
ਡਰਦਾ ਕਬੀਲਦਾਰੀਓਂ ।

ਮੇਰੀ ਕਤਣੀ ਫਰਾਟੇ ਮਾਰੇ
ਪੂਣੀਆਂ ਦੇ ਸੱਜ ਬਣ ਗਏ ।

ਮੇਰਾ ਚਿੱਤ ਨਾ ਤ੍ਰਿੰਞਣਾਂ ਵਿਚ ਲਗਦਾ
ਮਾਹੀਆ ਬੀਮਾਰ ਪਿਆ ।

ਵੇ ਮੈਂ ਤ੍ਰਿੰਞਣਾਂ 'ਚ ਬੋਲ ਪਛਾਣਾਂ
ਗਲੀਆਂ 'ਚ ਫਿਰਦੇ ਦਾ ।

ਕੀ ਘੋਲ ਕੇ ਤਵੀਤ ਪਿਆਏ
ਲੱਗੀ ਤੇਰੇ ਮਗਰ ਫਿਰਾਂ ।

ਪਰ੍ਹੇ ਹਟ ਜਾ ਕੁਪੱਤੀਏ ਨੈਣੇ
ਇਕ ਵਾਰ ਤੱਕ ਲੈਣ ਦੇ ।
ਤੱਤੀ ਖੀਰ ਨਹੀਂ ਬੇਸਬਰਾ ਖਾਂਦੇ
ਪੁੱਤ ਸਰਦਾਰਾਂ ਦੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿੱਟਿਆਂ ਚੌਲਾਂ ਦੀਆਂ
ਚਿੱਟੀਆਂ ਵੇ ਪਿੰਨੀਆਂ
ਛਾਵੇਂ ਬਹਿ ਕੇ ਖਾਵਾਂਗੇ
ਚਿਤ ਕਰੂ ਮੁਕਲਾਵੇ ਜਾਵਾਂਗੇ ।

ਗੱਡੀ ਚੜ੍ਹਦੀ ਨੇ ਪਿੰਜਣੀ ਤੋੜੀ
ਚਾਅ ਮੁਕਲਾਵੇ ਦਾ
ਹੱਥ ਘੁਟਕੇ ਗੱਡੀ ਨੂੰ ਪਾਇਆ
ਰੋਂਦੀ ਜਾਵੇ ਉਤਲੇ ਮਨੋਂ ।

ਮੈਂ ਤਾਂ ਕੁੜੀਆਂ ਦਾ ਦਿਲ ਪਰਚਾਵਾਂ
ਰੋਂਦੀ ਨਾ ਤੂੰ ਜਾਣੀ ਸੁਹਣਿਆਂ ।

ਤੇਰੇ ਟੁਕੜੇ ਖਾਣ ਨਹੀਂ ਆਈ
ਵੇ ਪੈ ਗਿਉਂ ਦੁਪੱਟਾ ਤਾਣ ਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਛੋੜਾ ਤੇ ਮਿਲਾਪ

ਵਿਛੋੜਾ ਤੇ ਮਿਲਾਪ ਸ਼ਬਦਾਂ ਵਿਚ ਵਿਰੋਧ ਹੁੰਦਿਆਂ ਹੋਇਆਂ ਵੀ ਇਕ ਅਨੋਖੀ ਸਾਂਝ ਹੈ। ਮਿਲਾਪ ਦਾ ਸਹੀ ਅਨੁਭਵ ਤਦ ਹੀ ਹੋ ਸਕਦਾ ਹੈ ਜੇਕਰ ਵਿਛੋੜੇ ਦਾ ਅਨੁਭਵ ਹੋਵੇ। ਸਾਹਿਤ ਸੰਸਾਰ ਵਿਚ ਜਿਥੇ ਵੀ ਉੱਚੀ ਪੱਧਰ ਦੇ ਪਿਆਰ ਨੂੰ ਚਿਤਰਿਆ ਗਿਆ ਹੈ ਉਥੇ ਉਸ ਵਿਚ ਵਿਛੋੜੇ ਤੇ ਮਿਲਾਪ ਨੇ ਹੀ ਉਸ ਨੂੰ ਵਿਸ਼ੇਸ਼ ਰੰਗ ਦਿਤਾ ਹੈ। ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲਾਂ ਇਹ ਰੰਗ ਲੋਕ ਗੀਤਾਂ ਵਿਚ ਉਘੜਿਆ ਹੈ। ਇਨ੍ਹਾਂ ਲੋਕ ਗੀਤਾਂ ਵਿਚ ਬਿਰਹਾ ਵਰਣਨ ਭਾਵੇਂ ਵਧੇਰੇ ਹੈ, ਪਰ ਮਿਲਾਪ ਦਾ ਰੰਗ ਵੀ ਕਿਸੇ ਤਰ੍ਹਾਂ ਘਟ ਨਹੀਂ ਹੈ।

ਇਨ੍ਹਾਂ ਲੋਕ ਗੀਤਾਂ ਵਿਚ ਵਿਛੋੜੇ ਦਾ ਵਰਣਨ ਉਸ ਥਾਂ ਤੇ ਆਉਂਦਾ ਹੈ ਜਦ ਪਤੀ ਆਪਣੀ ਨਵ-ਵਿਆਹੀ ਪਤਨੀ ਨੂੰ ਘਰ ਵਿਚ ਛੱਡ ਕੇ ਦੇਸ਼ ਦੀ ਰੱਖਿਆ ਖਾਤਰ ਜਾ ਪੇਟ ਪਾਲਣ ਲਈ ਅੰਗਰੇਜ਼ ਸਰਕਾਰ ਦੁਆਰਾ ਭਰਤੀ ਹੋ ਜਾਂਦਾ ਹੈ ਤੇ ਫੇਰ ਉਸ ਨੂੰ ਵਿਦੇਸ਼ਾਂ ਨੂੰ ਭੇਜ ਦਿਤਾ ਜਾਂਦਾ ਹੈ। ਕੁਝ ਲੋਕ ਗੀਤ ਅਜੇਹੇ ਸਮੇਂ ਬਾਰੇ ਵੀ ਮਿਲਦੇ ਹਨ ਜਦ ਪੰਜਾਬੀ ਨੌਜਵਾਨ ਕਿਸੇ ਕਾਰੋਬਾਰ ਜਾਂ ਵਿਉਪਾਰ ਦੀ ਖਾਤਰ ਵਿਦੇਸ਼ ਨੂੰ ਜਾਂਦਾ ਹੈ। ਕੁਝ ਥਾਵਾਂ ਤੇ ਭਾਵੇਂ ਪਤਨੀ ਖੁਸ਼ੀ ਖੁਸ਼ੀ ਵੀ ਆਪਣੇ ਪਤੀ ਨੂੰ ਜੰਗ ਲਈ ਤੋਰਦੀ ਹੈ ਪਰ ਇਨ੍ਹਾਂ ਗੀਤਾਂ ਵਿਚੋਂ ਵਧੇਰੇ ਵਿਛੋੜੇ ਦੇ ਨਖ਼ਸ਼ਿਖ ਹੀ ਉਘੜਦੇ ਹਨ। ਲੰਮੇ ਵਿਛੋੜੇ ਦੇ ਬਾਅਦ ਜਦ ਪਤਨੀ ਦਾ ਮਿਲਾਪ ਹੁੰਦਾ ਹੈ ਤਾਂ ਲੋਕ ਗੀਤਾਂ ਵਿਚ ਉਸ ਦਾ ਆਪਣਾ ਰੰਗ ਹੈ।

ਨੌਕਰ ਨੌਕਰ ਕਰਦਾ ਮੁੰਡਿਆ
ਕੀ ਨੌਕਰੀ ਤੋਂ ਲੈਣਾ
ਤਿੰਨੇ ਵੇਲੇ ਕਰਾਉਣ ਪ੍ਰੇਡਾਂ
ਬਾਂਦਰ ਵਾਂਗ ਟਪਾਉਣਾ
ਜੇ ਪਹਿਰੇ ਵਿਚ ਹੋ ਗਿਆ ਦਾਖਲ
ਹੀਰਾ ਜਨਮ ਗਵਾਉਣਾ
ਨੌਕਰੀ ਨਾ ਜਾਈਂ ਵੇ
ਆਪਣਾ ਦੇਸ ਨਹੀਂ ਥਿਆਉਣਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਠੀ ਦੇ ਵਿੱਚ ਆਲੇ
ਨਾ ਜਾ ਬਰਮਾ ਨੂੰ
ਲੇਖ ਜਾਣਗੇ ਨਾਲੇ ।

ਸੱਸੇ ਵੇਖ ਲੈ ਜਵਾਨੀ ਮੇਰੀ
ਭਰਤੀ ਤੋਂ ਪੁੱਤ ਰੋਕ ਲੈ ।

ਤੇਰੀ ਘਰੇ ਨੌਕਰੀ ਸਮਝਾਂ
ਤੂੰ ਡੂੰਘਾ ਵਾਹ ਲੈ ਹਲ ਵੇ ।

ਪਿੱਪਲਾਂ ਉਤੇ ਆਈਆਂ ਬਹਾਰਾਂ
ਬੋਹੜਾਂ ਨੂੰ ਲੱਗੀਆਂ ਗੋਲ੍ਹਾਂ
ਜੰਗ ਨੂੰ ਨਾ ਜਾ ਵੇ
ਦਿਲ ਦੇ ਬੋਲ ਮੈਂ ਬੋਲਾਂ ।

ਭੀੜੀ ਜੁੱਤੀ ਦੇ ਵਿਚ ਪਬ ਨਾ ਸਮਾਂਦਾ
ਕੱਲ੍ਹ ਵੇ ਵਿਆਹੀ, ਅੱਜ ਨੌਕਰ ਜਾਂਦਾ ।

ਕੱਚ ਦੇ ਗਲਾਸ ਵਿੱਚ ਲੱਸੀ ਹੋਰ ਪਾਵਾਂਗੇ
ਨੀ ਨਾ ਰੋ ਗੋਰੀਏ ਨੌਕਰ ਦੋਵੇਂ ਜਾਵਾਂਗੇ ।

ਜੇ ਤੂੰ ਸਿਪਾਹੀਆ ਗਿਆ ਲਾਮ ਨੂੰ
ਲਾ ਕੇ ਹੱਡਾਂ ਨੂੰ ਝੋਰਾ
ਬਿਰਹੋਂ ਹੱਡਾਂ ਨੂੰ ਇਉਂ ਖਾ ਜਾਊ
ਜਿਉਂ ਛੋਲਿਆਂ ਨੂੰ ਢੋਰਾ
ਜੰਗ ਨੂੰ ਨਾ ਜਾਵੀਂ
ਵੇ ਬਾਗਾਂ ਦਿਆ ਮੋਰਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਚੇ ਟਿੱਬੇ ਮੈਂ ਤਾਣਾਂ ਤਣਦੀ
ਦਹੀਂ ਨਾ ਰੱਖਿਆ ਕੇਸਾਂ ਨੂੰ
ਘੁੰਡ ਚੁਕ ਨੀ ਗੋਰੀਏ
ਮੈਂ ਚਲਿਆ ਪ੍ਰਦੇਸਾਂ ਨੂੰ ।

ਭਾਵੇਂ ਕਰਾ ਲੈ ਨਿਆਂ ਗੋਰੀਏ
ਧਰਮਰਾਜ ਦੇ ਮੂਹਰੇ
ਭਾਵੇਂ ਵੇਖ ਲੈ ਚਾਂਦੀ ਵਾਂਗੂੰ
ਵਿਚ ਕੁਠਾਲੀ ਤਾ ਕੇ
ਮੈਂ ਤਾਂ ਤੇਰਾ ਹੋ ਗਿਆ ਗੋਰੀਏ
ਨਿਹੁੰ ਦੇ ਦਿਨਾਂ ਤੋਂ ਲਾ ਕੇ
ਛੇਤੀ ਘਰ ਮੁੜ ਆਊਂਗਾ
ਜੰਗ ਵਿੱਚ ਧੁੰਮਾਂ ਪਾ ਕੇ ।

ਤੇਰਾ ਲੱਗੇ ਨਾ ਲਾਮ ਵਿਚ ਨਾਵਾਂ
ਬਿਨ ਮੁਕਲਾਈ ਛੱਡ ਗਿਆ ।

ਅੱਡੀ ਤਾਂ ਤੇਰੀ ਮੋਰ ਪੰਖ ਦੀ
ਗੂਠੇ ਤੇ ਸਿਰਨਾਵਾਂ
ਲਿਖ ਲਿਖ ਚਿੱਠੀਆਂ ਡਾਕ 'ਚ ਪਾਵਾਂ
ਧੁਰ ਤੋਂ ਪਤਾ ਮੰਗਾਵਾਂ
ਨੌਕਰ ਜਾਂਦੇ ਦਾ
ਹੁਣ ਕੀ 'ਲਾਜ ਬਣਾਵਾਂ ।

ਰੱਖ ਲਿਆ ਮੇਮਾਂ ਨੇ
ਹੁਣ ਕੀ 'ਲਾਜ ਬਣਾਵਾਂ,

ਚੜ੍ਹਿਆ ਮਹੀਨਾ ਜੇਠ ਕਿ ਜੇਠ ਪਲੇਟ ਕਿ ਲੂੰਆਂ ਡਾਢੀਆਂ
ਮਾਹੀ ਗਿਆ ਪ੍ਰਦੇਸ ਨਾ ਖਬਰਾਂ ਸਾਡੀਆਂ
ਚੜ੍ਹਿਆ ਮਹੀਨਾ ਹਾੜ ਕਿ ਤਪਣ ਪਹਾੜ ਕਿ ਬਲਣ ਅੰਗੀਠੀਆਂ
ਮਾਹੀ ਗਿਆ ਪ੍ਰਦੇਸ ਮੈਂ ਬਿਰਹੋਂ ਲੂਠੀਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਹੁਟੀ ਸਿਪਾਹੀ ਦੀ, ਅੱਗ ਬਾਲ ਕੇ
ਧੂੰਏਂ ਦੇ ਪੱਜ ਰੋਵੇ ।

ਜਿੱਤ ਹੋ ਜਾਊ ਫਰੰਗੀਆ ਤੇਰੀ
ਛੁਟੀ ਦੇ ਦੇ ਢੋਲ ਮਾਹੀ ਨੂੰ ।

ਬਾਗ਼ੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀਆਂ ਖ਼ੁਰੀਆਂ
ਮਾਹੀ ਮੇਰਾ ਜੰਗ ਨੂੰ ਗਿਆ
ਮੇਰੇ ਵੱਜਣ ਕੁਲੇਜੇ ਛੁਰੀਆਂ ।

ਬਾਂਕੇ ਸਿਪਾਹੀ ਦੀ ਚਾਂਦੀ ਦੀ ਸੋਟੀ
ਵਿਚ ਚਾਂਦੀ ਦੀ ਠੋਕਰ
ਕੈਦਾਂ ਉਮਰ ਦੀਆਂ
ਕੰਤ ਜਿਨ੍ਹਾਂ ਦੇ ਨੌਕਰ ।

ਕੱਚੀ ਕਲੀ ਕਚਨਾਰ ਦੀ ਵੇ ਹਾੜਾ
ਕੱਚੀਆਂ ਕਲੀਆਂ ਨਾ ਤੋੜ ਵੇ ਮਾਹੀਆ
ਜਦ ਮਾਹੀ ਚਲਿਆ ਮੈਂ ਖੜੀ ਰਸੋਈ
ਨਨਦ ਖਲੋਤੀ ਕੋਈ ਗੱਲ ਨਾ ਹੋਈ ।
ਕੱਚੀ ਕਲੀ ਕਚਨਾਰ ਦੀ ਵੇ ਹਾੜਾ......

ਜਦ ਮਾਹੀ ਚਲਿਆ ਮੈਂ ਖੜੀ ਸੀ ਬਰੂਹ ਤੇ
ਡਿੱਗ ਡਿੱਗ ਅੱਥਰੂ ਵੇ ਪੈਂਦੇ ਮੇਰੇ ਮੂੰਹ ਤੇ ।
ਕੱਚੀ ਕਲੀ ਕਚਨਾਰ ਦੀ ਵੇ ਹਾੜਾ .....

ਜਦ ਮਾਹੀ ਚਲਿਆ ਮੈਂ ਦਾਣੇ ਭੁਨਾਏ
ਸਈਆਂ ਤੋਂ ਡਰਦੀ ਮੈਂ ਝੋਲੀ ਨਾ ਪਾਏ ।
ਕੱਚੀ ਕਲੀ ਕਚਨਾਰ ਦੀ ਵੇ......

ਜਦ ਮਾਹੀ ਚਲਿਆ ਮੈਂ ਖੜ੍ਹੀ ਦਲੀਜ ਤੇ
ਮੋਟੇ ਮੋਟੇ ਹੰਝੂ ਮੇਰੇ ਰੇਸ਼ਮੀ ਕਮੀਜ ਤੇ ।
ਕੱਚੀ ਕਲੀ ਕਚਨਾਰ ਦੀ ਵੇ......

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦ ਮਾਹੀ ਚਲਿਆ ਮੈਂ ਲਿਆ ਸੀ ਪਾਸਾ
ਮੁੰਡਿਆਂ ਹਰਾਮੀਆਂ ਨੇ ਪਾ ਲਿਆ ਹਾਸਾ ।
ਕੱਚੀ ਕਲੀ ਕਚਨਾਰ ਦੀ ਵੇ......

ਜਦ ਮਾਹੀ ਚਲਿਆ ਮੈਨੂੰ ਖਾਂਦਾ ਏ ਵਿਹੜਾ
ਮੇਰੀ ਸੱਸ ਕੁਪੱਤੀ ਮੈਨੂੰ ਰੱਖੇਗਾ ਕਿਹੜਾ ।
ਕੱਚੀ ਕਲੀ ਕਚਨਾਰ ਦੀ ਵੇ......

ਜਦ ਮਾਹੀ ਚਲਿਆ ਵੇ ਮੈਂ ਤਲਾਂ ਕਰੇਲੇ
ਸਾਨੂੰ ਦੇ ਗਿਐਂ ਜੁਦਾਈਆਂ ਵੇ ਜਵਾਨੀ ਦੇ ਵੇਲੇ ।
ਕੱਚੀ ਕਲੀ ਕਚਨਾਰ ਦੀ......

ਜਦ ਮਾਹੀ ਚਲਿਆ ਓਹਦੇ ਮੋਢੇ ਬੰਦੂਕ
ਕਸ ਕੇ ਨਾ ਮਾਰੀਂ ਚੰਨਾ ਸਾਡੀ ਜ਼ਿੰਦੜੀ ਮਲੂਕ ।
ਕੱਚੀ ਕਲੀ ਕਚਨਾਰ ਦੀ......

ਕੀਹਦੇ ਹੱਥ ਭੇਜਾਂ ਸੁਨੇਹੜੇ
ਕੀਹਦੇ ਹੱਥ ਦੱਸਾਂ ਹਾਲ
ਕਾਵਾਂ ਹੱਥ ਸੁਨੇਹੜੇ
ਕਬੂਤਰਾਂ ਨੂੰ ਦੱਸਾਂ ਹਾਲ ।
ਰਾਹੀਆ ਜਾਂਦਿਆ ਵੇ
ਪੀਲੂ ਖਾਂਦਿਆ ਵੇ
ਆਖੀ ਢੋਲਣ ਨੂੰ ਜਾ
ਦਾਖਾਂ ਪੱਕੀਆਂ ਵੇ
ਆਸਾਂ ਰੱਖੀਆਂ ਵੇ
ਢੋਲਾ ਮੁੜ ਘਰ ਆ
ਅੰਬੀ ਬੂਰ ਪਿਆ
ਢੋਲਾ ਦੂਰ ਗਿਆ
ਮੈਨੂੰ ਤੱਤੀ ਨੂੰ ਤਾ
ਰਾਹੀਆ ਰਾਵਲਾ ਵੇ
ਮਾਹੀਆ ਸਾਵਲਾ ਵੇ
ਸਾਡਾ ਲੱਥਾ ਨਾ ਚਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਤਾਂ ਕਹਿੰਦੀ ਰੋ ਰੋ ਮਰ ਜੂੰ
ਹੁਣ ਕੀ ਲਾਜ ਬਣਾਵਾਂ
ਨਿੱਤ ਨੀ ਮੇਰੇ ਤੇ ਆਉਣ ਰਿਪੋਟਾਂ
ਨਿਤ ਨੀ ਪਛੜ ਕੇ ਜਾਵਾਂ
ਨਾਂ ਕਟਵਾਉਣ ਦੀਆਂ
ਨਿੱਤ ਫਰਮੇਸ਼ਾਂ ਪਾਵਾਂ

ਅਜੇ ਆਇਆ ਨਾ ਢੋਲ ਸਿਪਾਹੀ
ਬੇਰੀਆਂ ਨੂੰ ਬੂਰ ਪੈ ਗਿਆ ।

ਚਿੱਟਾ ਕਾਗਜ਼ ਕਾਲੀ ਸਿਆਹੀ
ਗੂਹੜੇ ਅੱਖਰ ਪਾਵਾਂ
ਲਿਖ ਪਰਵਾਨਾਂ ਮਾਹੀ ਤਾਈਂ
ਸ਼ੱਧਰਾਂ ਖੋਲ੍ਹ ਸੁਣਾਵਾਂ
ਮੁੜ ਪੈ ਸਿਪਾਹੀਆਂ ਵੇ
ਹਰ ਦਮ ਸ਼ਗਨ ਮਨਾਵਾਂ ।

ਗੱਡੀਏ ਨੀ ਤੇਰੇ ਪਹੀਏ ਟੁੱਟ ਜਾਣ
ਚਾਰੇ ਟੁੱਟ ਜਾਣ ਬਾਹੀਆਂ
ਗਭਰੂ ਤੂੰ ਢੋ ਲੈ,
ਨਾਰਾਂ ਦੇਣ ਦੋਹਾਈਆਂ ।

ਮਾਹੀ ਮੇਰੇ ਦਾ ਪੱਕਿਆ ਬਾਜਰਾ
ਟੁਰ ਪਈ ਗੋਪੀਆ ਫੜਕੇ
ਖੇਤ ਵਿਚ ਜਾ ਕੇ ਹੂਕਰ ਮਾਰੀ
ਸਿਖਰ ਮਨੇ ਤੇ ਚੜ੍ਹਕੇ
ਉਤਰਦੀ ਨੂੰ ਆਈਆਂ ਝਰੀਟਾਂ
ਚੁੰਨੀ ਪਾਟ ਗਈ ਫਸਕੇ
ਟੁਰ ਪ੍ਰਦੇਸ ਗਿਉਂ
ਦਿਲ ਮੇਰੇ ਵਿਚ ਵਸਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ਼ਕ ਤੰਦੂਰ ਹੱਡਾਂ ਦਾ ਬਾਲਣ
ਦੋਜ਼ਖ ਨਾਲ ਤਪਾਵਾਂ
ਕੱਢ ਕੇ ਕਾਲਜਾ ਕਰ ਲਾਂ ਪੇੜੇ
ਹੁਸਨ ਪਲੇਥਣ ਲਾਵਾਂ
ਸਿਪਾਹੀਆ ਮੁੜ ਆ ਵੇ ।
ਮੈਂ ਰੋਜ਼ ਔਂਸ਼ੀਆਂ ਪਾਵਾਂ

ਦੁਆਬੇ ਦੀ ਮੈਂ ਜੰਮੀ ਜਾਈ
ਮਾਝੇ ਵਿੱਚ ਵਿਆਹੀ
ਦੇਸ਼ ਵਿਛੁੰਨੀ ਕੂੰਜ ਮੈਂ ਭੈਣੋਂ
ਜੰਗ ਨੂੰ ਗਿਆ ਮੇਰਾ ਮਾਹੀ
ਹਰ ਦਮ ਨੀਰ ਵਗੇ ਨੈਣਾਂ 'ਚੋਂ
ਔਣ ਦੀ ਚਿੱਠੀ ਨਾ ਪਾਈ
ਮੁੜ ਪੈ ਸਿਪਾਹੀਆ ਵੇ
ਮੈਂ ਜਿੰਦੜੀ ਘੋਲ ਘੁਮਾਈ ।

ਚੁੰਝ ਤੇਰੀ ਵੇ ਕਾਲਿਆ ਕਾਵਾਂ
ਸੋਨੇ ਨਾਲ ਮੜਾਵਾਂ
ਜਾ ਆਖੀ ਮੇਰੇ ਢੋਲ ਸਿਪਾਹੀ ਨੂੰ
ਨਿੱਤ ਮੈਂ ਔਂਸੀਆਂ ਪਾਵਾਂ
ਖਬਰਾਂ ਲਿਆ ਕਾਵਾਂ
ਤੈਨੂੰ ਘਿਓ ਦੀ ਚੂਰੀ ਪਾਵਾਂ ।

ਨੌਕਰ ਨੂੰ ਧੀ ਦੇਂਈ ਨਾ ਬਾਬਲਾ
ਹਾਲੀ ਪੁੱਤ ਬਥੇਰੇ
ਨੌਕਰ ਦੀ ਤਾਂ ਦੂਰ ਨੌਕਰੀ
ਦੂਰ ਲਵਾ ਲਏ ਨਾਵੇਂ
ਚਿਠੀਆਂ ਲਿਖਦੀ ਨੂੰ ਢਲ ਜਾਂਦੇ ਪ੍ਰਛਾਵੇਂ ।

ਪਿਪਲਾਂ ਵੇ ਮੇਰੇ ਪੇਕੇ ਪਿੰਡ ਦਿਆ
ਤੇਰੀਆਂ ਠੰਡੀਆਂ ਛਾਵਾਂ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਢਾਬ ਤੂਰੀ ਦਾ ਗੰਧਲਾ ਪਾਣੀ
ਉਤੋਂ ਬੂਰ ਹਟਾਵਾਂ
ਸੱਭੇ ਸਹੇਲੀਆਂ ਸਹੁਰੇ ਗਈਆਂ
ਕੀਹਨੂੰ ਹਾਲ ਸੁਣਾਵਾਂ
ਚਿੱਠੀਆਂ ਬੈਰੰਗ ਭੇਜਦਾ
ਕਿਹੜੀ ਛਾਉਣੀ 'ਚ ਲੁਆ ਲਿਆ ਨਾਵਾਂ ।

ਕੋਠੇ ਉਤੇ ਮੈਂ ਖੜੀ
ਮੇਰੀ ਕੋਈ ਨਾ ਲੱਗਦੀ ਵਾਹ
ਕਾਵਾਂ ਦੀਆਂ ਆਈਆਂ ਅੱਖੀਆਂ
ਕੋਈ ਕਬੂਤਰਾਂ ਨੂੰ ਭੁਲ ਗਏ ਰਾਹ ।

ਮਾਹੀ ਮੇਰੇ ਨੇ ਬਾਗ ਲਵਾਇਆ,
ਵਿਚ ਲਵਾਈਆਂ ਖੱਟੀਆਂ ਵੇ
ਰਾਤੀ ਸੌਣ ਨਾ ਦੇ ਦੀਆਂ ਅੱਖੀਆਂ ਵੇ
ਰਾਤੀ ਤਾਰੇ ਗਿਣ ਗਿਣ ਥੱਕੀਆਂ ਵੇ
ਰਾਤੀ ਸੌਣ ਨਾ ਦੇਂਦੀਆਂ ਅੱਖੀਆਂ ਵੇ ।

ਦੀਵਾ ਬਲੇ ਸਾਰੀ ਰਾਤ,
ਮੇਰਿਆ ਜ਼ਾਲਮਾ
ਦੀਵਾ ਬਲੇ ਸਾਰੀ ਰਾਤ
ਬੱਤੀਆਂ ਬਟਾ ਰਖਦੀ
ਮੇਰਿਆ ਜ਼ਾਲਮਾ
ਦੀਵਾ ਬਲੇ ਸਾਰੀ ਰਾਤ ।
ਆਵੇਂਗਾ ਤਾਂ ਪੁਛ ਲਵਾਂਗੀ
ਮੇਰਿਆ ਜ਼ਾਲਮਾ
ਕਿਥੇ ਗੁਜ਼ਾਰੀ ਸਾਰੀ ਰਾਤ
ਬੱਤੀਆਂ ਬਟਾ ਰਖਦੀ
ਮੇਰਿਆ ਜ਼ਾਲਮਾ
ਦੀਵਾ ਬਲੇ ਸਾਰੀ ਰਾਤ ।
ਆਵੇਂਗਾ ਤੇ ਬੁਝ ਲਵਾਂਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੇਰਿਆਂ ਜ਼ਾਲਮਾ
ਕਿਥੇ ਗੁਜ਼ਾਰੀ ਸਾਰੀ ਰਾਤ
ਦੀਵਾ ਬਲੇ ਸਾਰੀ ਰਾਤ
ਮੇਰਿਆ ਜ਼ਾਲਮਾ
ਦੀਵਾ ਬਲੇ ਸਾਰੀ ਰਾਤ

ਪਿੱਪਲ ਦਿਆ ਪੱਤਿਆ ਵੇ ਕੇਹੀ ਖੜ ਖੜ ਲਾਈ ਆ
ਪੱਤ ਝੜੇ ਪੁਰਾਣੇ ਰੁੱਤ ਨਵਿਆਂ ਦੀ ਆਈ ਆ।

ਪਿੱਤਲ ਦਿਆ ਪੱਤਿਆ ਵੇ ਕੇਹੀ ਛੋਡੀ ਲਾਲੀ ਆ
ਅਹਿਲ ਜਵਾਨੀ, ਢੋਲਾ ਅਸੀਂ ਪੇਕੇ ਗਾਲੀ ਆ

ਪਿੱਪਲ ਦਿਆ ਪੱਤਿਆ ਵੇ ਕੇਹੀ ਛਾਂ ਕੀਤੀ ਆ
ਉਮਰ ਬਸੰਤੀ ਚੰਨਾ ਸਾਡੀ ਐਵੇਂ ਬੀਤੀ ਆ

ਪਿੱਪਲ ਦਿਆ ਪੱਤਿਆ ਵੇ ਕੇਹੀਆਂ ਛਡੀਆਂ ਲਗਰਾਂ ਨੀ
ਢੋਲ ਪਰਦੇਸੀ ਸਈਓ ਕੌਣ ਲਿਆਵੇ ਖਬਰਾਂ ਨੀ।

ਪਿੱਪਲ ਦਿਆ ਪੱਤਿਆ ਤੇਰੇ ਪੱਤ ਨੀ ਸਾਵੇ ਵੇ
ਨਿਤ ਕੁਰਲਾਵਾਂ ਬੀਬਾ, ਮੈਂ ਤੇਰੇ ਹਾਵੇ ਵੇ।

ਟੱਪੇ

ਮਹਿੰਦੀ ਹੱਥਾਂ ਨੂੰ ਲਾਵਾਂ ਮੈਂ
ਆਵੇਂ ਜੇ ਤੂੰ ਮਾਹੀਆ
ਰੰਗ ਰਲੀਆਂ ਮਨਾਵਾਂ ਮੈਂ।

ਗੀਤ ਕੋਇਲ ਨੇ ਗਾਇਆ ਏ
ਚਿੱਠੀਆਂ ਮੈਂ ਕਈ ਪਾਈਆਂ
ਕੋਈ ਉੱਤਰ ਨਾ ਆਇਆ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਉੜਾ ਚੈਨ ਨਾ ਪਾਵੇ ਨੀ
ਉਠ ਉਠ ਤਕਨੀ ਆਂ
ਚੰਨ ਨਜ਼ਰ ਨਾ ਆਵੇ ਨੀ ।

ਉਹੋ ਰਾਤ ਹਨੇਰੀ ਵੇ
ਨਾ ਕਲਪਾ ਚੰਨਾਂ
ਹੁਣ ਤੇ ਹੋਈ ਬਥੇਰੀ ਵੇ ।

ਬੂੰਦਾਂ ਵਸ ਵਸ ਪੈਂਦੀਆਂ ਨੇ
ਕੰਤਾਂ ਨੂੰ ਲਾ ਕੇ ਗਲੇ
ਸਈਆਂ ਮੌਜਾਂ ਲੈਂਦੀਆਂ ਨੇ ।

ਮੋਮ ਬੱਤੀਆਂ ਬਲੀਆਂ ਨੇ
ਮਾਹੀ ਪ੍ਰਦੇਸ ਗਿਆ,
ਅਸਾਂ ਭਸਮਾਂ ਮਲੀਆਂ ਨੇ ।

ਖਾਰਾ ਪਾਣੀ ਸਮੁੰਦਰਾਂ ਦਾ
ਰਸਤਾ ਕਿਉਂ ਭੁੱਲ ਗਿਆ ਏ,
ਮੇਰੇ ਮਹਿਰਮ ਨੂੰ ਘਰ ਦਾ ।

ਡੋਨਾ ਭਰਿਆ ਮਲਾਈ ਦਾ
ਮੌਤ ਦੇ ਦੁਖ ਕੋਲੋਂ
ਦੁਖ ਬਹੁਤਾ ਜੁਦਾਈ ਦਾ ।

ਲੰਬੀਆਂ ਬੋਲੀਆਂ

ਸੁਣ ਵੇ ਫਰੰਗੀਆ ਸੱਧਰਾਂ ਮੇਰੀਆਂ
ਮੈਂ ਤੈਨੂੰ ਆਖ ਸੁਣਾਵਾਂ
ਦੇ ਛੁਟੀ ਮੇਰੇ ਢੋਲ ਸਿਪਾਹੀ ਨੂੰ
ਧਾ ਗਲਵਕੜੀ ਪਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਰੰਗੀਆ ਤਰਸ ਕਰੀਂ
ਤੇਰਾ ਜਸ ਗਿੱਧੇ ਵਿਚ ਗਾਵਾਂ ।

ਹਾਰ ਜਾਏਂ ਜਰਮਨੀਆਂ
ਮੇਰੇ ਸਿੰਘ ਨੂੰ ਕੈਦ ਜਿਨ ਕੀਤਾ ।

ਬਸਰ ਦੀ ਲਾਮ ਟੁੱਟ ਜਾਏ
ਮੈਂ ਰੰਡੀਉਂ ਸੁਹਾਗਣ ਹੋਵਾਂ ।

ਰੰਨਾਂ ਵਾਲੇ ਜੰਗ ਜਿੱਤਦੇ
ਕਿਥੇ ਲਿਖਿਆ ਫਰੰਗੀਆਂ ਦੱਸ ਵੇ ?

ਮਾਹੀ ਮੇਰਾ ਲਾਮ ਨੂੰ ਗਿਆ
ਮੇਰੇ ਵੱਜਣ ਕਲੇਜੇ ਛੁਰੀਆਂ

ਉਡ ਗਿਆ ਮਿਰਕਣ ਨੂੰ
ਕਣਕ ਵੇਚ ਕੇ ਸਾਰੀ ।

ਤੇਰੀ ਚੀਨ ਦੀ ਖੱਟੀ ਦਾ ਮੂੰਹ ਭੰਨ ਦੂੰ
ਜਣ ਕੇ ਨੌਂ ਕੁੜੀਆਂ ।

ਤੇਰੇ ਲੇਖ ਜਾਣਗੇ ਨਾਲੇ
ਨਾ ਜਾ ਬਰਮਾ ਨੂੰ ।

ਛਾਵਾਂ ਛਾਵਾਂ ਛਾਵਾਂ
ਜੁਤੀ ਮੇਰੀ ਮਖਮਲ ਦੀ
ਮੈਂ ਪੈਰਾਂ ਵਿਚ ਦੀ ਪਾਵਾਂ
ਪੁਤ ਮੇਰੇ ਸਹੁਰੇ ਦਾ
ਲਗੀ ਲਾਮ ਤਾਂ ਲੁਆ ਗਿਆ ਨਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਹੋਇਆ ਦਸ ਨਾ ਗਿਆ,
ਮੈਂ ਚਿੱਠੀਆਂ ਕਿਧਰ ਨੂੰ ਪਾਵਾਂ
ਕੋਲਾਂ ਕੂਕਦੀਆਂ, ਕਿਤੇ ਬੋਲ ਚੰਦਰਿਆ ਕਾਵਾਂ,
ਸੂਹਣੇਂ ਮਾਲਕ ਦੇ ਮੈਂ ਨਿੱਤ ਮੁਕਲਾਵੇ ਜਾਵਾਂ।

ਉਠ ਪਈ ਨੀ ਮੇਰੇ ਦਰਦ ਕਲੇਜੇ
ਪਾ ਦਿਓ ਨੀ ਮੇਰੇ ਪੀਆ ਵਲ ਚਿੱਠੀਆਂ
ਜਾ ਪਹੁੰਚੀ ਚਿੱਠੀ ਵਿਚ ਨੀ ਕਚਹਿਰੀ
ਪੜ੍ਹ ਲਈ ਨੀ ਮਾਹੀਏ ਪੱਟਾਂ ਉਤੇ ਧਰਕੇ
ਤੁਰ ਪਿਆ ਨੀ ਮਾਹੀ ਸਿਖਰ ਦੁਪਹਿਰੀਂ
ਆਉਂਦੇ ਨੇ ਮੇਰੀ ਨਬਜ਼ ਪਕੜ ਲਈ
ਦੱਸ ਗੋਰੀਏ ਨੀ ਤੂੰ ਹਾਲ ਦਿਲਾਂ ਦਾ
ਮਿਟ ਗਏ ਵੇ ਮੇਰੇ ਸਾਰੇ ਰੋਗ ਦਿਲਾਂ ਦੇ।

ਇਕ ਵਾਰੀ ਮੇਲ ਵੇ ਰੱਬਾ
ਕਿਤੇ ਵਿਛੜੇ ਹੀ ਨਾ ਮਰ ਜਾਈਏ।

ਕਦੇ ਪਾ ਵਤਨਾਂ ਵੱਲ ਫੇਰਾ
ਝਾਕਦੀ ਦੀ ਅੱਖ ਪੱਕ ਗਈ।

ਕਦੋਂ ਹੋਣਗੇ ਸੱਜਣਾਂ ਦੇ ਮੇਲੇ
ਪਾਂਧਿਆਂ ਤੂੰ ਫੋਲ ਪੱਤਰੀ।

ਚਿੱਠੀ ਇਕ ਨਾ ਦਰਦ ਦੀ ਆਈ
ਕਾਗਜ਼ਾਂ ਦਾ ਰੁੱਗ ਆ ਗਿਆ।

ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ
ਛੁੱਟੀ ਲੈ ਕੇ ਆ ਜਾ ਨੌਕਰਾ।

ਕਾਹਨੂੰ ਰੋਨੀ ਏਂ ਢਿਲੇ ਜੇ ਬੁੱਲ੍ਹ ਕਰਕੇ
ਜੰਗ ਜਿੱਤ ਘਰੀਂ ਮੁੜਨਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗ ਜਿੱਤ ਕੇ ਸਿਪਾਹੀ ਆਏ
ਗਿੱਧਾ ਪਾਓ ਸੋਹਣੀਓਂ ।

ਬਾਹੀਂ ਹੀਰ ਦੇ ਸੋਂਹਦਾ ਚੂੜਾ
ਗਲ ਵਿਚ ਸੋਹੇ ਗਾਨੀ
ਠੁਮਕ ਠੁਮਕ ਪੱਬ ਧਰਦੀ ਗਿੱਧੇ ਵਿਚ
ਮੁੜ ਕੇ ਚੜ੍ਹੀ ਜਵਾਨੀ
ਵਹੁਟੀ ਸਿਪਾਹੀ ਦੀ
ਬਣ ਗਈ ਗਿੱਧੇ ਦੀ ਰਾਣੀ ।

ਸਿਪਾਹੀਆ, ਸੌਂ ਜਾ ਵੇ
ਠੰਢੀ ਠੰਢੀ ਵਗਦੀ ਵਾ ।

ਦਿਨ ਰਹਿ ਗਏ ਛੁੱਟੀ ਦੇ ਥੋੜ੍ਹੇ
ਘੁੱਟ ਘੁੱਟ ਪਾ ਲੈ ਜੱਫੀਆਂ

ਸੌਣ ਦੇ ਮਹੀਨੇ ਬੱਦਲਾਂ ਰਿਮਝਿਮ ਲਾਈ ਆ
ਤਾਣ ਛੱਤਰੀ ਵੇ ਜਿਹੜੀ ਲੰਡਨੋਂ ਮੰਗਾਈ ਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹ ਦੇ ਗੀਤ

ਪੰਜਾਬੀ ਜੀਵਨ ਦੇ ਸਭ ਤੋਂ ਚੰਗੇਰੇ ਸਭਿਆਚਾਰਕ ਪ੍ਰੋਗਰਾਮ ਮੁੰਡਿਆਂ ਕੁੜੀਆਂ ਦੇ ਵਿਆਹ ਤੇ ਮੰਗਣੇ ਦੇ ਸਮੇਂ ਹੁੰਦੇ ਹਨ। ਵਿਆਹ ਸ਼ਾਦੀ ਵਾਲੇ ਘਰ, ਗੀਤ ਗਾਉਣ ਦੀ ਚਰਚਾ ਸੁਭਾਵਿਕ ਹੁੰਦੀ ਹੈ। ਨਿਸਚਿਤ ਦਿਨ ਤੋਂ ਕਈ ਦਿਨ ਪਹਿਲਾਂ ਹਰ ਰੋਜ਼ ਰਾਤ ਨੂੰ ਰੋਟੀ ਟੁਕਰ ਖਾਣ ਤੋਂ ਬਾਅਦ ਘਰਾਂ ਦੀਆਂ ਕੁੜੀਆਂ, ਨੌਜਵਾਨ ਤੇ ਬਜ਼ੁਰਗ ਔਰਤਾਂ ਰਲ ਕੇ ਘੋੜੀਆਂ ਜਾਂ ਸੁਹਾਗ ਗਾਉਂਦੀਆਂ ਹਨ। ਵਿਆਹ ਵਿਚ ਜੰਞ ਤੇ ਲਾੜੇ ਨੂੰ ਸਿਠਣੀਆਂ ਦਿਤੀਆਂ ਜਾਂਦੀਆਂ ਹਨ। ਛੰਦ ਬੋਲੇ ਜਾਂਦੇ ਹਨ। ਇਸ ਤਰ੍ਹਾਂ ਵਿਆਹ ਦੇ ਸਾਰੇ ਦਿਨਾਂ ਵਿਚ ਵਖ ਵਖ ਤਰ੍ਹਾਂ ਦੇ ਗੀਤਾਂ ਦਾ ਰੰਗ ਬੱਝਾ ਰਹਿੰਦਾ ਹੈ। ਡੋਲੀ ਦੀ ਵਿਦਾਇਗੀ ਸਮੇਂ ਡੋਲੀ ਦੇ ਗੀਤ ਤੇ ਉਸ ਉਪਰੰਤ ਗਿੱਧਾ ਤੇ ਗਿੱਧੇ ਦੀਆਂ ਖੋਲੀਆਂ ਪਾ ਕੇ ਖੂਬ ਨੱਚਿਆ ਟੱਪਿਆ ਜਾਂਦਾ ਹੈ।

ਵਿਆਹ ਦੇ ਗੀਤਾਂ ਵਿਚੋਂ ਘੋੜੀਆਂ, ਸੁਹਾਗ, ਸਿਠਣੀਆਂ, ਦੋਹੇ, ਕਾਮਨ, ਛੰਦ, ਆਦਿ ਪ੍ਰਸਿੱਧ ਲੋਕ ਗੀਤ ਹਨ। ਘੋੜੀਆਂ ਮੁੰਡਿਆਂ ਦੇ ਜਨਮ ਅਤੇ ਵਿਆਹ ਦੇ ਸ਼ੁਭ ਇਛਾਵਾਂ ਦੇ ਗੀਤ ਹੁੰਦੇ ਹਨ। ਕੁੜੀਆਂ ਦੇ ਵਿਆਹ ਦੇ ਸ਼ੁਭ ਇਛਾਵਾਂ ਦੇ ਗੀਤ ਸੁਹਾਗ ਹੁੰਦੇ ਹਨ। ਦੋਹੇ ਤੇ ਸਿਠਣੀਆਂ ਰਾਹੀਂ ਲਾੜੇ ਤੇ ਜਾਂਞੀਆਂ ਨਾਲ ਹਾਸ ਰਸ ਭਰੇ ਮਖੌਲ ਕੀਤੇ ਜਾਂਦੇ ਹਨ। ਕਾਮਨ ਵੀ ਘਰ ਆਏ ਲਾੜੇ ਨੂੰ ਗੀਤਾਂ ਵਿਚ ਹਾਸਾ ਮਖੌਲ ਹੀ ਹੁੰਦਾ ਹੈ। ਇਨ੍ਹਾਂ ਗੀਤਾਂ ਤੋਂ ਬਿਨਾਂ ਵਿਆਹ ਵਿਚ ਸਮੇਂ ਸਮੇਂ ਤੀਵੀਂ ਮਰਦ ਦੇ ਆਪਸੀ ਪਿਆਰ ਦੇ ਗੀਤ ਵੀ ਗਾਏ ਜਾਂਦੇ ਹਨ।

ਬੀਬੀ ਦੂਰ ਖੇਡਣ ਮਤ ਜਾਇਓ
ਸੱਜਣ ਘਰ ਆਵਣਗੇ
ਮੈਂ ਤਾਂ ਲੁਕ ਲੁਕ ਜਾਊਂ ਮਾਤਾ ਜੀ ਦੀ ਗੋਦ
ਸੱਜਣ ਕੈਸੇ ਆਵਣਗੇ
ਇਹਨਾਂ ਸੱਜਣਾਂ ਦੇ ਹੱਥ ਵਿਚ ਹਾਰ
ਤੇਰੇ ਗਲ ਪਾਵਣਗੇ
ਮੈਂ ਤਾਂ ਲੁਕ ਜਾਊਂ ਵੀਰੇ ਦੀ ਗੋਦ
ਸੱਜਣ ਲੰਘ ਜਾਵਣਗੇ
ਸੱਜਣ ਘੋੜਿਆਂ ਦੇ ਅਸਵਾਰ
ਤੈਨੂੰ ਡੋਲੇ ਪਾਵਣਗੇ
ਮੈਂ ਤਾਂ ਲੁਕ ਜਾਊਂ ਬਾਬਲ ਜ਼ੀ ਦੀ ਗੋਦ
ਸੱਜਣ ਲੰਘ ਜਾਵਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੀਬੀ ਸਰਬ ਸੁਹਾਗਣੇ ਨੀ
ਸਿਰ ਕਿਹੋ ਜਿਹਾ ਕਰੀਏ
ਮੈਂ ਕੀ ਜਾਣਾ ਲਾਡਲੀ ਨੀ
ਮੇਰੀ ਮਾਤਾ ਨੂੰ ਪੁੱਛ ਲਓ
ਬੀਬੀ ਸਰਬ ਸੁਹਾਗਣੇ ਨੀ
ਸਿਰ ਕਿਹੋ ਜਿਹਾ ਕਰੀਏ
ਮੈਂ ਕੀ ਜਾਣਾ ਲਾਡਲੀ
ਮੇਰੀਆਂ ਸਹੀਆਂ ਨੂੰ ਪੁੱਛ ਲਓ ।

ਵਿਹੜੇ ਵਿਚ ਖਾਰਾ ਅੱਡਿਆ
ਖਾਰਿਓਂ ਉਤਾਰ ਮਾਮਾ ਵੱਡਿਆ
ਹਰ ਨ੍ਹਾਈ ਹਰ ਧੋਈ, ਹਰ ਠੰਡੇ ਪਾਣੀਆਂ
ਵੇ ਮਾਮਾ ਵਹਿੜ ਵੱਛਾ, ਪੁੰਨ ਤੇਰਾ ਜਾਣਿਆ
ਪੁੰਨ ਤੇਰਾ ਦਾਨ ਤੇਰਾ, ਦਿਤੜਾ ਦਾਨ ਪਛਾਈਏਂ ।

ਆਂਗਨ ਚਿੱਕੜ ਕੀਹਨੇ ਕੀਤਾ ਵੇ
ਕੀਹਨੇ ਡੋਲਿਆ ਪਾਣੀ
ਦਾਦੇ ਦੀ ਪੋਤੜੀ ਨਾਤੜੀ ਨੀ
ਉਹਨੇ ਡੋਲਿਆ ਪਾਣੀ ।
ਆਂਗਨ ਚਿੱਕੜ ਕੀਨੇ ਕੀਤਾ ਨੀ
ਛੀਹਕੇ ਡੋਲਿਆ ਪਾਣੀ
ਬਾਬਲ ਬੇਟੜੀ ਨਾਤੜੀ ਨੀ
ਉਹਨੇ ਡੋਲਿਆ ਪਾਣੀ ।

ਵਾਹ ਵਾਹ ਕਿ ਵੱਟਣਾ ਕਟੋਰੇ ਦਾ
ਜਿੰਦੇ ਨੀ ਕਿ ਵੱਟਣਾ ਕਟੋਰੇ ਦਾ
ਵਾਹ ਵਾਹ ਕਿ ਚਾਦਰ ਪਿੜੀਆਂ ਦੇ
ਵਾਹ ਵਾਹ ਕਿ ਕਿ ਰੌਣਕ ਕੁੜੀਆਂ ਦੀ
ਜਿੰਦੇ ਨੀ ਕਿ ਰੌਣਕ ਕੁੜੀਆਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਹਵਾ ਕੁ ਵਟਣਾ ਕਟੋਰੇ ਦਾ,
ਜਿੰਦੇ ਨੀ ਵਟਣਾ ਕਟੋਰੇ ਦਾ
ਵਾਹਵਾ ਮਲੌਂਦੀਆਂ ਦੋ ਜਣੀਆਂ
ਜਿੰਦੇ ਨੀ ਮਲੌਂਦੀਆਂ ਦੋ ਜਣੀਆਂ
ਵਾਹਵਾ ਕੁ ਵਟਣਾ ਕਟੋਰੇ ਦਾ,
ਜਿੰਦੇ ਨੀ ਵਟਣਾ ਕਟੋਰੇ ਦਾ ।

ਹੱਥ ਕੰਗਨਾਂ ਮੁੱਖ ਸੇਹਰੇ
ਤੇਰੇ ਮੋਢੇ ਧਰੀ ਤਲਵਾਰ
ਸਹੁਰੇ ਘਰ ਵੀਰਾ ਇਉਂ ਢੁੱਕੀਂ
ਜਿਵੇਂ ਢੁੱਣਿਆ ਠਾਣੇਦਾਰ ।

ਚੰਨਣ ਚੌਂਕੀ ਬੈਠ ਕੇ ਵੀਰਾ
ਸਭ ਨੂੰ ਕਰੀਂ ਸਲਾਮ
ਸੱਭੇ 'ਸੀਸਾਂ ਦੇਣਗੇ
ਤੈਨੂੰ ਰਾਜੀ ਰੱਖੂ ਭਗਵਾਨ ।

ਤੂੰ ਲੌਂਗ ਮੈਂ ਲੈਚੀਆਂ ਭੈਣੇ
ਦੋਵੇਂ ਚੰਗੀ ਚੀਜ਼
ਇਕ ਡੱਬੀ ਵਿਚ ਪਾ ਲਈਏ
ਜਿਉਂ ਦੰਦਾਂ ਵਿਚ ਜੀਭ ।

ਤੇਰੇ ਵੇ ਵੀਰਾ ਰੂਪ ਦੀ
ਕੋਈ ਮਾਲਾ ਲਵਾਂ ਪਰੋ
ਵਿੱਚ ਪਰੋਵਾਂ ਲਾਲੜੀ
ਕੋਈ ਝਿਲਮਿਲ ਝਿਲਮਿਲ ਹੋ ।

ਹਰਾ ਫੁੱਲ ਕੇਸਰੀ ਵੀਰਾ
ਬੰਦੀ ਕੋਈ ਬੰਦ
ਭਾਈਆਂ ਵਿਚ ਤੂੰ ਐਂ ਸਜੇਂ
ਜਿਉਂ ਤਾਰਿਆਂ ਵਿਚ ਚੰਦ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਠ ਨੀ ਰਵੇਰ ਘੋੜੀ ਬਾਬੇ ਵਿਹੜੇ ਜਾ
ਬਾਬੇ ਦੇ ਮਨ ਸ਼ਾਦੀਆਂ, ਤੇਰੀ ਦਾਦੀ ਦੇ ਮਨ ਚਾ
ਘੋੜੀ ਚੁਗਦੀ ਹਰਿਆ ਘਾਹ, ਘੋੜੀ ਪਈ ਸਵੱਲੜੇ ਰਾਹ
ਘੋੜੀ ਸਾਂਵਲੀ ਸਹੀਓ
ਇਕ ਜੋ ਘੋੜੀ ਹਿਣਕਦੀ ਪਟਿਆਲੇ ਤੋਂ ਆਈ
ਮੁੱਲ ਲਈ ਮੇਰੇ ਬਾਪ ਨੇ ਘਰ ਘਰ ਹੋਈ ਆ ਵਧਾਈ
ਅਰਣ ਵਰਣ ਵੀਰਾ ਕੱਪੜੇ ਕੇਸਰ ਹੋਈ ਛਿੜਕਾਈ
ਵਾਗ ਪਕੜ ਵੀਰਾ ਚੜ੍ਹ ਗਿਆ ਆਪਣੀ ਚਤੁਰਾਈ
ਮੋਹਰੇ ਘੋੜਾ ਵੀਰ ਦਾ ਮਗਰ ਭਾਬੀ ਦਾ ਡੋਲਾ ।

ਨਿੱਕੀ ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ
ਦੰਮਾਂ ਦੀ ਬੋਰੀ ਤੇਰਾ ਬਾਪ ਫੜੇ
ਹਾਥੀਆਂ ਦੇ ਸੰਗਲ ਤੇਰਾ ਬਾਬਲ ਫੜੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ ।
ਘੋੜੀ ਦੇ ਉਤੇ ਮੇਰਾ ਵੀਰ ਚੜ੍ਹੇ
ਭੈਣ ਵੇ ਸੁਹਾਗਣ ਤੇਰੀ ਵਾਗ ਫੜੇ
ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ
ਭੈਣ ਵੇ ਸੁਹਾਗਣ ਤੇਰੇ ਸ਼ਗਨ ਕਰੇ ।

ਘੋੜੀ ਸੋਂਹਦੀ ਕਾਠੀਆਂ ਦੇ ਨਾਲ
ਕਾਠੀ ਡੇਢ ਹਜ਼ਾਰ
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ ।

ਕਿਉਂ ਖੜਾ ਵੀਰਾ ਕਿਉਂ ਖੜਾ
ਕਿਉਂ ਖੜਾ ਦਿਲਗੀਰ
ਗੱਡਾ ਦੇਣਗੇ ਦਾਜ ਦਾ
ਤੇਰੇ ਮਗਰ ਲਾਉਣਗੇ ਹੀਰ ।

ਨੀ ਅੱਜ ਮੇਰੇ ਬੰਨਰੇ ਦੇ
ਮੱਥੇ ਤੇ ਚਮਕਣ ਵਾਲ
ਅੱਜ ਮੇਰੇ ਬੰਨਰੇ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆ ਵੇ ਬੰਨੇ
ਬੰਨ੍ਹ ਸ਼ਗਨਾਂ ਦਾ ਗਾਨਾ
ਗਾਨੇ ਦੇ ਫੁੰਮਣ ਚਾਰ
ਅੱਜ ਮੇਰੇ ਬੰਨਰੇ ਦੇ ।

ਤੇਰੇ ਕਾਰਣ ਵੇ ਮੈਂ ਬਾਗ ਲਵਾਇਆ
ਵੇ ਵਿੱਚ ਬਿਠਾਇਆ ਮਾਲੀ
ਟਹਿਲ ਜਾਈਂ ਟਹਿਲ ਜਾਈਂ
ਵੇ ਮੇਰਿਆ ਮਹਿੰਗਿਆ ਵਜ਼ੀਰਾ
ਵੇ ਛੋਟੀ ਨਣਦ ਦਿਆ ਵੀਰਾ,
ਅਰਜ਼ਾਂ ਬੰਦੀ ਦੀਆਂ ਜੀ
ਜ਼ਾਲਮ ਸੁਣਕੇ ਜਾਇਓ ।

ਚਿੱਟੀਆਂ ਪੂਣੀਆਂ ਤੰਦ ਲੈਣ ਹੁਲਾਰੇ
ਕਿਹੜੇ ਧਰਮੀ ਨੇ ਘਰ ਸਜਣ ਸਦਾ ਲਏ
ਚਿੱਟੀਆਂ ਪੂਣੀਆਂ ਤੰਦ ਲੈਣ ਹੁਲਾਰੇ
ਬਾਬਲ ਧਰਮੀਂ ਨੇ ਘਰ ਸਜਣ ਸਦਾ ਲਏ ।

ਹਰਾ ਰੰਗ, ਸਾਵਾ ਰੰਗ, ਕਿਹੜੇ ਦੇਸ਼ਾਂ ਤੋਂ ਆਇਆ
ਨੀ ਮੇਰਾ ਹਰਾ ਰੰਗ ਸਾਵਾ ਰੰਗ, ਦੂਰੋਂ ਲਾਹੌਰ ਤੋਂ ਆਇਆ
ਹਰਾ ਰੰਗ ਸਾਵਾ ਰੰਗ ਵੀਰ ਦੇ ਚੀਰੇ ਨੂੰ ਲਾਇਆ
ਹਰਾ ਰੰਗ ਸਾਵਾ ਰੰਗ ਭਾਬੋ ਦੇ ਡੋਰੀਏ ਨੂੰ ਲਾਇਆ ।

ਚੀਰੇ ਰੰਗਾਏ ਸੀ ਚਾਰ ਵੇ ਤੂੰ ਬੰਨ੍ਹਦਾ ਕਿਉਂ ਨਹੀਂ
ਲੋਕਾਂ ਭਾਣੇ ਚਤਰ ਸੁਣੀਂਦਾ
ਮੇਰੇ ਭਾਅ ਦਾ ਮੂਰਖ ਓਏ ਤੂੰ
ਅਕਲ ਨਾ ਦੇਖੀ ਸ਼ਕਲ ਨਾ ਦੇਖੀ
ਮਰ ਜਾਏਂ ਵਿਚੋਲਿਆ ਓਏ ਜਦ ਦੇਖਾਂ ਜਦ ਮੱਥੇ ਤਿਊੜੀ
ਮੈਂ ਸੁੱਤੀ ਲੇਖ ਲਿਖਾਏ ਵੇ ਤੂੰ ਬੰਨ੍ਹਦਾ ਕਿਉਂ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਮੇਰੇ ਜੋਗੀ ਨੇ ਖੂਹਾ ਲਵਾਇਆ
ਪਾਣੀ ਭਰਾਂ ਮੈਂ ਆਪ ਲੀ
ਜੋਗੀ ਮਲ ਮਲ ਨ੍ਹਾਵੇ
ਸੋਹਣੀ ਜੋਗੀ ਦੀ ਚਾਲ ਨੀ
ਉਹਦੇ ਨੈਣ ਕਟੋਰੇ
ਜਾਣਾ ਜੋਗੀ ਦੇ ਨਾਲ ਨੀ ਕੋਈ ਹਟਕੇ ਨਾ ਮੋੜੇ
ਇਕ ਮੇਰੇ ਜੋਗੀ ਨੇ ਚੀਰਾ ਰੰਗਾਇਆ
ਕਲਗੀ ਸਜਾਵਾਂ ਮੈਂ ਆਪ ਨੀ
ਜੋਗੀ ਸਹਿਜ ਹੰਢਾਵੇਂ
ਸੋਹਣੀ ਜੋਗੀ ਦੀ ਚਾਲ ਨੀ
ਉਹਦੇ ਨੈਣ ਕਟੋਰੇ
ਮੈਂ ਜਾਣਾ ਜੋਗੀ ਦੇ ਨਾਲ ਨੀ ਕੋਈ ਹਟਕੇ ਨਾ ਮੋੜੇ ।

ਜੁੱਤੀ ਵੀ ਵੀਰਾ ਤੇਰੀ ਮਰਕੜੀ
ਕੋਈ ਵਿਚ ਤਿੱਲੇ ਦੀ ਤਾਰ
ਕਿਹੜੀਆਂ ਕੁ ਦੇਖੀਆਂ ਸਾਲੀਆਂ
ਕੋਈ ਕੇਹੀ ਕੁ ਤੇਰੀ ਨਾਰ ।

ਪਿਆਲਾ ਵੀ ਭਾਬੋ ਤੇਰੀ ਸੱਸ ਦੇਵੇ
ਕੋਈ ਪਿਆਲਾ ਲਈ ਲੰਘਾ
ਪੈਰਾਂ ਹੇਠ ਨਾ ਦੱਬ ਲਈਂ
ਕੋਈ ਲੋਕੀਂ ਕਰਨ ਵਿਚਾਰ ।

ਡੋਲੇ ਉਤੇ ਬਾਲੀਆਂ
ਵੀਰਾ ਹੋਰ ਵੀ ਲਿਆਵੀਂ ਸਾਲੀਆਂ ।

ਅੰਦਰ ਡਾਹਾਂ ਕੁਰਸੀਆਂ
ਕੋਈ ਬਾਹਰ ਕਰਾਂ ਛਿੜਕਾ
ਵੀਰ ਜੀ ਮੱਥਾ ਟੇਕਣਾ ਭੁੱਲ ਗਿਆ
ਤੈਨੂੰ ਨਵੀਂ ਬੰਨੋ ਦਾ ਚਾਅ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਤਰ ਭਾਬੋ ਡੋਲਿਓਂ
ਵੇਖ ਸੌਹਰੇ ਦਾ ਬਾਰ
ਕੰਧਾਂ ਚਿਤਮ ਚਿੱਤੀਆਂ
ਹਾਥੀ ਝੂਲਦੇ ਬਾਰ ।

ਉੱਤਰ ਭਾਬੋ ਡੋਲਿਓਂ
ਕੋਈ ਵੇਖ ਸਹੁਰੇ ਦਾ ਬਾਰ
ਸੱਸ ਤੇਰੀ ਤਾਂ ਗੌਰਜਾਂ
ਕੋਈ ਸੌਹਰਾ ਠਾਣੇਦਾਰ
ਨਨਦ ਚੰਬੇ ਦੀਆਂ ਫਾੜੀਆਂ
ਕੋਈ ਕੰਤ ਫੁੱਲਾਂ ਦਾ ਹਾਰ ।

ਵਧਾਈਆਂ ਚੰਦ ਕੁਰੇ ਤੈਨੂੰ ਵਧਾਈਆਂ ਨੀ
ਵਧਾਈਆਂ ਤੇਰੇ ਓਤ ਨੂੰ ਤੇਰੇ ਗੋਤ ਨੂੰ
ਵਧਾਈਆਂ ਤੇਰੇ ਓਤ ਨੂੰ ਤੇਰੇ ਗੋਤ ਨੂੰ
ਜਾਣਦੇ ਨੂੰ, ਬਣਦੇ ਨੂੰ, ਜੰਮਣ ਗੁੜ੍ਹਤੀ ਦਿੰਦੇ ਨੂੰ
ਜੀਹਨੇ ਚੰਦਕੁਰ ਰੱਖਿਆ ਨਾਉਂ ਵਧਾਈਆਂ ਨੀ ।

ਵਧਾਈਆਂ ਚੰਦ ਕੁਰੇ ਤੈਨੂੰ ਵਧਾਈਆਂ ਨੀ
ਵਧਾਈਆਂ ਤੇਰੇ ਆਰ ਨੂੰ, ਪਰਵਾਰ ਨੂੰ
ਤੇਰੇ ਬਾਬਲ ਵੱਡੇ ਸਰਦਾਰ ਨੂੰ
ਜੀਹਨੇ ਰੱਖਿਆ ਚੰਦਕੁਰ ਨਾਉ ਵਧਾਈਆਂ ਨੀ ।

ਚੰਨਾਂ ਵੇ ਤੇਰੀ ਚਾਨਣੀ ਤਾਰਿਆ ਵੇ ਤੇਰੀ ਲੋਅ
ਚੰਨ ਪਕਾਵੇ ਰੋਟੀਆਂ ਤਾਰਾ ਕਰੇ ਰਸੋ
ਚੰਨ ਦੀਆਂ ਰੋਟੀਆਂ ਮੈਂ ਖਾ ਲਈਆਂ
ਤਾਰੇ ਦੀਆਂ ਰਹਿ ਗਈਆਂ ਦੋ
ਸੱਸ ਨੇ ਮੈਨੂੰ ਆਖਿਆ
ਘਿਓ ਵਿਚ ਮੈਦਾ ਗੋ
ਘਿਓ ਵਿਚ ਮੈਦਾ ਥੋੜਾ ਪਿਆ
ਮੈਨੂੰ ਸੱਸ ਗਾਲ੍ਹੀਆਂ ਕੱਢੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਕੱਢ ਸੱਸੇ ਗਾਲ੍ਹੀਆਂ ।
ਏਥੇ ਮੇਰਾ ਕੌਣ ਸੁਣੇ
ਮਹਿਲਾਂ ਦੇ ਹੇਠ ਮੇਰਾ ਬਾਬਲ ਖੜਾ
ਸੁਣ ਸੁਣ ਨੈਣ ਭਰੇ
ਨਾ ਰੋ ਬਾਬਲ ਮੇਰਿਆ
ਧੀਆਂ ਦੇ ਦੁਖ ਬੁਰੇ

ਇਕ ਨਾ ਬੀਜੀਂ ਸਿੰਘਾ ਬਾਜਰਾ
ਇਕ ਨਾ ਬੀਜੀਂ ਜੁਆਰ
ਮਾਂ ਦਿਆ ਕਾਹਨ ਚੰਦਾ
ਗਰਮੀ ਤਾਂ ਕਰਦਾ ਤੇਰਾ ਬਾਜਰਾ ਵੇ
ਵਾਈ ਤਾਂ ਕਰਦੀ ਜੁਆਰ
ਮਾਂ ਦਿਆ ਕਾਹਨ ਚੰਦਾ
ਚਿੜੀਆਂ ਨੇ ਖਾਧਾ ਤੇਰਾ ਬਾਜਰਾ ਵੇ
ਡਬਰਿਆਂ ਖਾਧੀ ਜੁਆਰ
ਮਾਂ ਦਿਆ ਕਾਹਨ ਚੰਦਾ
ਇਕ ਨਾ ਮਾਰੀਂ ਸਿੰਘਾ ਸੋਟੜਾ
ਵੇ ਇਕ ਨਾ ਕੱਢੀਂ ਮਾਂ ਦੀ ਗਾਲ੍ਹ
ਮਾਂ ਦਿਆ ਕਾਹਨ ਚੰਦਾ
ਮੌਰੀਂ ਤਾਂ ਰੜਕੇ ਤੇਰਾ ਸੋਟੜਾ ਵੇ
ਦਿਲ ਵਿੱਚ ਰੜਕੇ ਮਾਂ ਦੀ ਗਾਲ੍ਹ
ਮਾਂ ਦਿਆ ਕਾਹਨ ਚੰਦਾ
ਇਕ ਨਾ ਦੇਈਂ ਸੱਸੇ ਪੀਸਣਾ
ਇਕ ਨਾ ਦੇਈਂ ਭਰਾ ਦੀ ਗਾਲ੍ਹ
ਖੂਨੀਂ ਨੈਣੀਂ ਜਲ ਭਰੇ
ਪੇਕਿਆਂ ਤੋਂ ਲਿਆਈ ਗੋਲੀਆਂ ਨੀ ਨੂੰਹੇਂ ਮੋਰੀਏ
ਨਹੀਂ ਦੇਊਂ ਭਰਾਵਾਂ ਦੀ ਗਾਲ੍ਹ
ਕਾਹਨੂੰ ਨੈਣੀਂ ਜਲ ਭਰੇਂ
ਧੀਆਂ ਨੂੰ ਦੇਈਂ ਸੱਸੇ ਗੋਲੀਆਂ
ਸਾਡੇ ਤਾਂ ਮਾਪੇ ਗਰੀਬ
ਖੂਨੀਂ ਨੈਣੀਂ ਜਲ ਭਰੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਠੇ ਤੇ ਕਬੂਤਰ ਬੈਠਾ, ਕਰਦਾ ਘੂੰ ਘੂੰ
ਨਾਲੇ ਬੱਧੀਆਂ ਤੇਰੀਆਂ ਰੋਟੀਆਂ, ਨਾਲੇ ਬੱਧਾ ਤੂੰ ।

ਤੈਨੂੰ ਜੰਨ ਛੁਡਾਉਣੀ ਨਾ ਆਈ
ਕੱਚਾ ਹੋ ਕੇ ਬਹਿ ਵੇ ਗਿਆ
ਤੈਨੂੰ ਭੈਣ ਦੇਣੀ ਨਾ ਆਈ
ਬੱਧੀ ਰੋਟੀ ਖਾ ਵੇ ਗਿਆ ।

ਜੇ ਲਾੜਿਆ ਤੇਰਾ ਹੋਵੇ ਕਬੀਲਾ
ਬੱਧੀ ਜੰਨ ਛੁੜਾਵੇ
ਜੰਨ ਕੌਣ ਛੁਡਾਵੇ
ਲਾਗੀ ਦੱਬੇ ਆਏ
ਜੰਨ ਕੌਣ ਛੁਡਾਵੇ ।

ਲਾੜੇ ਦੀ ਭੈਣ ਪਾਣੀ ਨੂੰ ਚੱਲੀ
ਲੱਕ ਪਤਲਾ ਲਹਿੰਗਾ ਭਾਰੀ
ਰੋ ਮੁਸਾਫ਼ਰ ਗਿਰਧਾਰੀ ।

ਉਠ ਖੜੋ ਸਜਣੋ, ਉਠ ਖੜੋ
ਉਤੋਂ ਚੜ੍ਹ ਪਈ ਧੁੱਪ
ਤੁਸੀਂ ਤਾਂ ਰੋਟੀ ਖਾ ਹਟੇ
ਸਾਡੇ ਵੀਰਾਂ ਨੂੰ ਲੱਗੀ ਭੁੱਖ ।

ਅੱਜ ਦੀ ਦਿਹਾੜੀ ਡੋਲੀ ਰੱਖ ਲੈ ਨੀ ਮਾਂ
ਰਵ੍ਹਾਂ ਬਾਪ ਦੀ ਬਣਕੇ ਗੋਲੀ ਨੀ ਮਾਂ
ਡੋਲੀ ਦਾ ਵਾਣ ਪੁਰਾਣਾ ਨੀ
ਨਾ ਰੋ ਧੀਏ
ਧੀਆਂ ਧਨ ਬੇਗਾਨਾਂ ਨੀ
ਤੇਰੀ ਡੋਲੀ ਨੂੰ ਲਗੜੇ ਤੀਰ ਨੀ
ਨਾ ਰੋ ਬੀਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੈਨੂੰ ਵਿਦਾ ਕਰੇਂਦੇ ਤੇਰੇ ਵੀਰ ਨੀ
ਤੇਰੀ ਡੋਲੀ ਨੂੰ ਲਗੜੇ ਲਾਚੇ ਨੀ
ਨਾ ਰੋ ਬੀਬੀ
ਤੈਨੂੰ ਵਿਦਾ ਕਰੇਂਦੇ ਤੇਰੇ ਚਾਚੇ ਨੀ
ਤੇਰੀ ਡੋਲੀ ਨੂੰ ਲੱਗੀਆਂ ਪੱਤੀਆਂ ਨੀ
ਨਾ ਰੋ ਬੀਬੀ
ਤੈਨੂੰ ਵਿਦਾ ਕਰੇਂਦੀਆਂ ਤੇਰੀਆਂ ਸਖੀਆਂ ਨੀ ।

ਲਾਲ ਵੀ ਭੈਣੇ ਤੇਰੇ ਕੱਪੜੇ
ਕਾਲੇ ਤੇਰੇ ਕੇਸ
ਮਾਪਿਆਂ ਨੇ ਡੋਲੇ ਪਾ ਦਿੱਤੀ
ਕੋਈ ਖਾਈਂ ਆਪਣੇ ਲੇਖ ।

ਔਹ ਗਈ ਭੈਣੇ ਔਹ ਗਈ
ਕੋਈ ਲੰਘ ਗਈ ਆਪਣੇ ਖੇਤ
ਧੰਨ ਜੇਰਾ ਤੇਰੇ ਬਾਪ ਦਾ
ਜੀਹਨੇ ਘਲੀ ਬਿਗਾਨੇ ਦੇਸ ।

ਲੰਘ ਗਈ ਭੈਣੇ ਲੰਘ ਗਈ
ਕੋਈ ਲੰਘ ਚਲੀ ਦਰਿਆ
ਰੱਜ ਨਾ ਗੱਲਾਂ ਕੀਤੀਆਂ
ਮੇਰਾ ਮਨੋਂ ਨਾ ਲੱਥਾ ਚਾਅ ।

ਨੰਗੇ ਵੀ ਪੈਰੀਂ ਮੇਰਾ ਵੀਰ ਫਿਰੇ
ਕੋਈ ਕਰਦਾ ਧੀਆਂ ਦੇ ਦਾਨ
ਬਹੁਤੀਆਂ ਧੀਆਂ ਦਾ ਘੇਰਿਆ
ਥੋਨੂੰ ਨਿਉਂ ਨਿਉਂ ਕਰੇ ਸਲਾਮ

ਧੀ ਹੋਵੇ ਤਾਂ ਧਨ ਹੋਵੇ
ਕੋਈ ਨਿਧਰੀ ਧੀ ਨਾ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੀ ਰੱਖੀ ਮੇਰੇ ਬਾਪ ਨੇ
ਕੋਈ ਝੂਰ ਝੂਰ ਪਿੰਜਰਾ ਹੋ ।

ਲੈ ਚਲੇ ਬਾਬਲਾ ਲੈ ਚਲੇ ਵੇ
ਡੋਲੜੀ ਪਾਏ ਕਹਾਰ
ਬਾਬਲ ਬੇਟੀ ਲੈ ਚਲੇ ਵੇ
ਰੱਖ ਲੈ ਬਾਬਲਾ ਰੱਖ ਲੈ ਵੇ
ਅੱਜ ਅਜੋਕੜੀ ਰਾਤ
ਬਾਬਲ ਬੇਟੀ ਰੱਖ ਲੈ ਵੇ
ਕਿਕਣ ਰਖ ਲਾਂ ਧੀਏ ਮੇਰੀਏ ਨੀ
ਪੰਚਾਂ ਨਾਲ ਕੀਤੇ ਕਰਾਰ
ਧੀਏ ਘਰ ਜਾ ਆਪਣੇ ।

ਭੇਜ ਨੀ ਅੰਮਾਂ ਰਾਣੀ ਸੂਹੜੇ
ਸੂਹਿਆਂ ਦੇ ਦਿਨ ਚਾਰ ਸਾਵਣ ਆਇਆ ।
ਕੀਕੂੰ ਨੀ ਭੇਜਾਂ ਧੀਏ ਸੂਹੜੇ
ਪਿਓ ਤੇਰਾ ਪਰਦੇਸ ਸਾਵਣ ਆਇਆ ।
ਲਿਖ ਲਿਖ ਭੇਜਾਂ ਬਾਬਲ ਚਿਠੀਆਂ
ਤੂੰ ਪ੍ਰਦੇਸਾਂ ਤੋਂ ਆ ਸਾਵਣ ਆਇਆ ।
ਕੀ ਕੂੰ ਨੀ ਆਵਾਂ ਜਾਈਏ ਮੇਰੀਏ
ਨਦੀਆਂ ਨੇ ਲਿਆ ਨੀ ਉਛਾਲਾ, ਸਾਵਣ ਆਇਆ ।
ਪਾਵੋ ਵੇ ਮਲਾਹੋ ਬੇੜੀਆਂ
ਮੇਰਾ ਬਾਬਲ ਪਾਰ ਲੰਘਾਓ ਸਾਵਣ ਆਇਆ ।
ਹੱਥ ਦੀ ਮੈਂ ਦੇਵਾਂ ਮੁੰਦਰੀ
ਗਲ ਦਾ ਨੌ ਲੱਖਾ ਹਾਰ, ਸਾਵਣ ਆਇਆ

ਉੱਚੀ ਡਿਓਢੀ ਇੱਟ ਨਾ ਧਰੀਏ
ਧੀ ਨਾ ਦੇਈਏ ਦੂਰ ਨੀ
ਚੁਮਾਸਾ ਸਾਵਣ ਆ ਗਿਆ
ਇਟ ਡਿੱਗੇਗੀ ਸੱਟ ਲੱਗੇਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੀ ਮਰੋਗੀ ਦੂਰ ਨੀ
ਚੁਮਾਸਾ ਸਾਵਣ ਆਇਆ।

ਛਮ ਛਮ, ਛਮ ਛਮ ਪੈਣ ਫੁਹਾਰਾਂ
ਬਿਜਲੀ ਦੇ ਰੰਗ ਨਿਆਰੇ
ਆਓ ਸਾਰੇ ਗਿੱਧਾ ਪਾਈਏ
ਸਾਨੂੰ ਸੌਣ ਸੈਨਤਾਂ ਮਾਰੇ
ਫਿਰ ਕਦ ਨੱਚਾਂਗੇ
ਸੌਣ 'ਚ ਨੱਚ ਲੌ ਸਾਰੇ।

ਸੌਣ ਦੇ ਮਹੀਨੇ ਮੰਜੇ ਡਾਹੀਏ ਨਾ ਜੋੜ ਕੇ
ਵਗਣਗੇ ਪ੍ਰਨਾਲੇ, ਪਾਣੀ ਲੈ ਜੂ ਗਾ ਵੇ ਰੋੜ੍ਹ ਕੇ।

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਵੇ ਜਾਣਾ
ਸਾਡੀ ਲੰਮੀ ਉਡਾਰੀ ਵੇ
ਬਾਬਲ ਕਿਹੜੇ ਦੇਸ ਵੇ ਜਾਣਾ
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ
ਬਾਬਲ ਡੋਲਾ ਨਹੀਂ ਲੰਘਦਾ
ਇਕ ਇੱਟ ਪੁਟਾ ਦੇਨਾਂ
ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ
ਬਾਬਲ ਗੁੱਡੀਆਂ ਕੌਣ ਖੇਡੂ
ਮੇਰੀਆਂ ਖੇਡਣ ਪੋਤਰੀਆਂ
ਧੀਏ ਘਰ ਜਾ ਆਪਣੇ।

ਵਿਦਿਆ ਦਾ ਬਾਬਲ ਕਹਿੰਦਾ
ਕਿਹੋ ਜੇਹਾ ਵਰ ਟੋਲੀਏ ?
ਵਿਦਿਆ ਦੀ ਦਾਦੀ ਕਹਿੰਦੀ,
ਜਿਥੇ ਵਿਦੋ ਰਾਜ ਕਰੇ
ਵੱਸਣਾਂ ਮਹਿਲਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਝਰੋਖੇ ਬੈਠੀ ਦਾਤਣ ਕਰੇ
ਖਾਣਾ ਕੌਲਾਂ ਦਾ
ਰਸੋਈਆ ਇਹਦਾ ਲੰਗਰ ਕਰੇ
ਸੌਣਾ ਪਲੰਘਾਂ ਦਾ
ਗੋਲੀ ਮੁੱਠੀਆਂ ਭਰੇ ।

ਬੀਬੀ ਚੰਦਨ ਉਹਲੇ ਉਹਲੇ ਕਿਉਂ ਖੜੀ ?
ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਪਾਸ
ਬਾਬਲ ਵਰ ਲੋੜੀਏ
ਨੀ ਧੀਏ ਕਿਹੋ ਜਿਹਾ ਵਰ ਲੋੜੀਏ ?
ਜਿਉਂ ਤਾਰੇ ਤਾਰਿਆਂ ਵਿਚੋਂ ਚੰਦ
ਚੰਦਾਂ ਵਿਚੋਂ ਕਾਹਨ
ਘਨੱਈਆ ਵਰ ਲੋੜੀਏ ।

ਦੇਵੀਂ ਵੇ ਬਾਬਲਾ ਓਸ ਘਰੇ
ਜਿਥੇ ਸੱਸ ਭਲੀ ਪਰਧਾਨ, ਸਹੁਰਾ ਸਰਦਾਰ ਹੋਵੇ
ਡਾਹ ਪੀੜ੍ਹਾ ਬਹਿੰਦੀ ਸਾਹਮਣੇ ਵੇ
ਮੱਥੇ ਕਦੇ ਨਾ ਪਾਂਦੀ ਵੱਟ
ਬਾਬਲ ਤੇਰਾ ਪੁੰਨ ਹੋਵੇ
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ
ਦੇਵੀਂ ਵੇ ਬਾਬਲ ਓਸ ਘਰੇ
ਜਿਥੇ ਮੱਝਾਂ ਬੂਰੀਆਂ ਸੱਠ
ਕਦੇ ਚੋਵਾਂ ਕਦੇ ਰਿੜਕਾਂ
ਵੇ ਮੇਰਾ ਚਾਟੀਆਂ ਦੇ ਵਿੱਚ ਹੱਥ
ਬਾਬਲ ਤੇਰਾ ਪੁੰਨ ਹੋਵੇ, ਤੇਰਾ ਹੋਵੇਗਾ ਵੱਡੜਾ ਜੱਸ ।

ਹੁਣ ਕੀ ਦਾਅਵਾ ਬਾਬਲਾ ਤੇਰਾ
ਦਾਅਵਾ ਕਰਦਾ ਮੁੰਡੇ ਦਾ ਭਾਈਆ
ਪਕੜ ਖਲੋਤਾ ਡੋਲੇ ਦੀਆਂ ਬਾਹੀਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਣਿਓ ਵੇ ਸੁਣਿਓ ਸਾਡਿਓ ਨਵਿਓਂ ਕੁੜਮੋਂ
ਅਰਜ਼ ਬੰਦੀ ਦੀ ਸੁਣਿਓ ਜੀ
ਜੋ ਅਸੀਂ ਦਿੱਤੀਆਂ ਪਾਟੀਆਂ ਲੀਰਾਂ
ਰੇਸ਼ਮ ਕਰ ਕੇ ਜਾਣਿਓ ਜੀ
ਜੋ ਅਸੀਂ ਦਿਤੇ ਚਾਂਦੀ ਦੇ ਗਹਿਣੇ
ਸੋਨਾਂ ਕਰਕੇ ਜਾਣਿਓ ਜੀ
ਸਾਡਾ ਅੰਦਰ ਵੀ ਭਰਿਆ
ਸਾਡਾ ਬਾਹਰ ਵੀ ਭਰਿਆ
ਕੁੜਮ ਰਾਜਿਓ ਜੀ
ਸਾਡਾ ਭਰਿਆ ਪੱਖ ਪਰਵਾਰ
ਹੋ ਜੋ ਧੀ ਜੁ ਦਿੱਤੀ ਤੁਸਾਂ ਡਾਢੀ ਸੋਹਣੀ
ਸਾਡੇ ਘਰ ਦਾ ਹੋਇਆ ਸ਼ਿੰਗਾਰ
ਹੋ ਸਾਈਂ ਵਸਦੇ ਰਹੋ ।

ਬੀਬੀ ਛੱਡ ਦੇ ਮੰਜੇ ਦਾ ਪਾਵਾ
ਪਾਵੇ ਦਾ ਕੀ ਦਾਵਾ
ਦਾਵੇ ਵਾਲੇ ਲੈ ਨੀ ਚੱਲੇ ।

ਕਾਹਨੂੰ ਕਰਨਾ ਗੁਮਾਨ ਬਾਬਲਾ
ਵੇ ਧੀਆਂ ਪ੍ਰਦੇਸਣਾਂ
ਕਾਹਨੂੰ ਹੋਈਆਂ ਸੀ ਜਵਾਨ ਬਾਬਲਾ
ਵੇ ਧੀਆਂ ਪ੍ਰਦੇਸਣਾਂ ।

ਕੋਠੇ ਤੇ ਦੋ ਬੱਤਖਾਂ ਸੱਜਣੋਂ
ਕੋਈ ਕਰਦੀਆਂ ਬੱਤੋ ਬੱਤ
ਧੀਆਂ ਵਾਲਿਆਂ ਦੀ ਬੇਨਤੀ
ਬੰਨ੍ਹ ਖੜੋਤੇ ਹੱਥ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਦ ਚੜ੍ਹਿਆ ਲੋਰੀ ਪਾਟ ਗਈ ਭੈਣੇ
ਕੁਕੜ ਨੇ ਦਿੱਤੀ ਬਾਂਗ
ਚੰਦ ਨਾਲ ਫੇਰੇ ਲੈ ਲਏ
ਤੇਰੇ ਮੋਤੀ ਕੀਤੇ ਦਾਨ

ਗਿੱਲੇ
ਬਾਬਲ ਨੇ ਧੀ ਤੋਰੀ ਚਾਰੇ ਖੂੰਜੇ ਹਿੱਲੇ ।

ਮੇਰਾ ਤਾਰਾ ਮੀਰਾ ਗਾਹੀਦਾ ਭੈਣੇ
ਗੰਢਾਂ ਦੇ ਦੇ ਮੇਲ ਸਦਾਇਆ,
ਹੁਣ ਕਿਉਂ ਮੇਲ ਟਾਹੀਦਾ ਭੈਣੇ
ਮੇਰਾ ਤਾਰਾ ਮੀਰਾ......

ਬਾਬਲ ਵਿਦਾ ਕਰੇਂਦਿਆ ਵੇ ਮੈਨੂੰ ਰੱਖ ਲੈ ਅੱਜ ਦੀ ਰਾਤ ਵੇ
ਕਿਵੇਂ ਰੱਖਾਂ ਧੀਏ ਮੇਰੀਏ, ਮੈਂ ਤਾਂ ਸੱਜਣ ਮੰਗਾ ਲਏ ਆਪ ਨੀ
ਸੱਜਣ ਨਾ ਮੰਗਦੇ ਲਡੂਏ, ਤੁਸੀਂ ਦੇ ਦਿਓ ਰੋਟੀਆਂ ਚਾਰ ਵੇ
ਬਾਬਲ ਵਿਦਾ ਕਰੇਂਦਿਆਂ ।

ਮੇਰੇ ਬਾਗਾਂ ਦੀ ਕੋਇਲ ਕਹਾਂ ਚਲੀ ਆ
ਮੇਰੇ ਬਾਗਾਂ ਦੀ ਕੋਇਲ ਕਹਾਂ ਚਲੀ ਆ
ਧਰਮੀ ਬਾਬਲ ਦੇ ਕੀਤੇ ਬੋਲ
ਬੋਲਾਂ ਬੱਧੀ ਮੈਂ ਚਲੀ ਆਂ
ਮੇਰੇ ਬਾਗਾਂ ਦੀ ਕੋਇਲ ਕਹਾਂ ਚਲੀ ਆ
ਧਰਮੀ ਵੀਰੇ ਦੇ ਕੀਤੇ ਬੋਲ
ਬੋਲਾਂ ਬੱਧੀ ਮੈਂ ਚਲੀ ਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾ ਰੋ ਬੀਬੀ ਗੌਰਜਾਂ
ਕੋਈ ਗੁਝੜੇ ਰੋਣੇ ਨਾ ਰੋ
ਮਾਪਿਆਂ ਡੋਲੀ ਪਾ ਦਿੱਤੀ
ਤੂੰ ਤਾਂ ਬੁੱਢ ਸੁਹਾਗਣ ਹੋ ।

ਚੌਂਕੀ ਹਾਕਮਾਂ ਦੀ ਆਈ
ਖ਼ਬਰਦਾਰ ਰਹਿਣਾ ਜੀ
ਕਰਮਿਆਂ ਭੈਣਾਂ ਜਗਾ ਲੈ ਵੇ, ਜਾਗੋ ਆਈ ਆ
ਚੁਪ ਕਰ ਬੀਬੀ ਮਸਾਂ ਸਮਾਈ ਐ
ਲੋਰੀ ਦੇ ਕੇ ਪਾਈ ਐ, ਅੜੀ ਕਰੂਗੀ ।

ਉਚੀਆਂ ਕਸੁੰਭੀਆਂ ਚੋਲੀਆਂ ਸੁਣ ਮਾਏ ਮੇਰੀਏ,
ਰੰਗ ਰੰਗ ਕੇ ਭੇਜ ਕਿ ਸਾਵਣ ਆਇਆ ।
ਕੀਕਣ ਭੇਜਾਂ ਚੋਲੀਆਂ, ਸੁਣ ਧੀਏ ਮੇਰੀਏ,
ਤੇਰਾ ਵੇਖਣ ਵਾਲਾ ਦੂਰ ਕਿ ਸਾਵਣ ਆਇਆ ।
ਕੰਤ ਨੂੰ ਪਾਨੀ ਆਂ ਚਿੱਠੀਆਂ, ਸੁਣ ਜਾਨੀ ਮੇਰਿਆ,
ਤੂੰ ਘਰ ਵਗਦਾ ਆ ਕਿ ਸਾਵਣ ਆਇਆ ।
ਕੀਕਣ ਆਵਾਂ ਗੋਰੀਏ ਸੁਣ ਜਾਨ ਮੇਰੀਏ,
ਵਿਚ ਗਜਦੇ ਸ਼ੇਰ ਕਿ ਸਾਵਣ ਆਇਆ ।
ਨਾਗਾਂ ਨੂੰ ਪਾਨੀ ਆਂ ਪਟਾਰੀਆਂ, ਸੁਣ ਜਾਨੀ ਮੇਰਿਆ,
ਤੂੰ ਘਰ ਵਗਦਾ ਆ ਸਾਵਣ ਆਇਆ ।
ਕੀਕਣ ਆਵਾਂ ਗੋਰੀਏ ਸੁਣ ਜਾਨ ਮੇਰੀਏ,
ਵਿਚ ਗੱਜਦੇ ਸ਼ੇਰ ਕਿ ਸਾਵਣ ਆਇਆ ।

ਸ਼ੇਰਾਂ ਨੂੰ ਪਾਨੀ ਆਂ ਪਿੰਜਰੇ ਸੁਣ ਜਾਨੀ ਮੇਰਿਆ,
ਤੂੰ ਘਰ ਝਬਦੇ ਆ ਕਿ ਸਾਵਣ ਆਇਆ ।
ਕੀਕਣ ਆਵਾਂ ਗੋਰੀਏ, ਸੁਣ ਜਾਨ ਮੇਰੀਏ,
ਰਾਹ ਵਿਚ ਵਗਦੇ ਦਰਿਆ ਕਿ ਸਾਵਣ ਆਇਆ ।
ਦਰਿਆਈਂ ਪਾਨੀ ਆਂ ਬੇੜੀਆਂ ਸੁਣ ਜਾਨੀ ਮੇਰਿਆ,
ਤੂੰ ਬੰਦੀ ਕੋਲ ਆ ਕਿ ਸਾਵਣ ਆਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਤਾਂ ਸਾਡਾ ਜੀ ਸਹੁਰਾ ਬੁਰਾ
ਘੁੰਡ ਦੀਆਂ ਕਰਦਾ ਵਿਚਾਰਾਂ
ਇਕ ਤਾਂ ਸਾਡੀ ਸੱਸ ਬੁਰੀ
ਸਾਡਾ ਲਏ ਅੰਤਵਾਰਾ
ਇਕ ਤਾਂ ਸਾਡੀ ਜਠਾਣੀ ਬੁਰੀ
ਚੌਂਕਾ ਤਾਂ ਮੱਲਦੀ ਏ ਸਾਰਾ
ਇਕ ਤਾਂ ਸਾਡੀ ਨਣਦ ਬੁਰੀ
ਦਾਜ ਮੰਗੇ ਬਹੁਤ ਸਾਰਾ ।

ਉੱਡਦਾ ਵੇ ਜਾਵੀਂ ਕਾਵਾਂ
ਬਹਿੰਦਾ ਜਾਵੀਂ ਵੇ
ਬਹਿੰਦਾ ਤੇ ਜਾਵੀਂ ਮੇਰੇ ਪੇਕੜੇ
ਇਕ ਨਾ ਦੱਸੀਂ ਮੇਰੀ ਮਾਂ ਰਾਣੀ ਨੂੰ
ਰੋਊਗੀ ਅੜਿਆ ਮੇਰੀਆਂ ਗੁਡੀਆਂ ਫੋਲ ਕੇ
ਇਕ ਨਾ ਦੱਸੀਂ ਮੇਰੇ ਬਾਪ ਰਾਜੇ ਨੂੰ
ਰੋਊਗਾ ਅੜਿਆ ਭਰੀ ਕਚਹਿਰੀ ਛੋੜ ਕੇ
ਇਕ ਨਾ ਦੱਸੀਂ ਮੇਰੀ ਮਿੱਠੜੀ ਭੈਣ ਨੂੰ
ਰੋਊਗੀ ਅੜਿਆ ਤ੍ਰਿੰਞਣ ਛੋੜ ਕੇ
ਦੱਸੀਂ ਵੇ ਕਾਵਾਂ ਦੱਸੀਂ ਵੀਰ ਮੇਰੇ ਨੂੰ
ਆਊਗਾ ਅੜਿਆ ਨੀਲਾ ਘੋੜਾ ਪੀੜ ਕੇ
ਇਕ ਨਾ ਦਸੀਂ ਮੇਰੀ ਭਾਬੋ ਰਾਣੀ ਨੂੰ
ਹੱਸੂਗੀ ਅੜਿਆ ਉਹ ਪੇਕੇ ਜਾ ਕੇ ।

ਛੰਦ

ਛੰਦ ਪਰਾਗੇ ਆਈਏ ਜਾਈਏ, ਛੰਦ ਅਗੇ ਲੋ
ਸਹੁਰਾ ਫੁਲ ਗੁਲਾਬ ਦਾ ਤੇ ਸੱਸ ਉਹਦੀ ਖੁਸ਼ਬੋ ।

ਛੰਦ ਪਰਾਗੇ ਆਈਏ ਜਾਈਏ, ਛੰਦ ਅਗੇ ਡਲੀ
ਸਹੁਰਾ ਫੁਲ ਗੁਲਾਬ ਦਾ ਸੱਸ ਚੰਬੇ ਦੀ ਕਲੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਚੱਕੀਆਂ ।
ਮਾਂ ਤੁਹਾਡੀ ਡਾਢੀ ਖਚਰੀ ਤੁਸੀਂ ਛਿਨਾਰਾਂ ਪੱਕੀਆਂ ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਘਿਓ
ਸੱਸ ਲੱਗੀ ਅੱਜ ਤੋਂ ਮਾਂ ਮੇਰੀ, ਸਹੁਰਾ ਲੱਗਾ ਪਿਓ ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਕੇਸਰ
ਸੱਸ ਤਾਂ ਮੇਰੀ ਪਾਰਬਤੀ ਸਹੁਰਾ ਮੇਰਾ ਪਰਮੇਸਰ ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਬੇਰੀ
ਵੇਖ ਵੇਖ ਕੇ ਥੱਕੀਆਂ ਅੱਖੀਆਂ, ਝੁਮਕਿਆਂ ਵਾਲੀ ਮੇਰੀ ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਤੁੰਮਾਂ,
ਸੱਭੇ ਸਾਲੀਆਂ ਸੋਹਣੀਆਂ, ਮੈਂ ਕੀਹਦਾ ਮੂੰਹ ਚੁੰਮਾਂ ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਤਰਾਂ
ਮੇਰੇ ਵਲ ਤੂੰ ਵੇਖ ਹੱਸ ਕੇ, ਮਿੰਨਤਾਂ ਪਿਆ ਮੈਂ ਕਰਾਂ ।

ਦੋਹੇ

ਪ੍ਰੀਤੋ ਦੀ ਭੈਣੇਂ ਚੜ੍ਹ ਗਈ ਡੇਕ
ਚੜ੍ਹ ਗਈ ਡੇਕ
ਟੁਟ ਗਿਆ ਟਾਹਣਾ, ਆ ਗਈ ਹੇਠ
ਪੁਛ ਲੌ ਮੁੰਡਿਓ ਰਾਜ਼ੀ ਆ, ਰਾਜ਼ੀ ਆ ਬਈ ਰਾਜ਼ੀ ਆ ।

ਜਾਨੀ ਭੱਜ ਚਲੇ ਦੈਣਾਂ ਛੱਡ ਚਲੇ
ਭੈਣਾਂ ਕੀਹਨੂੰ ਵੇ ਦੇਈਏ
ਦੇਈਏ ਤਾਂ ਦੇਈਏ ਜਾਨੀਆਂ ਦੀਆਂ ਭੈਣਾਂ
ਆਪਣੇ ਵੀਰਾਂ ਨੂੰ ਦੇਈਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੁਟਕੀ ਵੀ ਮਾਰਾਂ ਖਾਕ ਦੀ
ਤੈਨੂੰ ਬੱਕਰੀ ਲਵਾਂ ਬਣਾਂ
ਨੌਂ ਨੌਂ ਦਿਨ ਦੇ ਮੇਮਣੇ
ਤੈਨੂੰ ਇਜੜ ਦਵਾਂ ਬਣਾ ।

ਚਤਰਾਂ ਨੂੰ ਚਤਰਾਈਆਂ
ਗਿਆਨੀਆਂ ਨੂੰ ਗਿਆਨ
ਤੈਨੂੰ ਤੇਰੇ ਪੇਟ ਦੀ
ਤੇਰਾ ਥਾਲੀ ਵਲ ਧਿਆਨ ।

ਚਿੱਟੀ ਪਗੜੀ ਵਾਲਿਆ
ਤੇਰੀ ਪੱਗ ਤੇ ਬੈਠੀ ਜੂੰ
ਹੋਰਨਾਂ ਨੇ ਛੱਡੀਆਂ ਗੋਰੀਆ
ਤੇਰੀ ਗੋਰੀ ਨੇ ਛੱਡਿਆ ਤੂੰ ।

ਉੱਚਾ ਬੁਰਜ ਲਾਹੌਰ ਦਾ
ਕੋਈ ਵਿਚ ਤੋਤੇ ਦੀ ਖੋੜ
ਰੰਨਾਂ ਜਿਨ੍ਹਾਂ ਦੀਆਂ ਸੋਹਣੀਆਂ
ਉਨ੍ਹਾਂ ਨੂੰ ਝਾਕ ਨਾ ਹੋਰ ।

ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ
ਲਾੜੇ ਜੋਗਾ ਤੁਸੀਂ ਵਾਜਾ ਮੰਗਾਓ
ਜੰਞ ਤੇ ਸਜਦੀ ਨਹੀਂ ਵੇ ਲਾੜਿਆ
ਜੰਞ ਤੇ ਸਜਦੀ ਨਹੀਂ ।

ਸਾਡੇ ਤਾਂ ਵਿਹੜੇ ਮੁੱਢ ਮਕਈ ਦਾ
ਦਾਣੇ ਤਾਂ ਮੰਗਦਾ ਉੱਧਲ ਗਈ ਦਾ
ਭੱਠੀ ਤਪਾਉਣੀ ਪਈ
ਨਿਲੱਜਿਓ ਲੱਜ ਤੁਹਾਨੂੰ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੇ ਤਾਂ ਵਿਹੜੇ ਤਾਣਾ ਤਣੀਂਦਾ
ਮੁੰਡੇ ਦਾ ਪਿਓ ਕਾਣਾ ਸੁਣੀਂਦਾ
ਐਨਕ ਲੁਆਉਣੀ ਪਈ
ਐਨਕ ਲੁਆਉਣੀ ਪਈ
ਵੇ ਕੁੜਮੋਂ ਲੱਜ ਤੁਹਾਨੂੰ ਨਹੀਂ ।

ਹੁਣ ਕਿਧਰ ਗਈਆਂ ਵੇ
ਲਾੜਿਆਂ ਤੇਰੀਆਂ ਦਾਦਕੀਆਂ
ਉਹ ਤਾਂ ਉੱਧਲ ਗਈਆਂ ਵੇ, ਲਾੜਿਆ ਤੇਰੀਆਂ ਦਾਦਕੀਆਂ

ਖਾਧੀ ਸੀ ਪਿੱਛ, ਜੰਮੇ ਸੀ ਰਿੱਛ
ਖੋਡਾਂ ਪਾਉਣ ਗਈਆਂ ਵੇ... ..

ਖਾਧੇ ਸੀ ਲੱਡੂ, ਜੰਮੇ ਸੀ ਡੱਡੂ
ਉਹ ਤਾਂ ਛੱਪੜ ਟੋਬੇ ਗਈਆਂ ਵੇ......

ਖਾਧੀਆਂ ਸੀ ਖਿੱਲਾਂ, ਜੰਮੀਆਂ ਸੀ ਇੱਲਾਂ
ਇੱਲਾਂ ਉਡਾਉਣ ਗਈਆਂ ਵੇ... ..

ਨਵਾਂ ਕਰਾਇਆ ਕੰਗਣਾ ਜੀਜਾ
ਕੋਈ ਨਵੀਂ ਕਰਾਈ ਛਾਪ
ਤੇਰੀ ਖੂਬੀ ਤਾਂ ਜਾਣਾ
ਜੇ ਤੂੰ ਨਵਾਂ ਕਰਾਏਂ ਬਾਪ ।

ਚੁੱਪ ਕੀਤੜਿਆ ਮੂੰਹ ਮੀਟੜਿਆ
ਤੈਂ ਵਰੀ ਪੁਰਾਣੀ ਆਂਦੀ ਵੇ ਚੁੱਪ ਕੀਤੜਿਆ
ਮੈਂ ਲਿਔਂਦਾ ਸਾਂ, ਮੈਂ ਕਰਦਾ ਸਾਂ
ਮੇਰੀ ਜੋਰੋ ਬੜੀ ਚਕਚਾਲ ਉਹਤੋਂ ਡਰਦਾ ਸਾਂ
ਚੁੱਪ ਕੀਤੜਿਆ ਮੂੰਹ ਸੀਤੜਿਆ
ਇਹ ਗਹਿਣੇ ਲਿਆਂਦੇ ਮੰਗਵੇਂ ਵੇ ਚੁੱਪ ਕੀਤੜਿਆ
ਮੈਂ ਲਿਔਂਦਾ ਸਾਂ, ਮੈਂ ਕਰਦਾ ਸਾਂ
ਮੇਰੀ ਜੋਰੋ ਬੜੀ ਚਕਚਾਲ, ਉਹਤੋਂ ਡਰਦਾ ਸਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਨਾ ਭਰਿਆ ਦੁੱਧ ਦਾ
ਕੋਈ ਘੁੱਟੀ ਘੁੱਟੀ ਪੀ
ਜੇ ਥੋੜਾ ਪੁੱਤ ਹੈ ਲਾਡਲਾ
ਸਾਡੀ ਪੁੱਤਾਂ ਬਰੋਬਰ ਧੀ ।

ਸੱਠ ਸਹੇਲੀ ਦਰ ਖੜੀ
ਮੈਨੂੰ ਨਹੀਂ ਮਿਲਣ ਦਾ ਚਾਉ ਸੁਣੋ ਬਾਪ ਮੇਰੇ
ਕਿ ਹਰ ਮਨ ਚਾਉ ਰੇ
ਕਿ ਦਿਲ ਦਰਿਆ ਹੋ
ਬਾਬੇ ਦੀ ਮੈਂ ਲਾਡਲੀ, ਮੈਨੂੰ ਦਾਦੀ ਦਿੱਤੜਾ ਦੂਰ ਵੇ
ਲਖਦਾਤੀ ਦਿਤਾ ਦੂਰ ਵੇ
ਬਾਬਾ ਧਰਮ ਕਰੇਂਦਿਆ ਮੈਨੂੰ ਰੱਖ ਲੈ ਅੱਜ ਦੀ ਰਾਤ ਵੇ
ਦੇਸਾਂ ਦੀ ਮੈਂ ਕੂੰਜੜੀ ਪ੍ਰਦੇਸੀ ਮੇਰਾ ਵਾਸ ਵੇ

ਕਦੀ ਨਾ ਵਾਹੀਆਂ ਬੋਦੀਆਂ ਜੀਜਾ
ਕਦੇ ਨਾ ਲਾਇਆ ਤੇਲ
ਤੇਰੇ ਵਰਗੇ ਬੌਰੀਏ
ਸਾਡੇ ਮਹਿਲੀਂ ਵੇਚਣ ਬੇਰ ।

ਨਿੱਕੀ ਜਿਹੀ ਕੋਠੜੀਏ
ਤੈਂ ਵਿੱਚ ਮੇਰੇ ਦਾਣੇ
ਜੰਗੀਰੋਂ ਭੈਣੇਂ ਨਿਕਲ ਚਲੀ
ਲੈ ਕੇ ਨਿੱਕੇ ਨਿਆਣੇ

ਨਿੱਕੀ ਜਿਹੀ ਕੋਠੜੀਏ
ਤੈਂ ਵਿੱਚ ਮੇਰਾ ਆਟਾ
ਜੰਗੀਰੋਂ ਭੈਣੋਂ ਨਿਕਲ ਚੱਲੀ
ਲੈ ਕੇ ਧੌਲਾ ਝਾਟਾ ।

ਕੁੜੀ ਤਾਂ ਸਾਡੀ ਤਿੱਲੇ ਦੀ ਤਾਰ ਏ
ਮੁੰਡਾ ਤਾਂ ਲਗਦਾ ਕੋਈ ਘੁਮਿਆਰ ਏ
ਜੋੜ ਤਾਂ ਜੁੜਦਾ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਨਿਲੱਜਿਓ
ਲੱਜ ਤੁਹਾਨੂੰ ਨਹੀਂ ।

ਕੋਰੀ ਤੇ ਤੌੜੀ ਅਸਾਂ ਰਿੰਨ੍ਹੀਆਂ ਗੁੱਲੀਆਂ
ਭੁੱਖ ਤੇ ਲੱਗੀ ਤੁਸਾਂ ਕੱਢੀਆਂ ਬੁੱਲ੍ਹੀਆਂ
ਰੋਟੀ ਖਵਾਣੀ ਪਈ ਨਿਲੱਜਿਓ
ਲੱਜ ਤੁਹਾਨੂੰ ਨਹੀਂ ।

ਆ ਜੀਜਾ ਬਹੁ ਅੱਖ ਤੇ
ਝਿੰਮਣੀਆਂ ਦੀ ਛਾਂ
ਵਿੱਚੇ ਵਿਛੀਆਂ ਲੇਫ਼ ਤੁਲਾਈਆਂ
ਵਿੱਚੇ ਬਹਿਣ ਨੂੰ ਥਾਂ ।

ਜੀਜਾ ਜੁੜ ਜਾ ਮੰਜੇ ਦੇ ਨਾਲ
ਮੰਜਾ ਤੇਰਾ ਕੀ ਲੱਗਦਾ
ਬੀਬੀ, ਕਿਕਣ ਜੁੜਾਂ ਮੰਜੇ ਨਾਲ
ਮੰਜਾ ਮੇਰਾ ਪਿਓ ਲੱਗਦਾ
ਜੀਜਾ ਜੁੜ ਜਾ ਮੰਜੀ ਦੇ ਨਾਲ
ਮੰਜੀ ਤੇਰੀ ਕੀ ਲੱਗਦੀ
ਕਿਕਣ ਜੁੜ ਜਾਂ ਮੰਜੀ ਦੇ ਨਾਲ
ਮੰਜੀ ਮੇਰੀ ਮਾਂ ਲੱਗਦੀ ।

ਦਿਲ ਮੰਗਦਾ ਦਹੀਂ ਅਖਰੋਟ ਕੁੜੇ
ਕੁੜਮ ਤਾਂ ਸਾਡਾ ਪਤਲਾ ਜਿਹਾ
ਜੋਰੂ ਓਹਦੀ ਤੋਪ ਕੁੜੇ
ਮਰਹੱਟੇ ਵਾਲੀ ਤੋਪ ਕੁੜੇ
ਕੋਈ ਭੰਗੀਆਂ ਵਾਲੀ ਤੋਪ ਕੁੜੇ ।

ਤੈਨੂੰ ਵੀ ਘੋੜਾ ਭੇਜਦੀ ਭਾਬੋ
ਮੇਰੇ ਘੋੜੇ ਚੜ੍ਹਕੇ ਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਘੱਲਾਂ ਮੈਂ ਆਪਣੇ ਵੀਰ ਨੂੰ
ਮੈਨੂੰ ਭਾਬੀ ਕਹਿਣ ਦਾ ਚਾ ।

ਮੇਰੀ ਗੁਆਚੀ ਆਰਸੀ ਜੀਜਾ
ਤੇਰੀ ਗੁਆਚੀ ਮਾਂ
ਆਪਾਂ ਦੋਵੇਂ ਭਾਲੀਏ ਜੀਜਾ
ਕਰ ਛਤਰੀ ਦਾ ਛਾਂ ।

ਪੱਗ ਵੀ ਲਿਆਇਆ ਮੰਗ ਕੇ ਜੀਜਾ
ਕੁੜਤਾ ਲਿਆਇਆ ਚੁਰਾ
ਚਾਦਰਾ ਮੇਰੇ ਵੀਰ ਦਾ
ਮੈਂ ਤਾਂ ਐਥੇ ਲਵਾਂ ਲੁਹਾ ।

ਜੀਜਾ ਆਉਂਦਾ ਮੈਂ ਦੇਖਿਆ
ਰੋੜਿਆਂ ਵਾਲੀ ਢਾਬ
ਹੇਠ ਵਿਛਾਵਾਂ ਰੇਸ਼ਮੀ
ਤੈਨੂੰ ਝੱਲਾਂ ਰੁਮਾਲਾਂ ਨਾਲ ।

ਜੀਜਾ ਜੀਜਾ ਕਰ ਰਹੀ
ਜੀਜਾ ਭਰਿਆ ਗੁਮਾਨ
ਕਹੇਂ ਮੰਗਾ ਦਿਆਂ ਲੈਚੀਆਂ
ਜੇ ਕਹੇਂ ਮੰਗਾਂ ਦਿਆਂ ਪਾਨ ।

ਤੈਨੂੰ ਵੀ ਮਾਰਾਂ ਚੱਕ ਕੇ ਜੀਜਾ
ਕੋਈ ਸ਼ਿੱਟਾ ਤੂੜੀ ਦੇ ਵਿੱਚ
ਆਈਆਂ ਮੱਝੀਆਂ ਚਰ ਗਈਆਂ
ਤੈਨੂੰ ਪੱਥਾਂ ਗੋਹੇ ਦੇ ਵਿੱਚ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੁਟਕੀ ਮਾਰਾਂ ਖਾਕ ਦੀ ਜੀਜਾ
ਤੈਨੂੰ ਬਾਂਦਰ ਲਵਾਂ ਬਣਾ
ਟੁਕ ਦੀ ਬੁਰਕੀ ਪਾ ਕੇ
ਤੈਥੋਂ ਖੇਡਾਂ ਲਵਾਂ ਪੁਵਾ ।

ਚੁਟਕੀ ਮਾਰਾਂ ਖਾਕ ਦੀ ਜੀਜਾ
ਤੈਨੂੰ ਖੋਤਾ ਲਵਾਂ ਬਣਾ
ਨੌਂ ਮਣ ਛੋਲੇ ਲੱਦ ਕੇ
ਤੈਨੂੰ ਪਾਵਾਂ ਜੈਤੋ ਦੇ ਰਾਹ ।

ਤੇਰਾ ਮੇਰਾ ਇਕ ਮਨ ਭੈਣੇ
ਲੋਕਾਂ ਭਾਣੇ ਦੋ
ਕੰਡਾ ਧਰ ਕੇ ਤੋਲ ਲੈ
ਕੋਈ ਬਰਾ ਬਰਾਬਰ ਹੋ ।

ਜੁੱਤੀ ਵੀ ਤੇਰੀ ਕੱਢਵੀਂ ਵੀਰਾ
ਕੋਈ ਵਿਚ ਤਿੱਲੇ ਦੀ ਤਾਰ
ਤੈਨੂੰ ਝੁਕ ਝੁਕ ਵੇਖਣ ਸਾਲੀਆਂ
ਕੋਈ ਨਿਉਂ ਨਿਉਂ ਵੇਖਦੀ ਨਾਰ ।

ਡੱਬੀ ਵੇ ਮੇਰੀ ਕੱਚ ਦੀ ਜੀਜਾ
ਕੋਈ ਵਿਚ ਤਿੱਲੇ ਦੀ ਤਾਰ
ਜੀਜਾ ਜੇ ਤੂੰ ਪੜ੍ਹਿਆ ਫਾਰਸੀ
ਮੇਰੀ ਭੈਣ ਕਸੀਦੇਦਾਰ ।

ਜੀਜਾ ਪੜ੍ਹਦਾ ਮੈਂ ਸੁਣਿਆ
ਬਣਿਆ ਨਾ ਠਾਣੇਦਾਰ
ਮਾਸਟਰ ਦੇ ਡੰਡੇ ਖਾ ਕੇ ਜੀਜਾ
ਤੂੰ ਅੱਖਰ ਨਾ ਸਿੱਖਿਆ ਚਾਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਸਾ ਵੀ ਜਾਣੀ ਜੱਗ ਠਿਕਰੀ
ਕੋਈ ਮਨ ਕਰੀਂ ਦਰਿਆ
ਡਿੰਪਲ ਪੁੱਤ ਨੂੰ ਵਿਆਹ ਕੇ
ਕੋਈ ਸ਼ੋਭਾ ਖੱਟ ਘਰ ਆ ।

ਦੋ ਖਰਬੂਜ਼ੇ ਵੱਟਵੇਂ
ਕੋਈ ਕੌੜੇ ਉਹਨਾਂ ਦੇ ਬੀ
ਰੱਜ ਕੇ ਰੋਟੀ ਖਾ ਲਵੀਂ
ਤੇਰਾ ਵਿਚੇ ਨਾ ਰਹੇ ਜੀ ।

ਅੱਠ ਪੱਤਣ ਨੌਂ ਬੇੜੀਆਂ
ਦੱਸ ਪਾਣੀ ਘੁੰਮਣ ਘੇਰ
ਜੇ ਤੂੰ ਐਡਾ ਚਤਰ ਹੈਂ
ਦਸ ਪਾਣੀ ਕਿਤਨੇ ਸੇਰ ।

ਛੋਲੇ ਦਲੀਏ ਬੀਬਾ, ਛੋਲੇ ਹੋਏ ਦੁਫਾੜ
ਪਰਤਾਪ ਪੁੱਛਦਾ ਬੀਬੀ, ਤੇਰੇ ਕਿੰਨੇ ਕੁ ਯਾਰ
ਸੱਠ ਆਰ ਗਏ, ਸੱਠ ਪਾਰ ਗਏ, ਸੱਠ ਘੋੜਿਆਂ ਤੇ ਅਸਵਾਰ ਗਏ
ਸੱਠ ਹੋਕਾ ਕਰਨ ਬਾਜ਼ਾਰ ਗਏ, ਸੱਠ ਗੰਗਾ ਦੇ ਇਸ਼ਨਾਨ ਗਏ
ਸੱਠ ਹੋਰ ਕਰਾਂ ਮੇਰਿਆ ਜੀਜਾ ਵੇ ਲੱਜ ਤਾਂ ਰਹਿੰਦੀ ਆ

ਮੇਰੀ ਹਰੀ ਬਦਾਮਾਂ ਦੀ ਕਿਆਰੀ, ਗੁੱਛਾ ਲੌਂਗਾਂ ਦਾ
ਮੇਰੀ ਹਰੀ ਬਦਾਮਾਂ ਦੀ ਕਿਆਰੀ, ਗੁੱਛਾ ਲੌਂਗਾਂ ਦਾ
ਪਰਤਾਪ ਦੀ ਭੈਣ ਵਰ ਮੰਗਦੀ, ਨਾਲੇ ਘਰ ਮੰਗਦੀ
ਖਸਮ ਮੰਗੇ ਪਟਵਾਰੀ, ਨੀ ਗੁੱਛਾ ਲੌਂਗਾਂ ਦਾ
ਨੀ ਗੁੱਛਾ ਲੌਂਗਾਂ ਦਾ, ਮੇਰੀ ਹਰੀ ਬਦਾਮਾਂ ਦੀ ਕਿਆਰੀ
ਪਰਤਾਪ ਦੀ ਭੈਣ ਨੂੰ ਵਰ ਦੇ ਦਿਉ ਨਾਲੇ ਘਰ ਦੇ ਦਿਓ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲੇ ਛੋਟਾ ਸਿੰਘ ਦਿਓ ਪਟਵਾਰੀ ਨੀ, ਗੁੱਛਾ ਲੌਂਗਾਂ ਦਾ ।
ਮੇਰੀ ਹਰੀ ਬਦਾਮਾਂ ਦੀ ਕਿਆਰੀ, ਨੀ ਗੁੱਛਾ ਲੌਂਗਾਂ ਦਾ ।

ਗੁਰਮੀਤ ਕੁੜੀਓ ਸਾਡੇ ਆਈ
ਸਾਡੇ ਆਈ, ਘੱਗਰੀ ਲਿਆਈ ਪਾਟੀ
ਸਮਾ ਲੈ ਨੀ ਸਮਾ ਲੈ ਯਾਰਾਂ ਪਾਟੀ
ਕੌਣ ਤਾਂ ਇਹਦੇ ਧਾਗੇ ਵੱਟੇ
ਕੌਨ ਜੁੜਾਵੇ ਟਾਕੀ ਸਮਾ ਲੈ ਨੀ
ਸਮਾ ਲੈ ਯਾਰਾਂ ਪਾਟੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੁੱਤਾਂ ਤਿਉਹਾਰ ਤੇ ਮੇਲੇ

ਪੰਜਾਬੀ ਲੋਕ ਗੀਤਾਂ ਵਿਚ ਪੰਜਾਬ ਦੀਆਂ ਰੁੱਤਾਂ, ਤਿਉਹਾਰਾਂ ਤੇ ਮੇਲਿਆਂ ਬਾਰੇ ਅਨੇਕਾਂ ਗੀਤ ਮਿਲਦੇ ਹਨ । ਲੋਹੜੀ ਦੇ ਤਿਉਹਾਰ ਲਈ ਕੁੜੀਆਂ ਪੋਹ ਦੇ ਦਿਨਾਂ ਵਿਚ ਮੋਹ ਮਾਹੀ ਮੰਗਦੀਆਂ ਹਨ, ਹੱਟੀਆਂ ਤੋਂ ਉਗਰਾਹੀ ਕਰਦੀਆਂ, ਘਰਾਂ ਤੋਂ ਗੋਹੇ ਲੈਂਦੀਆਂ ਤੇ ਕੱਠੀਆਂ ਹੋ ਕੇ ਲੋਹੜੀ ਬਾਲਦੀਆਂ ਹਨ । ਪਿੰਡਾਂ ਵਿਚ ਜਿਨ੍ਹਾਂ ਦੇ ਘਰ ਉਸ ਸਾਲ ਮੁੰਡੇ ਹੋਏ ਹੁੰਦੇ ਹਨ, ਉਹ ਲੋਹੜੀ ਵੰਡਦੀਆਂ ਹਨ, ਗਰੀਬ ਲੋਕ ਘਰ ਘਰ ਫਿਰ ਕੇ ਫੁੱਲੇ, ਗੁੜ ਦੀ ਰੋੜੀ ਤੇ ਰੋਕ ਰੁਪਈਆਂ ਮੰਗਦੇ ਹਨ । ਸ਼ਹਿਰਾਂ ਵਿਚ ਮੁੰਡੇ ਦੁੱਲਾ ਭੱਟੀ ਗਾ ਕੇ ਮੰਗਦੇ ਹਨ ।

ਇਸੇ ਤਰ੍ਹਾਂ ਤੀਆਂ, ਹੋਲੀਆਂ, ਵਿਸਾਖੀ, ਮਾਘੀ, ਬਸੰਤ ਆਦਿ ਮੌਕਿਆਂ ਤੇ ਵੀ ਗੀਤ ਗਾਏ ਜਾਂਦੇ ਹਨ । ਪੰਜਾਬ ਦੇ ਬਹੁਤ ਤਿਉਹਾਰ ਰੁੱਤਾਂ ਦੀ ਤਬਦੀਲੀ ਸਮੇਂ ਦੇ ਹਨ ਜਿਵੇਂ–ਹੋਲੀ, ਵਿਸਾਖੀ, ਮਾਘੀ, ਬਸੰਤ ਤੇ ਤੀਆਂ ਆਦਿ । ਇਸ ਲਈ ਵੱਖ ਵੱਖ ਰੁੱਤਾਂ ਦੀ ਤਬਦੀਲੀ ਨੂੰ ਪੰਜਾਬੀ ਲੋਕ ਅਨੁਭਵ ਕਰਦੇ ਹਨ, ਉਸ ਦੀ ਖੁਸ਼ੀ ਵਿਚ ਨੱਚਦੇ ਟੱਪਦੇ ਤੇ ਗੀਤ ਗਾਉਂਦੇ ਹਨ ।

ਸਾਉਣ ਦੇ ਮਹੀਨੇ ਵਿਚ ਪਿੰਡ ਤੋਂ ਬਾਹਰ ਨਿਕਲ ਕੇ ਕਾਲੇ ਕਾਲੇ ਬੱਦਲਾਂ ਦੀ ਛਾਵੇਂ ਪਿੱਪਲਾਂ ਉਤੇ ਕੁੜੀਆਂ ਦੁਆਰਾ ਪੀਂਘਾਂ ਪਾਈਆਂ ਜਾਂਦੀਆਂ ਹਨ । ਸਾਉਣ ਦਾ ਸਾਰਾ ਮਹੀਨਾ ਇਸੇ ਤਰ੍ਹਾਂ ਰੁੱਖਾਂ ਹੇਠ ਮੇਲੇ ਲਗੇ ਰਹਿੰਦੇ ਹਨ ਤੇ ਉਥੇ ਇਕ ਵੱਖਰੀ ਦੁਨੀਆਂ ਵਸ ਜਾਂਦੀ ਹੈ । ਮਾਲਵੇ ਵਿਚ ਇਹ ਤਿਉਹਾਰ ਬੜੇ ਜ਼ੋਰਾਂ ਤੇ ਮਨਾਇਆ ਜਾਂਦਾ ਹੈ, ਉਥੇ ਇਸ ਨੂੰ ਤੀਆਂ ਕਿਹਾ ਜਾਂਦਾ ਹੈ ਤੇ ਬਾਕੀ ਪੰਜਾਬ ਵਿਚ ਇਸ ਤਿਉਹਾਰ ਨੂੰ ਸਾਂਵੇਂ ਕਹਿੰਦੇ ਹਨ ।

ਪਿੰਡਾਂ ਵਿਚੋਂ ਪਿੰਡ ਸੁਣੀਂਦਾ
ਪਿੰਡ ਸੁਣੀਂਦਾ ਮੱਲੀਆਂ
ਮੱਲੀਆਂ ਦੇ ਦੋ ਬਲਦ ਸੁਣੀਂਦੇ
ਗਲ ਉਹਨਾਂ ਦੇ ਟੱਲੀਆਂ
ਜਾਂਦੇ ਜਾਂਦੇ ਮੱਕੀ ਬੀਜ ਗਏ
ਗਿੱਠ ਗਿੱਠ ਲੱਗੀਆਂ ਛੱਲੀਆਂ
ਮੇਲੇ ਮੁਕਸਰ ਦੇ
ਦੋ ਮੁਟਿਆਰਾਂ ਚਲੀਆਂ ।

7817

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਲ ਚੱਲੀਏ ਚੇਤ ਦੀ ਮੱਸਿਆ
ਮੁੰਡਾ ਤੇਰਾ ਮੈਂ ਚੁਕ ਲਊਂ ।

ਗੁਰੂ ਕਿਆਂ ਦੀ ਲੱਗੀ ਵਿਸਾਖੀ
ਬੀਬੜੀਆਂ ਦਾ ਗਹਿਣਾ
ਮੁੱਲ ਕਰ ਭਾਬੀ ਦਾ
ਕੀ ਭਾਬੀ ਦਾ ਲੈਣਾ ।

ਆਰੀ ਆਰੀ ਆਰੀ
ਵਿੱਚ ਜਗਰਾਵਾਂ ਦੇ
ਲੱਗਦੀ ਰੌਸ਼ਨੀ ਭਾਰੀ
ਵੈਲੀਆਂ ਦਾ ਕੱਠ ਬੱਝ ਗਿਆ
ਬੋਤਲਾਂ ਮੰਗਾ ਲਈਆਂ ਚਾਲੀ
ਚਾਲੀਆਂ 'ਚੋਂ ਇਕ ਬਚ ਗਈ
ਚੁੱਕ ਕੇ ਮਹਿਲ ਨਾਲ ਮਾਰੀ
ਨਿਉਂ ਕੇ ਚੱਕ ਪਤਲੋ
ਗੇਂਦ ਘੁੰਗਰੂਆਂ ਵਾਲੀ ।
ਧਰਮੀ ਬਾਬਲ ਦੀ
ਨਾ ਪਟੀਏ ਸਰਦਾਰੀ ।

ਆਰੀ ਆਰੀ ਆਰੀ
ਵਿੱਚ ਜਗਰਾਵਾਂ ਦੇ
ਲੱਗੇ ਰੌਸ਼ਨੀ ਭਾਰੀ
ਦੂਰ ਦੂਰ ਤੋਂ ਗੱਭਰੂ ਆਉਂਦੇ
ਘੋੜੇ ਊਂਠ ਸ਼ਿੰਗਾਰੀ
ਲੰਮੇ ਚਾਦਰੇ ਕੁੰਡੀਆਂ ਮੁੱਛਾਂ
ਮੋਢੇ ਡਾਂਗ ਉਲਾਰੀ
ਹੱਸਦੇ ਹੱਸਦੇ ਇਹ ਲੜ ਪੈਂਦੇ
ਚਲਦੀ ਛਵ੍ਹੀ ਕਟਾਰੀ
ਦਿਨੋ ਜਵਾਨੀ ਦੀ ਕਰਦੇ ਬੜੀ ਖੁਆਰੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੌਣ ਦੇ ਮਹੀਨੇ
ਜੀਅ ਨਾ ਕਰਦਾ ਸੌਹਰੇ ਜਾਣ ਨੂੰ
ਮੁੰਡਾ ਫਿਰ ਨੀ ਗੱਡੀ ਜੋੜ ਕੇ ਲੈ ਜਾਣ ਨੂੰ ।

ਸਾਉਣ ਦੇ ਮਹੀਨੇ ਕਿਤੇ ਜਾਈਏ ਨਾ ਪ੍ਰਾਹੁਣੇ
ਵਰਣਗੇ ਪਰਨਾਲੇ ਕਿਸੇ ਸੁੱਤੇ ਨੀ ਜਗਾਉਣੇ ।

ਜਾਣਾ ਸਿੰਘਾ ਵੇ ਤੇਰੇ ਨਾਨਕੀਂ
ਤੀਆਂ ਵੇਖਣ ਜਾਣਾ, ਸਿੰਘਾ ਵੇ ਤੇਰੇ ਨਾਨਕੀਂ
ਦਾਣਾ ਹੈ ਨਹੀਂ ਮੇਰੇ ਨਾਨਕੇ
ਤੂੰ ਕਿਹੜੇ ਖੂਹ ਵਿਚ ਜਾਣਾ ਹੈ ਨਹੀਂ ਮੇਰੇ ਨਾਨਕੇ ।

ਮਾਏ ਪੀਹੜੀ ਬੈਠੀਏ ਨੀ
ਧੀਆਂ ਕਿਉਂ ਦਿਤੀਆਂ ਦੂਰ, ਸਾਵਣ ਆਇਆ ।
ਬਾਬਲ ਕੁਰਸੀ ਬੈਠਿਆ ਵੇ
ਧੀਆਂ ਕਿਉਂ ਦਿਤੀਆਂ ਦੂਰ, ਸਾਵਣ ਆਇਆ ।
ਸੁਣ ਵੇ ਵੀਰਾ ਰਾਜਿਆ
ਭੈਣਾਂ ਕਿਉਂ ਦਿਤੀਆਂ ਦੂਰ, ਸਾਵਣ ਆਇਆ ।
ਪੰਜ ਸੇਰ ਪਿੰਨੀਆਂ ਪਾ ਕੇ, ਮਾਏ ਮੇਰੀਏ
ਵੀਰ ਮੇਰੇ ਨੂੰ ਭੇਜ, ਸਾਵਣ ਆਇਆ ।
ਉੱਚੜੇ ਉੱਚੜੇ ਚੌਂਤੜੇ ਚੜ੍ਹ
ਖੜੀ ਉਡੀਕਾਂ ਰਾਹ, ਸਾਵਣ ਆਇਆ ।
ਕੋਠੇ ਤਾਂ ਚੜ੍ਹ ਕੇ ਕੂਕਦੀ
ਵੇ ਨੀਵੇਂ ਥਾਂ ਖੜਕੇ ਰੋਂਦੀ
ਵੇ ਕਿਤੇ ਨਾ ਦਿਸ ਆਉਂਦਾ ।
ਬਾਬਲ ਤੇਰਾ ਦੇਸ, ਸਾਵਣ ਆਇਆ ।
ਕੋਠੇ ਤਾਂ ਚੜ੍ਹ ਕੇ ਵੇਖਦੀ
ਨੀ ਮੇਰੀਏ ਰਾਣੀਏ ਮਾਂ
ਕੋਈ ਭੌਂ ਵਿਚ ਆਉਂਦਾ ਦੂਰ, ਸਾਵਣ ਆਇਆ ।
ਆਉਂਦਾ ਨੀ ਮਾਏ ਆਉਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੋਈ ਵੀਰ ਚੜ੍ਹਿਆ ਅਸਵਾਰ
ਕਿੱਥੇ ਤਾਂ ਰੱਖਾਂ ਗੱਠੜੀ ਨੀ ਰਾਣੀਏ ਮਾਂ
ਕਿਥੇ ਉਤਾਰਾਂ ਵੀਰ, ਸਾਵਣ ਆਇਆ ।
ਕਿੱਲੀ ਤਾਂ ਟੰਗਾਂ ਗੱਠੜੀ ਮੇਰੀਏ ਰਾਣੀਏ ਮਾਂ
ਕੋਈ ਮਹਿਲੀਂ ਉਤਾਰਾਂ ਵੀਰ, ਸਾਵਣ ਆਇਆ ।
ਹੱਸ ਹੱਸ ਖੋਲ੍ਹਾਂ ਗੱਠੜੀ ਮੇਰੀ ਰਾਣੀਏ ਸਾਂ
ਕੋਈ ਰੋ ਰੋ ਪੁਛਦੀ ਬਾਤ, ਸਾਵਣ ਆਇਆ ।

ਚੜ੍ਹਿਆ ਮਹੀਨਾ ਸਾਉਣ,
ਉਚੀਂ ਪਿਪਲੀਂ ਪੀਂਘਾਂ ਪਾਉਣ ।
ਸਹੀਆਂ ਆਵਣ, ਸਹੀਆਂ ਜਾਵਣ,
ਸਾਡੇ ਢੋਲ ਖੜੇ ਝਟਾਵਣ ।

ਧੰਨ ਭਾਗ ਮੇਰੇ ਆਖੇ ਪਿੱਪਲ,
ਕੁੜੀਆਂ ਨੇ ਪੀਂਘਾਂ ਪਾਈਆਂ ।
ਸਾਉਣ ਵਿਚ ਕੁੜੀਆਂ ਨੇ,
ਪੀਂਘਾਂ ਅਸਮਾਨ ਚੜ੍ਹਾਈਆਂ ।

ਸਾਉਣ ਦੇ ਮਹੀਨੇ ਮੀਂਹ ਰਿਮ ਝਿਮ ਕਣੀਆਂ,
ਬੋਹੜਾ ਉਤੇ ਪੀਂਘਾਂ ਅਸਮਾਨੀ ਚੜ੍ਹੀਆਂ ।

ਸਾਉਣ ਮਹੀਨੇ ਦਿਨ ਗਿੱਧੇ ਦੇ,
ਸਭੇ ਸਹੇਲੀਆਂ ਆਈਆਂ ।
ਭਿੱਜ ਗਈ ਰੂਹ ਮਿੱਤਰਾ,
ਸ਼ਾਮ ਘਟਾਂ ਚੜ੍ਹ ਆਈਆਂ ।

ਊਚੀਆਂ ਕੁਸੰਭੀ ਚੋਲੀਆਂ, ਸੁਣ ਮਾਏ ਮੇਰੀਏ,
ਰੰਗ ਰੰਗ ਕੇ ਭੇਜ ਕਿ ਸਾਵਣ ਆਇਆ ।
ਪੰਜ ਸੇਰ ਪਿੰਨੀਆਂ ਪਾ ਕੇ ਮਾਏ ਮੇਰੀਏ
ਵੀਰ ਮੇਰੇ ਨੂੰ ਭੇਜ ਕਿ ਸਾਵਣ ਆਇਆ ।
ਰੱਤੇ ਵੇ ਚੀਰੇ ਵਾਲਿਆ,
ਭੈਣਾਂ ਨੂੰ ਹੂਟੇ ਦਵਾ, ਕਿ ਸਾਵਣ ਆਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਸੌਣ ਜਾਮਨੂੰ ਪੀਲਾਂ
ਰਾਂਝਿਆ ਆ ਜਾ ਵੇ
ਪਾ ਕੇ ਪਟਾਰੀ ਵਿੱਚ ਕੀਲਾਂ ।

ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ,
ਫੁੱਲਾਂ ਬਾਝ ਫੁਲਾਹੀਆਂ
ਹਸਾਂ ਨਾਲ ਹਮੇਲਾਂ ਸੋਂਹਦੀਆ
ਬੰਦਾਂ ਨਾਲ ਜਰਾਈਆਂ
ਧੰਨ ਭਾਗ ਮੇਰੇ ਆਖੇ ਪਿੱਪਲ
ਕੁੜੀਆਂ ਨੇ ਪੀਂਘਾਂ ਪਾਈਆਂ
ਸੌਣ ਵਿਚ ਕੁੜੀਆਂ ਨੇ
ਪੀਂਘਾਂ ਅਸਮਾਨ ਚੜ੍ਹਾਈਆਂ ।

ਚਲ ਵੇ ਮਨਾਂ ਬਿਗਾਨਿਆਂ ਧਨਾਂ
ਕਾਹਨੂੰ ਪ੍ਰੀਤਾਂ ਜੜੀਆਂ
ਓੜਕ ਇਥੋਂ ਚਲਣਾ ਇਕ ਦਿਨ
ਕਬਰਾਂ ਉਡੀਕਣ ਖੜੀਆਂ
ਉਤੋਂ ਦੀ ਤੇਰੇ ਵਗਣ ਨ੍ਹੇਰੀਆਂ
ਲੱਗਣ ਸੌਣ ਦੀਆਂ ਝੜੀਆਂ
ਅੱਖੀਆਂ ਮੋੜ ਰਿਹਾ
ਨਾ ਮੁੜੀਆਂ ਨਾ ਲੜੀਆਂ ।

ਛਮ ਛਮ, ਛਮ ਛਮ ਪੈਣ ਫੁਹਾਰਾਂ
ਬਿਜਲੀ ਦੇ ਰੰਗ ਨਿਆਰੇ ।
ਆਓ ਭਰਾਓ ਗਿੱਧਾ ਪਾਈਏ,
ਸਾਨੂੰ ਸਾਉਣ ਸੈਨਤਾਂ ਮਾਰੇ ।
ਸਾਉਣ ਚਹੀਨੇ ਘਾਹ ਹੋ ਗਿਆ,
ਰਜੀਆਂ ਮੱਝੀਆਂ ਗਾਈਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿੱਧਿਆ ਪਿੰਡ ਵੜ ਵੇ

ਲੱਭ ਲੱਭ ਨਾ ਜਾਈਂ ।

ਸਾਨੂੰ ਸਾਉਣ ਸੈਨਤਾਂ ਮਾਰੇ

ਗਿੱਧਾ ਪਾ ਲੈ ਨੀ ।

ਰਲ ਆਓ ਸਈਓ ਨੀ,

ਸਭੇ ਤੀਆਂ ਖੇਡਣ ਜਾਈਏ ।

ਸਾਉਣ ਮਹੀਨੇ ਦਿਨ ਗਿੱਧੇ ਦੇ,

ਕੁੜੀਆਂ ਰਲ ਕੇ ਆਈਆਂ ।

ਨੱਚਣ ਕੁੱਦਣ, ਝੂਟਣ ਪੀਂਘਾਂ

ਭਲਿਆਂ ਘਰਾਂ ਦੀਆਂ ਜਾਈਆਂ ।

ਸ਼ੌਂਕ ਨਾਲ ਮੈਂ ਗਿੱਧੇ 'ਚ ਆਵਾਂ,

ਬੋਲੀਆਂ ਦੇ ਸ਼ਗਨ ਮਨਾਵਾਂ ।

ਸਾਉਣ ਦਿਆ ਬੱਦਲਾ ਵੇ,

ਮੈਂ ਤੇਰਾ ਜਸ ਗਾਵਾਂ ।

ਤੀਆਂ ਤੀਜ ਦੀਆਂ

ਵਰ੍ਹੇ ਦਿਨਾਂ ਨੂੰ ਫੇਰ ।

ਸੌਣ ਵੀਰ ਕੱਠੀਆਂ ਕਰੇ

ਭਾਦਰੋਂ ਚੰਦਰੀ ਵਿਛੋੜੇ ਪਾਵੇ

ਰਲ ਆਓ ਸਹੀਓ ਨੀ,

ਸਭੇ ਤੀਆਂ ਖੇਡਣ ਜਾਈਏ ।

ਹੁਣ ਆ ਗਿਆ ਸੌਣ ਨੀ,

ਪਿਪਲੀਂ ਪੀਂਘਾਂ ਪਾਈਏ ।

CC-0. In Public Domain. Gurukul Kangri Collection, Haridwar

ਐਣਾ ਐਣਾ ਐਣਾ
Digitized by Arya Samaj Foundation Chennai and eGangotri
ਗੁੜ ਦੇਹ ਮੁੰਡੇ ਦੀਏ ਭੈਣਾ
ਤਿਲ ਚੌਲੀਏ ਆਰੇ
ਆਨੀ ਆਨੀ ਆਨੀ
ਗੁੜ ਦੇਹ ਮੁੰਡੇ ਦੀ ਨਾਨੀ
ਤਿਲ ਚੌਲੀਏ ਆਏ ।

ਸਾਡੇ ਪੈਰਾਂ ਹੇਠ ਸਲਾਈਆਂ ਕੁੜੇ
ਸਾਡੇ ਪੈਰਾ ਥੱਲੇ ਰੋੜ।
ਸਾਨੂੰ ਛੇਤੀ ਛੇਤੀ ਤੋਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਤਿਹਾਸਕ ਤੇ ਆਰਥਕ

ਸਮਾਂ ਲੋਕ ਗੀਤਾਂ ਉਪਰ ਆਪਣਾ ਪ੍ਰਤਿਬਿੰਬ ਛਡਦਾ ਰਹਿੰਦਾ ਹੈ। ਮਨੁੱਖੀ ਜੀਵਨ ਵਿਚ ਵਾਪਰੀਆਂ ਘਟਨਾਵਾਂ ਜਾਂ ਮਿੱਠੀਆਂ ਕੌੜੀਆਂ ਯਾਦਾਂ ਦਾ ਰੰਗ ਸਾਡੇ ਲੋਕ ਗੀਤਾਂ ਵਿਚੋਂ ਪ੍ਰਤੱਖ ਭਾਂਤ ਦਿਸਦਾ ਹੈ।

ਪੰਜਾਬੀ ਲੋਕ ਗੀਤਾਂ ਵਿਚੋਂ ਪੰਜਾਬ ਦੇ ਪਿਛਲੇ ਇਤਿਹਾਸਕ ਤੇ ਆਰਥਕ ਜੀਵਨ ਬਾਰੇ ਭਰਪੂਰ ਵਾਕਫੀਅਤ ਮਿਲਦੀ ਹੈ। ਇਨ੍ਹਾਂ ਉਪਲਬਧ ਲੋਕ ਗੀਤਾਂ ਵਿਚੋਂ ਮੁਗਲ ਰਾਜ ਦੀਆਂ ਖਰ੍ਹਵੀਆਂ ਯਾਦਾਂ ਅਹਿਮਦਸ਼ਾਹ ਤੇ ਨਾਦਰ ਸ਼ਾਹ ਦੇ ਹੱਲੇ ਸੰਬੰਧੀ ਕਰੁਣਾ-ਮਈ ਘਟਨਾਵਾਂ ਦਾ ਵਰਣਨ, ਸਿੰਘ ਸਭਾ ਲਹਿਰ ਤੇ ਆਰੀਆ ਸਮਾਜ ਦਾ ਲੋਕ ਜੀਵਨ ਤੇ ਪ੍ਰਭਾਵ, ਨਵੀਨ ਮਸ਼ੀਨੀ ਯੁਗ ਦਾ ਅਸਰ, ਦੋ ਵਿਸ਼ਵ ਯੁੱਧਾਂ ਤੇ ਉਸ ਸਮੇਂ ਦੇ ਇਥੋਂ ਦੇ ਗਭਰੂਆਂ ਦੇ ਭਰਤੀ ਹੋ ਕੇ ਬਸਰੇ ਆਦਿ ਸ਼ਹਿਰਾਂ ਵਿਚ ਜਾਣ ਬਾਰੇ, ਪੰਜਾ ਸਾਹਿਬ ਵਿਖੇ ਗੱਡੀ ਰੋਕਣ, ਨਾਭੇ ਤੇ ਜੈਤੋ ਦੇ ਅਕਾਲੀ ਮੋਰਚੇ ਦੀਆਂ ਇਤਿਹਾਸਕ ਘਟਨਾਵਾਂ ਦਾ ਵਰਣਨ, ਮਹਿੰਗਾਈ ਰਾਸ਼ਨ ਬੰਦੀ, ਗੁਰਦੁਆਰਾ ਸੁਧਾਰ ਲਹਿਰ ਬਾਰੇ, ਕਾਂਗਰਸ ਦੀ ਨਾ-ਮਿਲਵਰਤਨ ਲਹਿਰ ਅਤੇ ਨਵੀਨ ਜਾਗ੍ਰਿਤੀ ਵਿਚ ਲੋਕ ਜੀਵਨ ਆਦਿ ਇਤਿਹਾਸਕ ਤੇ ਆਰਥਕ ਘਟਨਾਵਾਂ ਬਾਰੇ ਅਨੇਕਾਂ ਲੋਕ ਗੀਤ ਮਿਲਦੇ ਹਨ ਜੋ ਉਸ ਸਮੇਂ ਦੇ ਇਤਿਹਾਸਕ ਤੇ ਆਰਥਕ ਜੀਵਨ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ।

ਇਹ ਲੋਕ ਗੀਤ ਜਿਥੇ ਇਕ ਪਾਸੇ ਸਾਨੂੰ ਪੁਰਾਤਨ ਪੰਜਾਬੀ ਸਭਿਆਚਾਰ ਤੋਂ ਜਾਣੂੰ ਕਰਾਉਂਦੇ ਹਨ, ਉਥੇ ਦੂਜੇ ਪਾਸੇ ਇਹ ਪੰਜਾਬੀ ਲੋਕ ਜੀਵਨ ਉਤੇ ਪਏ ਵੱਖ ਵੱਖ ਇਤਿਹਾਸਕ ਤੇ ਆਰਥਕ ਲਹਿਰਾਂ ਜਾਂ ਘਟਨਾਵਾਂ ਦੇ ਪ੍ਰਭਾਵ ਦਾ ਚਿਤਰਣ ਵੀ ਪੇਸ਼ ਕਰਦੇ ਹਨ। ਅਸਲ ਗੱਲ ਇਹ ਹੈ ਕਿ ਪੰਜਾਬ ਇਕ ਸਰਹੱਦੀ ਸੂਬਾ ਹੋਣ ਕਰਕੇ ਇਥੋਂ ਦੇ ਵਸਨੀਕਾਂ ਨੂੰ ਢੇਰ ਸਮੇਂ ਤੋਂ ਬਾਹਰਲੇ ਹਮਲਾਵਰਾਂ ਦੇ ਹੱਲਿਆਂ ਤੇ ਉਨ੍ਹਾਂ ਦੀ ਲੁੱਟ ਮਾਰ, ਸਾੜ-ਫੂਕ, ਕਤਲੇਆਮ ਤੇ ਬੇਇਜ਼ਤੀਆਂ ਦਾ ਟਾਕਰਾ ਕਰਨਾ ਪੈਂਦਾ ਰਿਹਾ ਹੈ। ਇਸੇ ਟਾਕਰੇ ਸਦਕਾ ਹੀ ਪੰਜਾਬੀਆਂ ਵਿਚ ਸੂਰਬੀਰਤਾ, ਬਹਾਦਰੀ ਤੇ ਦੇਸ਼ ਪਿਆਰ ਕੁੱਟ ਕੁੱਟ ਕੇ ਭਰਿਆ ਪਿਆ ਹੈ। ਪੰਜਾਬ ਦੇ ਲੋਕਾਂ ਦੇ ਜੀਵਨ, ਵਿਸ਼ਵਾਸਾਂ ਤੇ ਬਹਾਦਰੀ ਬਾਰੇ ਸਮੇਂ ਸਮੇਂ ਗੀਤ ਗਾਏ ਗਏ ਹਨ ਜੋ ਸਾਡਾ ਅਮੀਰ ਸਭਿਆਚਾਰਕ ਵਿਰਸਾ ਹਨ।

ਮੁਗਲਾਂ ਨੇ ਘੱੜਾ ਪੀੜਿਆ, ਵੇ ਗੋਰੀ ਪਾਣੀਏ ਨੂੰ ਜਾ
ਘੋੜੇ ਤੇ ਫੜਕੇ ਚਾੜ੍ਹ ਲਈ, ਵੇ ਕੋਈ ਪੇਸ਼ ਨਾ ਜਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈ ਤਾਂ ਵੇ ਮੁਗਲਾਂ ਦੇ ਬੇਟੜੇ, ਰੁਪਈਆਂ ਚਾਲ੍ਹੀ ਹਜ਼ਾਰ ।
ਹੱਥ ਬੰਨ੍ਹ ਕਰਦਾ ਬੇਨਤੀ, ਭੈਣ ਤਾਂ ਲਵਾਂਗਾ ਛੁਡਾ ।
ਜਾ ਵੀਰਾ ਘਰ ਆਪਣੇ, ਰੱਖਾਂ ਮੈਂ ਚੀਰੇ ਦੀ ਲਾਜ
ਮੁਗਲਾਂ ਦਾ ਅੰਨ ਵੇ ਨਾ ਖਾਵਾਂ, ਭਾਵੇਂ ਭੁੱਖੀ ਹੀ ਮਰ ਜਾ ।

ਜਿਉਣਾ ਮੌੜ ਵੱਢਿਆ ਨਾ ਜਾਵੇ
ਛਵ੍ਹੀਆਂ ਦੇ ਘੁੰਡ ਮੁੜ ਗਏ
ਕਾਹਨੂੰ ਮਾਰਦੈਂ ਪਤਲਿਆ ਡਾਕੇ
ਔਖੀ ਹੋ ਜੂ ਕੈਦ ਕੱਟਣੀ ।

ਸੌਣ ਵਿਚ ਤਾਂ ਲੁਟਦੇ ਬਾਣੀਏ
ਨਵੀਆਂ ਹੱਟੀਆਂ ਪਾ ਕੇ
ਅਗੇ ਤਾਂ ਗੁੜ ਧੜੀ ਵਕੇਂਦਾ
ਹੁਣ ਕਿਉਂ ਦੇਂਦਾ ਘਟਾ ਕੇ
ਕੁੜੀਆਂ ਮੁੰਡੇ ਜ਼ਿਦ ਪਏ ਕਰਦੇ
ਪੂੜੇ ਦਿਓ ਪਕਾ ਕੇ
ਬਾਣੀਉਂ ਤਰਸ ਕਰੋ
ਗੁੜ ਵੇਚੋਂ ਭਾ ਘਟਾ ਕੇ ।

ਬਾਣੀਆਂ ਨੇ ਅੱਤ ਚੁੱਕ ਲਈ
ਸਾਰੇ ਜੱਟ ਕਰਜ਼ਾਈ ਕੀਤੇ ।

ਛੋਲੇ ਵੱਢ ਕੇ ਬੀਜ ਲੈ ਨਰਮਾ
ਚੁਗਣੇ ਨੂੰ ਮੈਂ ਤਕੜੀ ।

ਜੱਟ ਸ਼ਾਹ ਨੂੰ ਖੰਘੂਰੇ ਮਾਰੇ
ਕਣਕਾਂ ਨਿਸਰਦੀਆਂ ।

ਬੋਹਲ ਸਾਰਾ ਵੇਚ ਘੱਤਿਆ
ਛਿੱਲਾਂ ਪੰਦਰਾਂ ਨਾ ਜੱਟ ਨੂੰ ਥਿਆਈਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੰਡੇ ਮਰ ਗਏ ਕਮਾਈਆਂ ਕਰਦੇ
ਲੱਛੀਏ ਤੇਰੇ ਬੰਦ ਨਾ ਬਣੇ ।

ਪਾਟੀ ਘੱਗਰੀ ਸੁੱਥੀ ਦਾ ਨਾਲਾ
ਵੇਖੀ ਤੇਰੀ ਬਖਤਾਵਰੀ ।

ਵੇ ਮੈਂ ਅੱਡੀਆਂ ਕੂਚਦੀ ਮਰ ਗਈ
ਬਾਂਕਾਂ ਨਾ ਜੁੜੀਆਂ ।

ਰੇਲਾਂ ਵਾਲਿਆਂ ਰੇਲਾਂ ਵਿਚ ਕਾਨੀ ਆ
ਫਿਟ ਤੇਰੇ ਸ਼ਮਲੇ ਨੂੰ ਘਰ ਭੁਖੀ ਜਨਾਨੀ ਆ ।

ਅਸੀਂ ਮਰ ਗਏ ਕਮਾਈਆਂ ਕਰਦੇ
ਅਜੇ ਤੇਰੇ ਬੰਦ ਨਾ ਬਣੇ ।

ਪਹਿਲੋਂ ਮਾਮਲੇ ਤੋਂ ਜਾਨ ਛੁਡਾ ਲੈ
ਬੰਦ ਫ਼ੇਰ ਬਣ ਜਾਣਗੇ ।

ਡੀਪੂ ਵਾਲੇ ਤੰਗ ਪਏ ਕਰਦੇ
ਪਰਚੀ ਕਿਵੇਂ ਕਟਾਵਾਂਗੇ
ਡਾਰ ਛਟਾਕਾਂ ਚੀਨੀ ਮਿਲਦੀ
ਚਾਹ ਹੁਣ ਕਿਵੇਂ ਬਣਾਵਾਂਗੇ
ਬਾਰਾਂ ਆਨੇ ਸੇਰ ਦੁੱਧ ਏ
ਪੈਸਾ ਕਿਵੇਂ ਕਮਾਵਾਂਗੇ
ਜਿਥੋਂ ਮੰਗੀਏ ਸ਼ੈ ਕੋਈ ਜਾ ਕੇ
ਦਿੰਦੇ ਅਗੋਂ ਟਾਲ
ਭਰਾਵੋ, ਪੈ ਗਿਆ ਡਾਢਾ ਕਾਲ ।

ਸਾਨੂੰ ਦੇ ਗਿਆ ਖੱਦਰ ਦਾ ਬਾਣਾ
ਆਪ ਗਾਂਧੀ ਕੈਦ ਹੋ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਹ ਚਰਖੇ ਨੂੰ ਗੇੜਾ
ਲੋੜ ਨਾ ਤੋਪਾਂ ਦੀ।

ਗਾਂਧੀ ਗੱਜਿਆ ਬੰਬਈ ਵਿਚ ਜਾ ਕੇ
ਛੱਡ ਦਿਓ ਹਿੰਦ ਗੋਰਿਓ ।

ਤੇਰੇ ਬੰਬਾਂ ਨੂੰ ਚੱਲਣ ਨਹੀਂ ਦੇਣਾ
ਗਾਂਧੀ ਦੀ ਅਹਿੰਸਾ ਨੇ ।

ਦਿਲ ਹਿੱਲਿਆ ਫਰੰਗੀਆ ਤੇਰਾ
ਗਾਂਧੀ ਨੂੰ ਅਡੋਲ ਵੇਖ ਕੇ ।

ਕਿਹੜੀ ਮਾਂ ਨੇ ਭਗਤ ਸਿੰਘ ਜੰਮਿਆ
ਜੰਗਲ 'ਚ ਸ਼ੇਰ ਬੁੱਕਦਾ ।

ਤੇਰਾ ਰਾਜ ਨਾ ਫਰੰਗੀਆ ਰਹਿਣਾ
ਭਗਤ ਸਿੰਘ ਕੋਹ ਸੁੱਟਿਆ ।

ਰੱਬ ਮੋਇਆ ਦੇਵਤੇ ਭੱਜ ਗਏ
ਰਾਜ ਫਰੰਗੀਆਂ ਦਾ।

ਸਿਰ ਉਤੇ ਵੇ ਟੋਕਰਾ ਨਰੰਗੀਆਂ ਦਾ
ਕਦੋਂ ਜਾਵੇਗਾ ਰਾਜ ਫਰੰਗੀਆਂ ਦਾ ?

ਜੈਤੋ ਜਾ ਕੇ ਤੇ ਤੁਸੀਂ
ਪਾਓ ਸ਼ਹੀਦੀਆਂ ਸਾਰੇ ।

ਪੁੱਠੀਆਂ ਬੰਨ੍ਹਣਗੇ ਮੁਸ਼ਕਾਂ
ਨਾਭੇ ਨਾ ਜਾਵੀਂ ਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜੇ ਦੇ ਰਾਜ ਵਿਚ ਟਿਬੇ ਟੋਏ
ਫਰੰਗੀਆਂ ਦੇ ਰਾਜ ਵਿਚ ਸੜਕ ਬਣੀ ।

ਬੰਨ੍ਹ ਦੇਣੀਆਂ ਦੇਸ਼ ਦੀਆਂ ਲੀਹਾਂ
ਲਹੂ ਸ਼ਹੀਦਾਂ ਦਾ ।

ਜ਼ਿਹੜੀ ਰਾਤ ਭਗਤ ਸਿੰਘ ਜੰਮਿਆ
ਹੋਰ ਨਾ ਕੋਈ ਜੰਮਿਆ ।

ਕੰਮ ਸਰਕਾਰੀ ਸ਼ੁਰੂ ਹੋ ਗਿਆ
ਪੱਕੀ ਸੜਕ ਬਣਾਈ
ਪਹਿਲਾਂ ਸੜਕ ਤੇ ਸਿੱਟ ਲਏ ਬਾਲੇ
ਪਿਛੋਂ ਲੈਣ ਟਿਕਾਈ
ਵੇਖ ਲੈਂ ਗੱਡੀ ਆਉਂਦੀ ਲੈਣ ਤੇ
ਇੰਜਨ ਨੇ ਸੀਟੀ ਵਜਾਈ
ਰਸਤਾ ਛੋੜ ਦਿਓ
ਹੀਰ ਮਜਾਜਨ ਆਈ ।

ਹੱਥ ਜੋੜ ਕੇ ਰੁਮਾਲ ਫੜਾਵਾਂ
ਰੇਲੇ ਚੜ੍ਹਦੇ ਨੂੰ ।

ਅੱਧੀ ਰਾਤ ਸੀ ਟੁਰ ਗਿਆ ਗੋਰਾ
ਰਾਜ ਦੇ ਕੇ ਹਿੰਦੀਆਂ ਨੂੰ ।

ਮੈਨੂੰ ਵਰਤ ਰੱਖਣ ਨਾ ਦੇਵੇ
ਮਾਹੀ ਮੇਰਾ ਸਿੰਘ ਸਭੀਆ ।

CC-0. In Public Domain. Gurukul Kangri Collection, Haridwar

ਜਿਨ੍ਹਾਂ ਗਿੱਧੇ ਸੀ ਪਿੰਡਾਂ ਤੋਂ ਬੰਦ ਕੀਤੇ
[illegible] ਸਿੰਘ [illegible] ।

Digitized by Arya Samaj Foundation Chennai and eGangotri

ਜਦੋਂ ਮੁਕ ਗਏ ਘੜੇ 'ਚੋਂ ਦਾਣੇ
ਬਣ ਗਿਆ ਸਿੰਘ ਸਭੀਆ ।

ਆਰੀਆ ਨੇ ਅੱਤ ਚੱਕ ਲਈ
ਸਾਰੇ ਪਿੰਡ ਦੇ ਸਰਾਧ ਬੰਦ ਕੀਤੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੜਾ

ਪੰਜਾਬੀ ਲੋਕ ਗੀਤਾਂ ਵਿਚ 'ਛੜਾ' ਇਕ ਵਿਸ਼ੇਸ਼ ਪਾਤਰ ਹੈ। ਛੜੇ ਦੇ ਸੰਬੰਧ ਵਿਚ ਸੈਂਕੜੇ ਲੋਕ ਗੀਤ ਮਿਲਦੇ ਹਨ। ਪੰਜਾਬੀ ਵਿਚ ਸਦੀਆਂ ਤੋਂ ਇਸਤਰੀਆਂ ਦੀ ਗਿਣਤੀ ਮਰਦਾਂ ਨਾਲੋਂ ਘਟ ਰਹੀ ਹੈ। ਇਸ ਘਟ ਇਣਤੀ ਦਾ ਇਕ ਕਾਰਣ ਇਹ ਵੀ ਰਿਹਾ ਹੈ ਕਿ ਪਿਛਲੇ ਸਮਿਆਂ ਵਿਚ ਇਥੋਂ ਦੇ ਵਸਨੀਕਾਂ ਦੇ ਕਈ ਵਰਗ ਜੰਮਦੀਆਂ ਹੀ ਲੜਕੀਆਂ ਨੂੰ ਮਾਰ ਦਿੰਦੇ ਸਨ, ਉਹ ਲੜਕੀ ਦਾਂ ਘਰ ਵਿਚ ਜਨਮ ਕੁਸਗਨ ਸਮਝਦੇ ਸਨ। ਅਜੇਹੇ ਲੋਕ-ਭਰਮਾਂ ਦੀ ਮਾਰ ਸਦਕਾ ਲੜਕੀਆਂ ਦੀ ਗਿਣਤੀ ਮਰਦਾਂ ਤੋਂ ਘਟ ਹੋ ਜਾਣਾ ਸੁਭਾਵਿਕ ਹੀ ਸੀ।

ਇਸਤਰੀਆਂ ਦੀ ਇਸ ਘਟ ਗਿਣਤੀ ਕਾਰਨ ਅਕਸਰ ਕਈ ਆਦਮੀ ਅਣ-ਵਿਆਹੇ ਹੀ ਰਹਿ ਜਾਂਦੇ ਸਨ ਜੋ ਛੜੇ ਦੇ ਨਾਂ ਪ੍ਰਸਿਧ ਹਨ। ਉਸ ਸਮੇਂ ਮਨੁੱਖ ਦੀ ਜ਼ਿੰਦਗੀ ਦਾ ਇਕ ਮਨੋਰਥ ਵਿਆਹ ਕਰਵਾਉਣ ਤਕ ਵੀ ਸੀਮਤ ਰਿਹਾ ਹੈ। ਵਿਆਹ ਇਕ ਸਖ਼ਤ ਇਮਤਿਹਾਨ ਸੀ, ਹਰ ਕਿਸੇ ਦਾ ਵਿਆਹ ਹੋਣਾ ਸੁਭਾਵਿਕ ਨਹੀਂ ਸੀ। ਜਿਨ੍ਹਾਂ ਦੇ ਵਿਆਹ ਹੋ ਜਾਂਦੇ ਸਨ ਉਨ੍ਹਾਂ ਨੂੰ ਭਾਗਾਂ ਵਾਲੇ ਸਮਝਿਆ ਜਾਂਦਾ ਸੀ। ਛੜੇ ਵਿਚਾਰੇ ਸਾਰੀ ਉਮਰ ਵਿਆਹ ਨੂੰ ਤਰਸਦੇ ਤਰਸਦੇ ਹੀ ਮਰ ਜਾਂਦੇ ਸਨ। ਉਨ੍ਹਾਂ ਦੀਆਂ ਬਹੁਤ ਸਾਰੀਆਂ ਭਾਵਨਾਵਾਂ ਅਤ੍ਰਿਪਤ ਹੀ ਰਹਿ ਜਾਂਦੀਆਂ ਸਨ।

ਛੜੇ ਇਕ ਪਾਸੇ ਤਾਂ ਕੁਦਰਤ ਦੇ ਮਾਰੇ ਹੋਏ ਸਨ, ਦੂਜੇ ਪਾਸੇ ਉਨ੍ਹਾਂ ਦੇ ਜੀਵਨ ਬਾਰੇ ਇਸਤ੍ਰੀਆਂ/ਮਰਦਾਂ ਨੇ ਅਨੇਕਾਂ ਲੋਕ ਗੀਤ ਜੋੜ ਕੇ ਉਨ੍ਹਾਂ ਦੀਆਂ ਕਈ ਭਾਵਨਾਵਾਂ ਨੂੰ ਠੇਸ ਵੀ ਪਹੁੰਚਾਈ ਹੈ। ਪੰਜਾਬੀ ਲੋਕ ਗੀਤਾਂ ਵਿਚ ਛੜੇ ਪਾਤਰ ਦੇ ਸਰਵਪੱਖੀ ਜੀਵਨ ਦਾ ਚਿਤਰਣ ਕੀਤਾ ਹੋਇਆ ਮਿਲਦਾ ਹੈ।

ਰੜਕੇ
ਉਹ ਘਰ ਛੜਿਆਂ ਦਾ
ਜਿੱਥੇ ਸ਼ੀਸ਼ਾ ਮੋਚਨਾ ਖੜਕੇ

ਚੁਲ੍ਹੇ ਅੱਗ ਨਾ ਘੜੇ ਵਿੱਚ ਪਾਣੀ
ਉਹ ਘਰ ਛੜਿਆਂ ਦਾ।

CC-0. In Public Domain. Gurukul Kangri Collection, Haridwar

ਰੰਨਾਂ ਵਾਲੇ ਘਰ ਸੌਣਗੇ
Digitized by Arya Samaj Foundation Chennai and eGangotri
ਛੜੇ ਜਾਣਗੇ ਮੱਕੀ ਦੀ ਰਾਖੀ ।

ਛੜਿਆਂ ਦੀ ਮਾਂ ਮਰ ਗੀ
ਕੋਈ ਡਰਦੀ ਰੋਣ ਨਾ ਜਾਵੇ ।

ਛੜਿਆਂ ਦੇ ਦੋ ਚੱਕੀਆਂ
ਕੋਈ ਡਰਦੀ ਪੀਹਣ ਨਾ ਜਾਵੇ ।

ਰੰਡੀ ਹੋ ਜੇ ਮੁਕਲਾਵੇ ਜਾਂਦੀ
ਛੜਿਆਂ ਦੀ ਆਹ ਲਗ ਜੇ ।

ਰੰਨਾਂ ਵਾਲਿਆਂ ਦੇ ਪਲੰਘ ਨਵਾਰੀ
ਛੜਿਆਂ ਦੀ ਵਾਣ ਦੀ ਮੰਜੀ ।

ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ
ਛੜਿਆਂ ਦੀ ਅੱਗ ਨਾ ਬਲੇ ।

ਮੇਰੀ ਚੱਪਣੀ ਵਗਾਹ ਕੇ ਮਾਰੀ
ਛੜਿਆਂ ਦੇ ਗਈ ਅੱਗ ਨੂੰ ।

ਕਾਹਨੂੰ ਦੇਨੀਂ ਏ ਕੁਪਤੀਏ ਗਾਲ੍ਹਾਂ
ਛੜੇ ਦਾ ਕਿਹੜਾ ਪੁੱਤ ਮਰ ਜੂ ।

ਛਿੱਟਾ ਦੇ ਗਈ ਝਾਂਜਰਾਂ ਵਾਲੀ
ਛੜਿਆਂ ਦਾ ਦੁੱਧ ਉਬਲੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਨਾ ਪਹਿਲਾਂ ਕਰ ਛੇੜ ਖਾਨੀਆਂ ।

ਅਸੀਂ ਨਿਤ ਦੇ ਸ਼ਰਾਬੀ ਰਹਿਣਾ
ਅੱਧ ਵਿਚ ਕੰਧ ਕੱਢ ਲੈ ।

ਨਾਲਾ ਟੂੰਗ ਲੈ ਘੁੰਗਰੂਆਂ ਵਾਲਾ
ਟੋਲੀ ਆਉਂਦੀ ਛੜਿਆਂ ਦੀ ।

ਐਵੇਂ ਛੜਿਆਂ ਦਾ ਨਾਂ ਬਦਨਾਮ
ਤੇ ਰੰਨਾਂ ਵਾਲੇ ਕਿਹੜਾ ਘੱਟ ਆ ।

ਛੜੇ ਬੈਠਕੇ ਸਲਾਹਾਂ ਕਰਦੇ
ਕੌਣ ਕੌਣ ਹੋਈਆਂ ਰੰਡੀਆਂ ।

ਘੁੰਡ ਕੱਢਣਾ ਤਵੀਤ ਨੰਗਾ ਰਖਣਾ
ਛੜਿਆਂ ਦੀ ਹਿੱਕ ਲੂਹਣ ਨੂੰ ।

ਛਿਟੀਆਂ ਦੀ ਅੱਗ ਨਾ ਮੱਚੇ
ਐਥੋਂ ਲਿਆਈਂ ਫੇਰਾਂ ਛੜੇ ਦੀ ਮੁੱਛ ਫੜਕੇ ।

ਜਿਥੇ ਲਗਣ ਤੇਲ ਦੇ ਤੜਕੇ
ਉਹ ਘਰ ਛੜਿਆਂ ਦਾ ।

ਛੜੇ ਜੁੱਤੀਆਂ ਖਾਣ ਦੇ ਮਾਰੇ
ਲੰਘਦੇ ਖੰਘੂਰਾ ਮਾਰ ਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੜੇ ਕਰਦੇ ਮਸ਼ਕਰੀ ਬਿਦਕ
ਰੰਨਾਂ ਵਾਲੇ ਘੱਟ ਬੋਲਦੇ ।

ਐਵੇਂ ਭਰਮ ਰੰਨਾਂ ਨੂੰ ਮਾਰੇ
ਹਲਕੇ ਨਾ ਛੜੇ ਫਿਰਦੇ ।

ਭਾਗਾਂ ਵਾਲਿਆਂ ਦੇ ਹੋਣ ਮੁਕਲਾਵੇ
ਛੜਿਆਂ ਦਾ ਰੱਬ ਰਾਜੀ ।

ਵਿਹੜੇ ਛੜਿਆਂ ਦੇ
ਕੌੜੀ ਨਿੰਮ ਨੂੰ ਲੱਗਣ ਪਤਾਸੇ ।

ਟੀਸੀ ਪਏ ਗੜੈਂਦੇ
ਤੈਨੂੰ ਛੜੇ ਵਿਖਾਵਾਂ ਵੇ ਰਾਂਝਨਾ
ਇੱਲਾਂ ਵਾਂਗੂੰ ਭੌਂਦੇ ।

ਸੁਣ ਨੀ ਕੁੜੀਏ ਮਛਲੀ ਵਾਲੀਏ
ਮਛਲੀ ਨਾ ਛਮਕਾਈਏ
ਨੀ ਵਿਚ ਦੀ ਛੜਿਆਂ ਦੇ
ਸੱਪ ਬਣਕੇ ਲੰਘ ਜਾਈਏ ।

ਨਿੱਕੀ ਨਿੱਕੀ ਕਣੀ ਦਾ ਮੀਂਹ ਵੇ ਵਰੇਂਦ
ਛੜਿਆਂ ਦਾ ਬਹਿ ਗਿਆ ਕੋਠਾ
ਛੜਿਓ ਨਾ ਰੋਵੋ
ਥੋੜਾ ਭਰਿਆ ਜਹਾਜ਼ ਖਲੋਤਾ
ਪਤਲੋ ਇਉਂ ਤੁਰਦੀ
ਜਿਉਂ ਤੁਰਦਾ ਸੜਕ ਤੇ ਬੋਤਾ
ਅੱਖੀਆਂ ਮਾਰ ਗਿਆ
ਜ਼ੈਲਦਾਰ ਦਾ ਪੋਤਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੜਾ ਛੜਾ ਨਾ ਕਰਿਆ ਕਰ ਨੀ
ਵੇਖ ਛੜੇ ਨਾਲ ਲਾ ਕੇ
ਛੜਾ ਤਾਂ ਤੇਰੇ ਭਾਂਡੇ ਮਾਂਜੂੰ
ਧੂਰ ਕੜਛੀ ਤੋਂ ਲਾ ਕੇ
ਬਹਿ ਜਾ ਪੀਹੜੇ ਤੇ ਰੇਬ ਪਜਾਮਾਂ ਪਾ ਕੇ ।

ਰੜਕੇ ਰੜਕੇ ਰੜਕੇ
ਛੜਿਆਂ ਨੇ ਅੰਬ ਤੜਕੇ
ਧੰਨੀ ਆਈ ਆ ਕੌਲੀ ਫੜਕੇ
ਧੰਨੀ ਆਉਂਦੀ ਨੂੰ ਖਾ ਵੀ ਲਏ
ਧੰਨੀ ਮੁੜ ਗਈ ਵਿੱਲੇ ਜਿਹੇ ਬੁੱਲ੍ਹ ਕਰਕੇ
ਧੰਨੀਏ ਨਾ ਮੁੜ ਨੀ
ਤੈਨੂੰ ਦਿਊਂਗਾ ਬਾਜਰਾ ਛੜਕੇ
ਬਾਜਰੇ ਦਾ ਕੀ ਖਾਣਾ
ਤੈਨੂੰ ਦਿਊਂਗਾ ਪੰਜੀਰੀ ਕਰਕੇ
ਮਿੱਤਰਾ ਦਾ ਦਰਦ ਬੁਰਾ
ਬਹਿ ਗਈ ਕਾਲਜਾ ਫੜਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੰਮੀਆਂ ਬੋਲੀਆਂ

ਲੰਮੀਆਂ ਬੋਲੀਆਂ ਲੋਕ ਗੀਤਾਂ ਦਾ ਅਤਿ ਹਰਮਨ ਪਿਆਰਾ ਕਾਵਿ ਰੂਪ ਹੈ । ਇਸ ਨੂੰ ਪੂਰੇ ਰੰਗ ਵਿਚ ਗਾਉਂਦੀਆਂ ਮੁਟਿਆਰਾਂ ਕਿਸੇ ਵਿਆਹ ਸ਼ਾਦੀ ਦੇ ਸਮੇਂ ਹੀ ਵੇਖੀਆਂ ਜਾ ਸਕਦੀਆਂ ਹਨ । ਕਿਸੇ ਪੇਂਡੂ ਮੇਲੇ ਉਤੇ ਕਈ ਵਾਰ ਔਰਤਾਂ ਨਾਲ ਗਭਰੂ ਵੀ ਗਾ ਕੇ ਰੰਗ ਬੰਨ੍ਹਦੇ ਹਨ । ਇੰਜ ਇਨ੍ਹਾਂ ਬੋਲੀਆਂ ਨੂੰ ਮਰਦ ਵੀ ਗਾ ਲੈਂਦੇ ਹਨ ਤੇ ਔਰਤਾਂ ਵੀ । ਇਨ੍ਹਾਂ ਗਿੱਧੇ ਦੀਆਂ ਬੋਲੀਆਂ ਤੋਂ ਵਖਰੀਆਂ ਭੰਗੜੇ ਦੀਆਂ ਬੋਲੀਆਂ ਨਿਰੋਲ ਮਰਦਾਂ ਦੀਆਂ ਬੋਲੀਆਂ ਹੁੰਦੀਆਂ ਹਨ । ਲੰਮੀ ਬੋਲੀ ਜਾਂ ਗਿੱਧੇ ਦੀ ਬੋਲੀ ਨੂੰ ਕੇਵਲ ਇਕੋ ਕੁੜੀ ਬੋਲਦੀ ਹੈ । ਉਸ ਵੇਲੇ ਬਾਕੀ ਦੀਆਂ ਕੁੜੀਆਂ ਚੁੱਪ ਕਰਕੇ ਖੜੀਆਂ ਰਹਿੰਦੀਆਂ ਹਨ । ਜਦ ਉਹ ਕੁੜੀ ਅਖੀਰਲੀ ਤੁਕ ਤੇ ਪੁੱਜ ਜਾਂਦੀ ਹੈ ਤਾਂ ਉਸ ਸਣੇ ਬਾਕੀ ਸਾਰੀਆਂ ਅਖੀਰਲੀ ਤੁਕ ਨੇ ਚੁੱਕ ਲੈਂਦੀਆਂ ਹਨ ਤੇ ਗਿੱਧਾ ਪਾਉਣ ਲਗ ਪੈਂਦੀਆਂ ਹਨ ਅਤੇ ਦੋ ਕੁੜੀਆਂ ਟੋਲੀ ਦੇ ਗੋਲ ਘੇਰੇ ਵਿਚ ਨੱਚਣ ਲੱਗ ਪੈਂਦੀਆਂ ਹਨ ।

ਇਨ੍ਹਾਂ ਗਿੱਧੇ ਦੇ ਗੀਤਾਂ ਵਿਚ ਬੰਦਾ ਬੰਦੀ ਦਾ ਵਿਕਾਸ ਹੋਇਆਂ ਹੈ । ਪਹਿਲਾਂ ਗਿੱਧੇ ਵਿਚ ਕੇਵਲ ਦੋ ਸਤਰੇ ਟੋਟਕੇ ਗਾਉਣ ਦਾ ਹੀ ਰਿਵਾਜ ਸੀ ਪਿਛੋਂ ਹੌਲੀ ਹੌਲੀ ਉਨ੍ਹਾਂ ਨਾਲ ਹੋਰ ਟੋਟਕੇ 'ਪਿੰਡਾਂ ਵਿਚੋਂ ਪਿੰਡ ਛਾਂਟਿਆਂ' ਜਾਂ ਖੱਟ ਕੇ ਲਿਆਂਦਾ' ਆਦਿ ਵਾਕੰਸ਼ ਜੋੜ ਕੇ ਇਹ ਬੋਲੀਆਂ ਲੰਮੀਆਂ ਹੋ ਗਈਆਂ ਹਨ ।

ਨਾ ਮੈਂ ਮੋਲਣੇ ਪੜ੍ਹੀ ਗੁਰਮੁਖੀ
ਨਾ ਬੈਠੀ ਸਾਂ ਡੇਰੇ ।
ਨਿੱਤ ਨਵੀਆਂ ਮੈਂ ਜੋੜਾਂ ਬੋਲੀਆਂ
ਬਹਿ ਕੇ ਮੋਟੇ ਨੇੜ੍ਹੇ ।
ਬੋਲ ਅਗੰਮੀ ਨਿਕਲਣ ਅੰਦਰੋਂ
ਵੱਸ ਨਹੀਂ ਕੁੱਝ ਮੇਰੇ ।
ਮੋਲਣੇ ਨੱਚ ਲੈ ਨੀ,
ਦੇ ਦੇ ਸ਼ੌਕ ਦੇ ਗੇੜੇ ।

ਹੁੰਮਹੁਮਾ ਕੇ ਕੁੜੀਆਂ ਆਈਆਂ
ਗਿਣਤੀ 'ਚ ਪੂਰੀਆਂ ਬਾਲੀ
ਚੰਦੀ ਨਿਹਾਲੋ ਬਿਸ਼ਨੀ ਪ੍ਰੀਤੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਨਾਂ ਦੀ ਵਰਦੀ ਕਾਲੀ
ਲੱਛੀ, ਬੇਗਮ ਨੂਰੀਂ ਫਾਤਾਂ
ਸਭਨਾਂ ਦੇ ਮੂੰਹ ਤੇ ਲਾਲ
ਸਭ ਨਾਲੋਂ ਸੋਹਣੀ ਭੈਣ ਪੰਜਾਬੋ
ਉਸ ਤੋਂ ਉਤਰ ਕੇ ਜੁਆਲੀ
ਗਿੱਧਾ ਪਾਓ ਕੁੜੀਓ
ਹੀਰ ਆ ਗਈ ਸਿਆਲਾਂ ਵਾਲੀ।

ਮੈਂ ਤਾਂ ਤੈਨੂੰ ਲੈਣ ਜੁ ਆਇਆ
ਤੂੰ ਵੜ ਬਹਿੰਦੀ ਖੂੰਜੇ
ਘਰ ਦੀ ਨਾਰ ਬਿਨਾਂ
ਸੁੰਨੀ ਹਵੇਲੀ ਗੂੰਜੇ।

ਆਰੀ, ਆਰੀ, ਆਰੀ
ਮੁੰਡਾ ਮੇਰਾ ਰੋਵੇ ਅੰਬ ਨੂੰ
ਕੀ ਤੇਰੀ ਸਰਦਾਰੀ।
ਕੁੜੀਆਂ ਤੈਨੂੰ ਕਾਹਨੂੰ ਉਡੀਕਣ
ਐਵੇਂ ਮਾਰਦੀ ਭਾਨੀ
ਮਿੱਤਰ ਵਿਛੜੇ ਬੁਰਾ ਵਿਛੋੜਾ
ਵੱਜੇ ਕਾਲਜੇ ਕਾਨੀ
ਜਾਂਦਿਆਂ ਮਿੱਤਰਾ ਦਾ
ਦੇ ਜਾ ਛਾਪ ਨਿਸ਼ਾਨੀ।

ਰੜਕੇ ਸ਼ੀਸ਼ਾ ਮਿੱਤਰਾਂ ਦਾ
ਵੇਖ ਪਟੋਲਿਆ ਖੜਕੇ।
ਦੰਦ ਕੌਡੀਆਂ, ਬੁੱਲ੍ਹ ਪਤਾਸੇ
ਗੱਲ੍ਹਾਂ ਸ਼ਕਰਪਾਰੇ
ਸਹੇਲੀ ਤੇਰੀ ਨਾਗ ਨਿਮਾਣੀ
ਡੰਗ ਜੋਬਨ ਨੂੰ ਮਾਰੇ
ਦੁਖੀਏ ਆਸ਼ਕ ਨੂੰ
ਨਾ ਝਿੜਕੀਂ ਮੁਟਿਆਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਭਰੀ ਜਵਾਨੀ ਵੇ ਰਾਂਝਣਾ ।
ਜਿਉਂ ਗੰਨੇ ਦੀ ਪੋਰੀ ।
ਰਸ ਡੁੱਲ੍ਹਦਾ ਜਾਂਦਾ ਵੇ ਖਾਂਝਣਾਂ
ਕਰ ਲੈ ਹੇਠ ਕਟੋਰੀ ।

ਬੱਗੇ ਬੋਤੇ ਵਾਲਿਆ
ਮੈਂ ਬੱਗੀ ਹੋ ਹੋ ਜਾਨੀ ਆਂ
ਤੇਰੀ ਮਾਰੀ ਮੁੰਡਿਆ ਵੇ
ਇੱਲ ਵਾਂਗੂ ਭੌਂਦੀ ਆਂ
ਅੱਖ ਮੱਚ ਜਾਵੇ ਰਾਤੀਂ
ਨੀਂਦ ਭਰ ਸੌਂਦੀ ਆਂ ।

ਟੁੱਟੀ ਮੰਜੀ ਵਾਣ ਪੁਰਾਣਾ
ਵਿਚ ਦੀ ਦਿਸਦੇ ਤਾਰੇ
ਕੁਤਰਾ ਕਰਦੇ ਨੂੰ
ਤੇਲਣ ਅੱਖੀਆਂ ਮਾਰੇ (ਜਾਂ)
ਕੁਤਰਾ ਮੈਂ ਕਰ ਲੂੰ
ਤੂੰ ਜਾਹ ਤੇਲਣ ਦੇ ਨਾਲੇ ।
ਮੈਨੂੰ ਕਹਿੰਦਾ ਪੇਕੇ ਨਹੀਂ ਜਾਂਦੀ
ਜਾਂ ਚੱਲੀ ਮੈਂ ਪੇਕੇ
ਜਾਏ ਵੱਢੇ ਦਾ ਕੁਲੱਛਣਾ
ਰੂਪੀ ਚੜ੍ਹ ਚੜ੍ਹ ਵੇਖੇ ।

ਮੀਂਹ ਤਾਂ ਬੀਬੀ ਪੈਣੋਂ ਰਹਿ ਗਏ
ਸੁੱਕੀਆਂ ਵਗਣ ਜ਼ਮੀਨਾਂ
ਤੂੜੀਆਂ ਖਾਂਦੇ ਢੱਗੇ ਹਾਰ ਗਏ
ਗੱਭਰੂ ਲਗ ਗਏ ਫੀਮਾਂ
ਤੇਰੀ ਬੈਠਕ ਨੇ ਪੱਟ ਤਾ ਕਬੂਤਰ ਚੀਨਾ ।
ਬੋਦੀ ਵਾਲਾ ਚੜ੍ਹਿਆ ਤਾਰਾ
ਘਰ ਘਰ ਹੋਣ ਵਿਚਾਰਾਂ
ਕੁਛ ਲੁਟ ਲੀ ਪਿੰਡ ਦਿਆਂ ਪੈਂਚਾਂ
ਕੁਛ ਲੁਟ ਲੀ ਸਰਦਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਗਹਿਣੇ ਸਾਰੇ ਘਰ ਦਿਆਂ ਲਾਹ ਲੇ
ਜੋਬਨ ਲੈ ਲਿਆ ਯਾਰਾਂ
ਭੇਡਾਂ ਚਾਰਦੀਆਂ
ਬੇ-ਕਦਰਿਆਂ ਦੀਆਂ ਨਾਰਾਂ ।

ਛੰਨਾ ਛੰਨੇ ਵਿਚ ਬੂਰ ਪਿਆ
ਰਾਤੀਂ ਰੰਨਾਂ ਦਾ ਚਮਕਾਰਾ
ਭੌਰਿਆ ਦੂਰ ਪਿਆ ।

ਜੇ ਮੁੰਡਿਆ ਤੂੰ ਗੋਹਾ ਵੇ ਸਿਟਾਉਣਾ
ਟੋਕਰੀ ਲਿਆ ਦੇ ਤਾਰਾਂ ਦੀ
ਵੇ ਮੈਂ ਧੀ ਵਡਿਆਂ ਸਰਦਾਰਾਂ ਦੀ ।

ਬੇਰੀਏ ਨੀ ਤੈਨੂੰ ਬੇਰ ਲਗਣਗੇ
ਕਿੱਕਰੇ ਨੀ ਤੈਨੂੰ ਤੁੱਕੇ
ਨੀ ਰਾਂਝਾ ਦੂਰ ਖੜਾ
ਦੂਰ ਖੜਾ ਦੁੱਖ ਪੁੱਛੇ ।

ਮੂੰਹ ਵਿਚ ਪਾਈ ਮਲੱਠੀ
ਗਿੱਧੇ ਦੇ ਵਿਚ ਆਣ ਕੇ
ਤੂੰ ਕੇਹੀ ਚੁੱਪ ਵੱਟੀ ।

ਘਰ ਨਾ ਵੇਂਹਦੀਆ
ਵਰ ਨਾ ਵੇਂਹਦੀਆਂ
ਬਦਲੇ ਖੋਰੀਆਂ ਮਾਵਾਂ
ਨਿੱਕੇ ਜਿਹੇ ਮੁੰਡੇ ਨਾਲ ਵਿਆਹ ਕਰ ਦਿੰਦੀਆਂ
ਦੇ ਕੇ ਚਾਰ ਕੁ ਲਾਵਾਂ
ਏਸ ਜਵਾਨੀ ਨੂੰ ਕਿਹੜੇ ਖੂਹ ਵਿਚ ਪਾਵਾਂ ।

ਘਾਹ
ਵੇ ਜੇ ਤੈਂ ਖਾਣੀਆਂ ਸੇਵੀਆਂ
ਮੁੱਛਾਂ ਮੁੰਨਾ ਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਣ ਵੇ ਮੁੰਡਿਆ ਕੈਂਠੇ ਵਾਲਿਆ
ਕੈਂਠਾ ਰੋਗਣ ਕੀਤਾ
ਤੇਰਿਆਂ ਬੋਲਾਂ ਨੇ
ਧੋ ਕੇ ਕਾਲਜਾ ਪੀਤਾ ।

ਘਾਹ
ਨੀ ਮੈਂ ਰਿੰਨ੍ਹੀਆਂ ਸੇਵੀਆਂ
ਜੱਟ ਨੂੰ ਚੜ੍ਹ ਗਿਆ ਚਾਅ ।
ਭੱਜੀ ਆਉਂਦੀ ਬੀਬੀ ਚੜ੍ਹ ਗਈ ਪੀਂਘ ਤੇ
ਡਿੱਗ ਪਈ ਹੁਲਾਰਾ ਖਾ ਕੇ !
ਯਾਰਾਂ ਇਹਦਿਆਂ ਨੂੰ ਹੋ ਗਈਆਂ ਖਬਰਾਂ
ਬਹਿ ਗਏ ਢੇਰੀ ਢਾਹ ਕੇ,
ਲੱਗੀਆਂ ਸਿਆਲ ਦੀਆਂ
ਟੁੱਟੀਆਂ ਪਿੜਾਂ ਵਿਚ ਆ ਕੇ ।

ਲੈ ਪੌਣਾਂ
ਕੁੜੀ ਸਾਗ ਨੂੰ ਵੇ ਚਲੀ ਆ
ਖੜੀ ਉਡੀਕੇ ਸਾਬਣ ਨੂੰ
ਕਚੀ ਕੋਲ ਮਰੋੜੇ ਦਾਤਣ ਨੂੰ ।

ਡੇਰਾ
ਕੂੰਜੇ ਪਹਾੜ ਦੀਏ
ਕਦੀ ਪਾ ਵਤਨਾਂ ਵੱਲ ਫੇਰਾ ।

ਆਰਸੀ
ਹੁਣ ਮੁਕਲਾਵਾ ਦੇਹ ਨੀ ਭਾਬੀਏ
ਮੁੰਡਾ ਪੜ੍ਹ ਗਿਆ ਫਾਰਸੀ !

ਸੌਣ ਮਹੀਨੇ ਘਾਹ ਹੋ ਗਿਆ
ਰੱਜੀਆਂ ਮੱਝੀਂ ਗਾਈ
ਗਿੱਧਿਆਂ ਪਿੰਡ ਵੜ ਵੇ
ਲਾਂਭ ਲਾਂਭ ਨਾ ਜਾਈਂ ।

CC-0. In Public Domain. Gurukul Kangri Collection, Haridwar

ਉਰਲੀ ਢਾਬ ਦਾ ਗੰਦਲਿਆ ਪਾਣੀ
Digitized by Arya Samaj Foundation Chennai and eGangotri
ਪਰਲੀ ਢਾਬ ਦੇ ਰੋੜੇ
ਚੀਨੇ ਕਬੂਤਰ, ਕਦੋਂ ਪਾਉਣਗੇ ਮੋੜੇ ।

ਸੁਣ ਨੀ ਕੁੜੀਏ ਨੱਚਣ ਵਾਲੀਏ
ਨੱਚਦੀ ਲਗੇਂ ਪਿਆਰੀ
ਭੈਣ ਤੇਰੀ ਨਾਲ ਵਿਆਹ ਕਰਵਾ ਲਾਂ
ਤੈਨੂੰ ਬਣਾ ਲਾਂ ਸਾਲੀ
ਆਪਾਂ ਦੋਵੇਂ ਚੜ੍ਹ ਚਲੀਏ
ਮੇਰੀ ਬੋਤੀ ਝਾਂਜਰਾਂ ਵਾਲੀ
ਬੋਤੀ ਨੇ ਪੱਬ ਚੁੱਕਿਆ ।

ਆਰੀ
ਨਰਮ ਸਰੀਰਾਂ ਨੂੰ
ਪੈ ਗੇ ਮਾਮਲੇ ਭਾਰੀ ।
ਉਰਲੀ ਗਲੀ ਭੀੜੀ ਸੁਣੀਂਦੀ
ਪਰਲੀ 'ਚ ਲਗ ਗਏ ਛਾਪੇ
ਮੰਗ ਸੀ ਮੈਂ ਤੇਰੀ ਹਾਣੀਆਂ
ਬੇਈਮਾਨ ਮੁੱਕਰ ਗਏ ਮਾਪੇ

ਸੁਣ ਵੇ ਤਾਇਆ
ਸੁਣ ਵੇ ਚਾਚਾ
ਸੁਣ ਵੇ ਬਾਬਲਾ ਲੋਭੀ
ਦਾਰੂ ਪੀਣੇ ਨੂੰ
ਮੈਂ ਕੂੰਜ ਕਿਉਂ ਡੋਬੀ ।

ਬੋਲੀ ਸ਼ਰੀਕ ਦੀ ਤੇ ਫਟ ਤਲਵਾਰ ਦਾ
ਕਾਲਜੇ ਨੂੰ ਖਾਵੇ ਜਿਵੇਂ ਸੱਪ ਡੰਗ ਮਾਰਦਾ ।
ਸੁਣ ਵੇ ਮੁੰਡਿਆ ਫੁੱਲ ਵਾਲਿਆ
ਫੁੱਲ ਤੇਰਾ ਲਾਹ ਲਾਂਗੇ
ਜੁੱਤੀ ਮਾਰ ਕੇ ਮਲਾਹਜਾ ਪਾ ਲਾਂਗੇ ।

ਤਾਰਾਂ, ਤਾਰਾਂ ਤਾਰਾਂ
ਬੋਲੀ ਦਾ ਖੂਹ ਭਰ ਦਿਆਂ
ਜਿੱਥੋਂ ਪਾਣੀ ਭਰਨ ਮੁਟਿਆਰਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਢੇਰੇ
ਤੇਰੇ ਮੇਰੇ ਪਿਆਰ ਦੀਆਂ
ਗੱਲਾਂ ਹੋਣ ਸੰਤਾਂ ਦੇ ਡੇਰੇ ।

ਬੱਗੀ ਬੱਗੀ ਕਣਕ ਦੇ
ਮੰਡੇ ਮੈਂ ਪਕਾਉਨੀ ਆਂ,
ਛਾਵੇਂ ਬਹਿ ਕੇ ਖਾਵਾਂਗੇ
ਚਿੱਤ ਕਰੂ ਮੁਕਲਾਵੇ ਜਾਵਾਂਗੇ ।

ਨਵੀਂ ਬਹੂ ਮੁਕਲਾਵੇ ਆਂਈ
ਸੱਸ ਧਰਤੀ ਪੈਰ ਨਾ ਲਾਵੇ ।
ਲੈ ਨੀ ਨੂੰਹੇ ਰੋਟੀ ਖਾ ਲੈ
ਨੂੰਹ ਸੰਗਦੀ ਨਾ ਖਾਵੇ
ਪਿਛਲੇ ਯਾਰ ਦਾਂ ਕਰਦੀ ਹੇਰਵਾ
ਕੀਹਨੂੰ ਆਖ ਸੁਣਾਵੇ
ਰੋਂਦੀ ਭਾਬੋ ਦੇ
ਨਣਦ ਬੁਰਕੀਆਂ ਪਾਵੇ ।

ਢੇਰੇ
ਸੋਹਣੀ ਸੂਰਤ ਦੇ
ਪਹਿਲੀ ਰਾਤ ਦੇ ਫੇਰੇ ।

ਜੁੱਤੀ ਡਿੱਗ ਪਈ ਸਤਾਰਿਆਂ ਵਾਲੀ
ਡਿਗਦੀ ਤਾਂ ਡਿੱਗ ਲੈਣ ਦੇ
ਘਰ ਜਾ ਕੇ ਸੁਆ ਦੂੰ ਚਾਲੀ,
ਚਾਲੀਆਂ ਨੂੰ ਅੱਗ ਲਾ ਦਿਆਂ
ਮੇਰੇ ਵੀਰ ਦੀ ਨਿਸ਼ਾਨੀ ਭਾਰੀ
ਵਿਚ ਜਗਰਾਵਾਂ ਦੇ ਲੱਗਦੀ ਰੌਸ਼ਨੀ ਭਾਰੀ ।

ਸੁਣ ਨੀ ਮੇਲਣੇ ਨੱਚਣ ਵਾਲੀਏ
ਮੈਂ ਤੇਰਾ ਜਸ ਗਾਵਾਂ ।
ਮੰਦਾ ਬੋਲ ਨਾ ਬੋਲਾਂ ਗਿੱਧੇ ਵਿਚ
ਵੱਧ ਕੇ ਬੋਲੀ ਪਾਵਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਰੀਆਂ ਮੇਵੇ ਪਾਈਂ ਬਾਬਲਾ
ਵਧੀਆ ਖੀਰ ਬਣਾਈਂ
ਜੁੱਗ ਜੁੱਗ ਜੀਵੇਂ ਬਾਬਲਾ
ਜੋੜੀ ਮਿਲ ਗਈ ਫਰਕ ਨਾ ਕਾਈ ।

ਉੱਚੇ ਟਿੱਬੇ ਇਕ ਮੂੰਗੀ ਦਾ ਬੂਟਾ
ਉਹਨੂੰ ਚਰ ਗਈ ਗਾਂ
ਰੋਂਦਾ ਮੂੰਗੀ ਨੂੰ
ਘਰ ਮਰਗੀ ਤੇਰੀ ਮਾਂ ।

ਘਰ ਨੀ ਵੇਂਹਦੀਆਂ
ਵਰ ਨੀ ਵੇਂਹਦੀਆਂ
ਬਦਲੇ ਖੋਰੀਆਂ ਮਾਂਵਾਂ
ਨਿੱਕੇ ਜਿਹੇ ਮੁੰਡੇ ਨਾਲ ਵਿਆਹ ਕਰ ਦੇਂਦੀਆਂ
ਦੇ ਕੇ ਚਾਰ ਕੁ ਲਾਵਾਂ
ਰੰਗ ਦੇ ਕਾਲੇ ਨਾਲ
ਕਿਹੜੇ ਹੌਂਸਲੇ ਜਾਵਾਂ ।

ਵਿਆਹ ਕਰਵਾਇਆ ਭਰਮ ਗਵਾਇਆ
ਹਾਣ ਦਾ ਮੁੰਡਾ ਨਾ ਥਿਆਇਆ
ਮੇਰੇ ਮਾਪਿਆਂ ਨੇ
ਗਲ ਵਿਚ ਫਾਹਾ ਪਾਇਆ ।

ਦੁਧ ਬਣ ਜਾਨੀ ਆਂ
ਮਲਾਈ ਬਣ ਜਾਨੀ ਆਂ
ਗਟਾ-ਗਟ ਪੀ ਲੈ ਵੇ
ਨਸ਼ਾ ਬਣ ਜਾਨੀ ਆਂ । (ਜਾਂ)
ਜੇਬ ਵਿਚ ਪਾ ਲੈ ਵੇ
ਰੁਮਾਲ ਬਣ ਜਾਨੀ ਆਂ ।

ਕੱਠੀਆਂ ਹੋ ਕੇ ਆਈਆਂ ਗਿੱਧੇ ਵਿਚ
ਇਕੋ ਜਹੀਆਂ ਮੁਟਿਆਰਾਂ ।
ਚਾਨਣ ਦੇ ਵਿਚ ਏਦਾਂ ਚਮਕਣ
ਜਿਉਂ ਸੋਨੇ ਦੀਆਂ ਤਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਹਰੀਆਂ ਹੋ ਹੋ ਨੱਚਣ ਕੁੜੀਆਂ
ਜਿਉਂ ਹਰਨਾਂ ਦੀਆਂ ਡਾਰਾਂ ।
ਜ਼ੋਰ ਜਵਾਨੀ ਦਾ ਲੁੱਟ ਲੌ ਮੌਜ ਬਹਾਰਾਂ ।

ਵੰਗਾਂ ਨਾਲ ਭਰਾ ਲਈਆਂ ਬਾਹਵਾਂ
ਮਹਿੰਦੀ ਰੰਗਲੀ ਲਾ ਕੇ
ਰੂਪ ਤੇਰੇ ਨੂੰ ਦੇਖ ਮੁਟਿਆਰੇ
ਡਿਗ ਪਿਆ ਸੀ ਗਸ਼ ਖਾ ਕੇ
ਆਸ਼ਕ ਡੋਲ ਜਾਣਗੇ
ਤੁਰ ਨਾ ਹੁਲਾਰਾ ਖਾ ਕੇ ।

ਮਾਪਿਆਂ ਮੇਰਿਆਂ ਵੈਰ ਕਮਾਇਆ
ਦੇ ਕੇ ਚਾਰ ਕੁ ਲਾਵਾਂ
ਬੁਸ ਬੁਸ ਕਰਦਾ ਛੇਜੇ ਚੜ੍ਹਦਾ
ਮੈਂ ਕੀਕੂੰ ਸਮਝਾਵਾਂ
ਕੰਤ ਨਿਤਾਣੇ ਦੇ
ਦੁਖੜੇ ਕੀਹਨੂੰ ਸੁਣਾਵਾਂ ।

ਵਗਦੀ ਰਾਵੀ ਦੇ ਵਿਚ
ਸਾਗ ਚੁਲਾਈ ਦਾ
ਮੈਂ ਨਾ ਜੰਮਦੀ ਮਾਹੀ ਵੇ
ਤੂੰ ਕਿਥੋਂ ਵਿਆਹੀ ਦਾ ।

ਵਗਦੀ ਰਾਵੀ ਦੇ ਵਿੱਚ
ਗੰਨੇ ਦੀਆਂ ਗੰਨੇਰੀਆਂ
ਤੂੰ ਨਾ ਜੰਮਦੀ ਗੋਰੀਏ
ਨੀ ਮੈਨੂੰ ਹੋਰ ਬਥੇਰੀਆਂ ।

ਕਿੱਕਰਾਂ ਵੀ ਲੰਘ ਆਈ
ਬੇਰੀਆਂ ਵੀ ਲੰਘ ਆਈ
ਲੰਘਣੋਂ ਰਹਿ ਗਏ ਘਾ
ਵੇ ਪੁੱਤਰਾ ਸਹੁਰੇ ਦਿਆ
ਕਦੇ ਬਣਕੇ ਪ੍ਰਾਹੁਣਾ ਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਪੱਤਣ ਅੱਜ ਪਾਣੀ ਲੰਘਦਾ,
ਫੇਰ ਨਾ ਲੰਘਦਾ ਭਲਕੇ।
ਬੇੜੀ ਪੂਰ ਤ੍ਰਿੰਞਣ ਦੀਆਂ ਕੁੜੀਆਂ
ਸਦਾ ਨਾ ਬੈਠਣ ਰਲਕੇ।
ਤੂੰ ਨੱਚ ਕੇ ਵਿਖਾ ਦੇ ਮੇਲਣੇ
ਜਾਈਂ ਨਾ ਗਿੱਧੇ 'ਚੋਂ ਟਲ ਕੇ।

ਬਾਜਰਾ ਤੇ ਸਾਡਾ ਹੋ ਗਿਆ ਚਾਬੂ
ਮੂੰਗੀ ਆਉਂਦੀ ਰਮਦੀ
ਪਹਿਨ ਪਚਰ ਕੇ ਆ ਗਈ ਖੇਤ ਵਿਚ
ਠੁਮਕ ਠੁਸ਼ਕ ਪਬ ਧਰਦੀ
ਸਿਫਤਾਂ ਰਾਂਝੇ ਦੀਆਂ
ਮੈਂ ਬੈਠ ਮਲ੍ਹੇ ਤੇ ਕਰਦੀ।

ਫੂਸ ਹੁੰਦੀ ਜਾਨੀ ਆਂ
ਮੈਂ ਬੱਗੀ ਹੁੰਦੀ ਜਾਨੀ ਆਂ
ਤੇਰੇ ਹਉਕੇ ਨਾਲ ਵੇ ਮੈਂ
ਅੱਧੀ ਹੁੰਦੀ ਜਾਨੀ ਆਂ।

ਮੈਂ ਤਾਂ ਤੈਨੂੰ ਲੈਣ ਜੋ ਆ ਗਿਆ
ਤੂੰ ਵੜ ਬਹਿੰਦੀ ਖੂੰਜੇ
ਘਰ ਦੀ ਨਾਰ ਬਿਨਾਂ
ਕੌਣ ਚੌਂਤਰਾ ਹੂੰਝੇ।

ਵੇ ਆਉਣ ਨ੍ਹੇਰੀਆਂ
ਵੇ ਜਾਣ ਨ੍ਹੇਰੀਆਂ
ਵੇ ਪਿੰਡ ਦੇ ਵਿਚਾਲੇ,
ਗੱਲਾਂ ਹੋਣ ਤੇਰੀਆਂ।

ਮਾਪਿਓ ਵੇ ਵਰ ਬੁੱਢਾ ਸਹੇੜਿਆ
ਲੈ ਦੰਮਾਂ ਦੀ ਬੋਰੀ
ਖਾਰੇ ਚੜ੍ਹਦਾ ਡਿੱਗ ਡਿੱਗ ਪੈਂਦਾ
ਕੀਕਰ ਫੜਾਂ ਡੰਗੋਰੀ
ਵਜਦੀ ਢੰਗ ਸਾਰੰਗੀ
ਕਲੀਆਂ ਲਾਉਂਦੀ ਗੋਰੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਨਾ ਵੇਂਹਦੀਆਂ
ਵਰ ਨਾ ਵੇਂਹਦੀਆਂ
ਬਦਲੇ ਖੋਰੀਆਂ ਮਾਵਾਂ
ਨਿੱਕੇ ਜੇਹੇ ਮੁੰਡੇ ਨਾਲ ਵਿਆਹ ਕਰ ਦਿੰਦੀਆਂ
ਦੇ ਕੇ ਚਾਰ ਕੁ ਲਾਵਾਂ
ਇਕ ਚਿੱਤ ਕਰਦਾ ਬਹਿ ਜਾਂ ਵੀਹਰ ਕੇ
ਇਕ ਚਿੱਤ ਕਰਦਾ ਜਾਵਾਂ
ਕੰਤ ਨਿਆਣੇ ਦੀ ਰੋ ਰੋ ਸੇਜ ਵਿਛਾਵਾਂ ।

ਖੰਡ ਬਾਝ ਦੁੱਧ ਮਿੱਠਾ ਨਾ ਹੁੰਦਾ
ਬਿਰਛ ਬਾਝ ਨਾ ਛਾਵਾਂ
ਖੇਤ ਉਜਾੜ ਪਿਆ
ਮੈਂ ਨੱਚ ਕੇ ਕਿਵੇਂ ਵਿਖਾਵਾਂ ।

ਕਾਲੀ ਸੂਫ ਦੀ ਸਲਵਾਰ
ਖੱਟਾ ਨਾਲਾ ਪਾਵਾਂਗੇ ।
ਗੋਰਾ ਰੰਗ ਗੁਲਾਬੀ

ਬੁੱਲ੍ਹ ਕਿਸੇ ਦੇ ਮੰਗ ਲਿਆਵਾਂਗੇ ।
ਪਹਿਲੀ ਵਾਰ ਜਦ ਗਈ ਮੈਂ ਸੌਹਰੇ
ਬਣ ਗਈ ਸਭ ਤੋਂ ਨਿਮਾਣੀ
ਚੁੱਲ੍ਹਾ ਚੌਂਕਾ ਸਾਰਾ ਸਾਂਭਦੀ
ਨਾਲੇ ਭਰਦੀ ਪਾਣੀ
ਦਿਨ ਚੜ੍ਹ ਜਾਏ ਕਦੇ ਜਾਗ ਨਾ ਆਏ
ਤਾਂ ਮਾਰੇ ਬੋਲ ਜਿਠਾਣੀ
ਕਿ ਉਠ ਕੇ ਕੰਮ ਕਰ ਨੀ
ਕਿਉਂ ਪਈ ਏ ਮੂੰਗੀਆ ਤਾਣੀ ।

ਮਾਪਿਆਂ ਨੇ ਮੈਂ ਰੱਖੀ ਵੇ ਲਾਡਲੀ
ਸਹੁਰੀਂ ਲਾ ਲਈ ਕੰਮ ਵੇ
ਮੇਰਾ ਉਡਦਾ ਜਾਵੇ
ਸੋਨੇ ਵਰਗਾ ਰੰਗ ਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿੰਦੀ ਮਹਿੰਦੀ ਸਭ ਜੱਗ ਕਹਿੰਦਾ
ਹੇਠਾਂ ਕੂੰਡੀ ਉੱਤੇ ਸੋਟਾ
ਭਾਰ ਦੋਹਾਂ ਦਾ ਸਹਿੰਦੀ
ਰਗੜੇ ਖਾ ਖਾ ਹੱਥੀਂ ਲੱਗਦੀ
ਫੋਕਟ ਹੋ ਹੋ ਲਹਿੰਦੀ
ਬੋਲ ਸ਼ਰੀਕਾਂ ਦੇ ਮੈਂ ਨਾ ਬਾਬਲਾ ਸਹਿੰਦੀ ।

ਤੇਰੀ ਖਾਤਰ ਘਰ ਬਾਰ ਛੱਡਿਆ
ਖੂਹ ਤੇ ਛੱਡ ਲਏ ਆੜੂ
ਬਿਨਾਂ ਬਸੰਤਰ ਭੁਜੀਆਂ ਹੱਡੀਆਂ
ਹੈ ਨਹੀਂ ਰੋਗ ਦਾਰੂ
ਇਸ਼ਕ ਤੇਰੇ ਦਾ ਚੜ੍ਹਿਆ ਤੇਈਆ
ਕਿਹੜਾ ਵੈਦ ਉਤਾਰੂ
ਰੋਂਦੇ ਯਾਰ ਛੱਡਗੀ
ਤੈਨੂੰ ਕੀ ਮੁਕਲਾਵਾ ਤਾਰੂ ।

ਆਰੀ ਆਰੀ ਆਰੀ
ਵਿਚ ਜਗਰਾਵਾਂ ਦੇ ਲਗਦੀ ਰੌਸ਼ਨੀ ਭਾਰੀ
ਵੈਲੀਆਂ ਦਾ ਕੱਠ ਬੱਝ ਗਿਆ
ਬੋਤਲਾਂ ਮੰਗਾਈਆਂ ਚਾਲੀ
ਚਾਲੀਆਂ ਚੋਂ ਇਕ ਬਚ ਗਈ
ਚੱਕ ਕੇ ਮਹਿਲ ਨਾਲ ਮਾਰੀ

ਮੁੰਡਾ ਸਾਡਾ ਗਿਆ ਵਲਾਇਤ
ਬਣ ਕੇ ਲੰਦਨ ਦਾ ਰਾਹੀ
ਧੀ ਅੰਗਰੇਜ਼ਾਂ ਦੀ
ਚੰਦ ਦੇ ਚਾਨਣੇ ਵਿਆਹੀ ।

ਸੁਨਿਆਰਾਂ ਦਿਆ ਮੁੰਡਿਆ ਵੇ
ਸਾਡੀ ਮਛਲੀ ਵੇ ਘੜ ਦੇ
ਉੱਤੇ ਪਾ ਦੇ ਮੋਰਨੀਆਂ
ਅਸੀਂ ਸੱਸ ਮੁਕਲਾਵੇ ਟੋਰਨੀ ਆਂ ।

CC-0. In Public Domain. Gurukul Kangri Collection, Haridwar

ਸ਼ੇਰ ਸਿੰਘ ਕੱਕੜਾਂ ਦਾ, ਜੀਹਤੇ ਚਲਗੇ ਮੁਕੱਦਮੇਂ ਚਾਲੀ
Digitized by Arya Samaj Foundation Chennai and eGangotri
ਠਾਣੇਦਾਰ ਤਿੰਨ ਚੜ੍ਹਗੇ, ਨਾਲ ਪੁਲਸ ਚੜ੍ਹੀ ਸਰਕਾਰੀ
ਸੂਬਾ ਮੋਗੇ ਦਾ, ਜਿਹੜਾ ਡਾਂਗ ਦਾ ਬਹਾਦਰ ਭਾਰੀ
ਰਾਮੂ ਖਾਰੇ ਦਾ, ਪੁੱਠੇ ਹੱਥ ਦੀ ਗੰਡਾਸੀ ਮਾਰੀ।
ਠਾਣੇਦਾਰ ਇਉਂ ਡਿਗਿਆ ਜਿਵੇਂ ਹੱਲ 'ਚੋਂ ਡਿਗੇ ਪੰਜਾਲੀ
ਕਾਹਨੂੰ ਛੇੜੀ ਸੀ ਨਾਗਾਂ ਦੀ ਪਟਿਆਰੀ।

ਤੂੰ ਹੱਸਦੀ ਦਿਲ ਰਾਜ਼ੀ ਮੇਰਾ
ਲਗਦੇ ਬੋਲ ਪਿਆਰੇ
ਚੱਲ ਕਿਧਰੇ ਦੋ ਗੱਲਾਂ ਕਰੀਏ
ਬਹਿ ਕੇ ਨਦੀ ਕਿਨਾਰੇ
ਲੁਕ ਲੁਕ ਲਾਈਆਂ ਪ੍ਰਗਟ ਹੋਈਆਂ
ਵੱਜ ਗਏ ਢੋਲ ਨਗਾਰੇ
ਸੋਹਣੀਏ ਆ ਜਾ ਨੀ
ਡੁਬਦਿਆਂ ਨੂੰ ਰੱਬ ਤਾਰੇ।

ਬੱਗੀ ਬੱਗੀ ਕਣਕ ਦੁਆਬੇ ਦੀ
ਜਿਹੜੀ ਗਿੱਧਾ ਨਾ ਪਾਊ
ਉਹ ਰੰਨ ਬਾਬੇ ਦੀ।

ਮਹਿੰਦੀ ਮਹਿੰਦੀ ਮਹਿੰਦੀ
ਹਰ ਕੋਈ ਕਹਿੰਦਾ ਮਹਿੰਦੀ
ਬਾਗਾਂ ਦੇ ਵਿਚ ਸਸਤੀ ਮਿਲਦੀ
ਹੱਟੀਆਂ ਤੋਂ ਮਿਲਦੀ ਮਹਿੰਗੀ
ਉਤੇ ਸੋਟਾ ਹੇਠਾਂ ਕੂੰਡੀ
ਭਾਰ ਦੋਹਾਂ ਦਾ ਸਹਿੰਦੀ
ਘੋਟ ਘੋਟ ਮੈਂ ਹੱਥਾਂ ਨੂੰ ਲਾਉਂਦੀ
ਫ਼ਲਕ ਬਣ ਬਣ ਲਹਿੰਦੀ
ਮਹਿੰਦੀ ਸ਼ਗਨਾਂ ਦੀ
ਧੋਤਿਆਂ ਬਾਝ ਨਾ ਲਹਿੰਦੀ।

ਵੱਗਦੀ ਸੀ ਰਾਵੀ ਵਿਚ ਸੁਟਦੀ ਸਾਂ ਆਨਾ
ਖੋਲ੍ਹ ਕੇ ਜਾਈਂ ਵੇ ਸਾਡਾ ਸ਼ਗਨਾਂ ਦਾ ਗਾਨਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੀਤਾਂ ਦੀ ਮੈਨੂੰ ਕਦਰ ਬਥੇਰੀ
ਲਾ ਕੇ ਤੋੜ ਨਿਭਾਵਾਂ
ਕੋਇਲੇ ਬਾਗ ਦੀਏ
ਤੈਨੂੰ ਹੱਥ ਤੇ ਚੋਗ ਚੁਗਾਵਾਂ ।

ਮਾਪਿਆਂ ਨੇ ਮੈਂ ਰੱਖੀ ਲਾਡਲੀ
ਸਹੁਰੀਂ ਬਣ ਗਈ ਰੇਹ ਵੇ
ਅਸੀਂ ਐਵੇਂ ਗੁਆ ਲੀ
ਚੰਨਣ ਵਰਗੀ ਦੇਹ ਵੇ !

ਆਉਣ ਜਾਣ ਨੂੰ ਨੌਂ ਦਰਵਾਜ਼ੇ
ਖਿਸਕ ਜਾਣ ਨੂੰ ਮੋਰੀ
ਕੱਢ ਕਾਲਜਾ ਤੈਨੂੰ ਦਿੱਤਾ
ਮਾਈ ਬਾਪ ਤੋਂ ਚੋਰੀ
ਚਪ ਚਾਪ ਕੇ ਇਉਂ ਸੁੱਟ ਦਿੱਤਾ
ਜਿਉਂ ਗੰਨੇ ਦੀ ਪੋਰੀ
ਨਾਲੇ ਗੰਨੇ ਦੀਆਂ ਛਿਲਕਾਂ ਹੂੰਝਾਂ
ਨਾਲੇ ਛਮ ਛਮ ਰੋਵਾਂ
ਬਹਿ ਕੇ ਪਟੜੇ ਤੇ
ਆਸ਼ਕ ਦਾ ਸਿਰ ਧੋਵਾਂ ।

ਢਾਈਆਂ ਢਾਈਆਂ ਢਾਈਆਂ
ਚੰਦਰਿਆਂ ਮਾਪਿਆਂ ਨੇ
ਧੀਆਂ ਪੜ੍ਹਨ ਸਕੂਲੀਂ ਪਾਈਆਂ
ਐਤਵਾਰ ਛੁੱਟੀ ਆਈ ਸੀ
ਲੀੜੇ ਧੋਣ ਨਹਿਰ 'ਤੇ ਆਈਆਂ
ਨਹਿਰ ਵਾਲੇ ਬਾਬੂ ਨੇ
ਸੀਟੀ ਮਾਰ ਬੁਲਾਈਆਂ ।
ਸੂਈਆਂ ਸੇਜ ਦੀਆਂ
ਨਰਮ ਕਾਲਜੇ ਲਾਈਆਂ ।

ਕੋਠੇ ਮਗਰ ਗੰਨੇਰੀਆਂ ਵੇ
ਰਾਤੀਂ ਭੰਨੀਆਂ ਬਲੌਰੀ ਵੰਗਾਂ
ਮੇਰੀਆਂ ਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਨ੍ਹੀਂ ਚੱਕ ਦੇ ਗਭਰੂ ਸੁਣੀਂਦੇ
ਉਹ ਲੜੀਆਂ ਦੀਆਂ ਲੜੀਆਂ
ਦੁੱਧ ਮਲਾਈਆਂ ਖਾ ਕੇ ਪਲ ਗਏ
ਚੱਕ ਦੇ ਅਹਿਰਣ ਬੋਰੀ
ਪੱਟ ਮੋਟੇ ਪਿੰਜਣੀ ਪਤਲੀ
ਜਿਉਂ ਗੰਨੇ ਦੀ ਪੋਰੀ
ਉਹ ਤਾਂ ਕਾਲੀ ਨਾਲ ਵਿਆਹ ਨਾ ਕਰਾਉ ਦੇ
ਰੰਨ ਭਾਲਦੇ ਗੋਰੀ
ਰੋਂਦੀ ਚੁੱਪ ਨਾ ਕਰੇ
ਸਿਖਰ ਦੁਪਹਿਰੇ ਤੋਰੀ।

ਜੈਤੋ ਦੇ ਮੁੰਡੇ ਬੜੇ ਸ਼ੁਕੀਨੀ
ਗੁੱਟਾਂ ਤੇ ਰਖਦੇ ਘੜੀਆਂ
ਔਰ ਗੈਰ ਨਾਲ ਵਿਆਹ ਨਾ ਕਰਾਉਂਦੇ
ਵਿਆਹ ਕੇ ਲਿਆਉਂਦੇ ਪਰੀਆਂ
ਤੇਰੀ ਬੈਠਕ ਤੇ
ਦੋ ਮੁਟਿਆਰਾਂ ਖੜੀਆਂ।

ਸੁਣ ਨੀ ਕੁੜੀਏ ਬਿਨ ਮੁਕਲਾਈਏ
ਤੀਲੀ ਲੌਂਗ ਬਿਨਾਂ ਪਾਈਏ
ਪੇਕਿਆਂ ਦੇ ਪਿੰਡ ਕੁੜੀਏ
ਧਾਰੀ ਬੰਨ੍ਹ ਸੁਰਮਾਂ ਨਾ ਪਾਈਏ
ਸੱਜਣਾਂ ਦੇ ਆਖੇ ਦਾ
ਗ਼ਿਲਾ ਦਿਲ ਤੇ ਕਦੇ ਨਾ ਲਿਆਈਏ
ਇੱਟ ਚੁੱਕਦੇ ਨੂੰ ਪੱਥਰ ਚੁਕੀਏ
ਤਾਂ ਹੀਂ ਬਰਾਬਰ ਆਈਏ
ਅਗਲੇ ਦੇ ਘਰ ਕੁੜੀਏ
ਕਦੇ ਸੱਦੇ ਬਾਝ ਨਾ ਜਾਈਏ।

ਧਾਈਆਂ ਧਾਈਆਂ ਧਾਈਆਂ
ਰਾਤਾਂ ਸਿਆਲ ਦੀਆਂ
ਜੱਟੀ ਕੱਲੀ ਨੂੰ ਕੱਟਣੀਆਂ ਆਈਆਂ
ਲੱਖ ਲੱਖ ਬੋਲਦੀਆਂ
ਦਿਉਰਾਂ ਨੂੰ ਭਰਜਾਈਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਰਖਾ ਮੇਰਾ ਕਿੱਕਰ ਦਾ
ਤੂੰ ਟਾਹਲੀ ਦਾ ਬਣਵਾ ਦੇ
ਮੇਰੇ ਨਾਲ ਦੀਆਂ ਕੱਤ ਕੇ ਸੌਂ ਗੀਆਂ
ਮੈਥੋਂ ਕੱਤਿਆ ਨਾ ਜਾਵੇ
ਚੀਕੂੰ ਚੀਕੂੰ ਕਰਦਾ ਰਹਿੰਦਾ
ਨਿਤ ਮੇਰੀ ਨੀਂਦ ਗੁਆਵੇ
ਅੱਗ ਲਗੇ ਚਰਖੇ ਨੂੰ
ਨਿੱਤ ਮੇਰਿਆਂ ਹੱਡਾਂ ਨੂੰ ਖਾਵੇ ।

ਸ਼ਾਮ ਕੌਰ ਨੇ ਕੀਤੀ ਤਿਆਰੀ
ਮੋਮ ਢਾਲ ਕੇ ਗੁੰਦੀਆਂ ਪੱਟੀਆਂ
ਅੱਖੀਂ ਕਜਲਾ ਪਾਇਆ
ਚੱਬ ਦੰਦਾਸਾ ਵੇਖਿਆ ਸ਼ੀਸ਼ਾ
ਚੜ੍ਹਿਆ ਰੂਪ ਸਵਾਇਆ
ਸਿਪਾਹੀਆ ਵੇਖ ਲੈ ਵੇ
ਮੇਰੇ ਜੋਬਨ ਤੇ ਹੜ੍ਹ ਆਇਆ ।

ਨਾ ਤਾਂ ਮੇਰੀ ਲਈ ਉਗਾਹੀ
ਨਾ ਤੈਂ ਬਾਤ ਪਛਾਣੀ
ਕੰਨੋਂ ਬੋਲੀ ਦਿੱਸੇ ਅਦਾਲਤ
ਅੱਖੋਂ ਵੀ ਹੈ ਕਾਣੀ
ਸੱਚੇ ਫੈਸਲੇ ਕਿਵੇਂ ਕਰੇ ਉਹ
ਜਿਨ ਵੱਢੀ ਹੋਵੇ ਖਾਣੀ
ਨਰਕਾਂ 'ਚ ਪਏ ਜਿੰਦੜੀ
ਤੈਨੂੰ ਮਿਲੇ ਨਾਂ ਤਿਹਾਏ ਨੂੰ ਪਾਣੀ ।

ਪਹਿਨ ਪਚਰ ਕੇ ਚੜ੍ਹ ਗਈ ਪੀਂਘ ਤੇ
ਡਿੱਗ ਪਈ ਹੁਲਾਰਾ ਖਾ ਕੇ
ਪੈਣ ਫੁਹਾਰਾਂ ਚਮਕੇ ਬਿਜਲੀ
ਮੈਨੂੰ ਵੇਖ ਲੈ ਰਾਂਝਿਆਂ ਆ ਕੇ
ਬਦਲਾਂ ਨੂੰ ਵੇਖ ਰਹੀ
ਮੈਂ ਤੇਰਾ ਸੁਨੇਹਾ ਪਾ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਚੀਆਂ ਉੱਚੀਆਂ ਤਲ ਖਜੂਰਾਂ
ਪੱਤਰ ਜਿਨ੍ਹਾਂ ਦੇ ਸਾਵੇ
ਜਿਸ ਦੰਮ ਨਾਲ ਸਾਂਝ ਹੈ ਸਾਡੀ
ਉਹ ਦੰਮ ਨਜ਼ਰ ਆ ਆਵੇ
ਗਲੀਆਂ ਸਾਨੂੰ ਦਿੱਸਣ ਸੁੰਨੀਆਂ
ਤੇ ਵਿਹੜਾ ਖਾਣ ਨੂੰ ਆਵੇ
ਇਸ ਸ਼ਹਿਰ ਕੀ ਵਸਣਾਂ
ਜਿਥੇ ਯਾਰ ਨਜ਼ਰ ਨਾ ਆਵੇ ।

ਕਾਲਿਆ ਹਿਰਨਾਂ ਬਾਗੀ ਚਰਨਾਂ
ਤੇਰੇ ਪੈਰੀਂ ਝਾਂਜਰਾਂ ਪਾਈਆਂ
ਸਿੰਗਾਂ ਤੇਤੀਆਂ ਤੇ ਕੀ ਕੁਝ ਲਿਖਿਆ
ਤਿੱਤਰ ਤੇ ਮੁਰਗਾਈਆਂ
ਅੱਗੇ ਤਾਂ ਟਪਦਾ ਸੀ ਨੌਂ ਨੌਂ ਕੋਠੇ
ਹੁਣ ਨਹੀਂ ਟੱਪਦੀਆਂ ਖਾਈਆਂ।
ਖਾਈ ਟੱਪਦੇ ਦੇ ਵੱਜਿਆ ਕੰਡਾ
ਦੇਨਾਂ ਏਂ ਰਾਮ ਦੁਹਾਈਆਂ
ਮਾਸ ਮਾਸ ਤੇਰਾ ਕੁੱਤਿਆਂ ਖਾਧਾ
ਹੱਡੀਆਂ ਰੇਤ ਰਲਾਈਆਂ
ਸ਼ਾਮੋਂ ਦੇ ਚਰਖੇ ਨੂੰ ਗਿਣ ਗਿਣ ਮੇਖਾਂ ਲਾਈਆਂ ।

ਨਿੱਕੀ ਹੁੰਦੀ ਮੈਂ ਰਹੀ ਨਾਨਕੀਂ
ਖਾਂਦੀ ਦੁੱਧ ਮਲਾਈਆਂ
ਤੁਰਦੀ ਦਾ ਲੱਕ ਝੂਲੇ ਖਾਂਦਾ
ਪੈਰੀਂ ਝਾਂਜਰਾਂ ਪਾਈਆਂ
ਤ੍ਰਿੰਞਣਾਂ 'ਚ ਨੱਚਦੀ ਫਿਰਾਂ
ਦੇਵੇ ਰੂਪ ਦੁਹਾਈਆਂ ।

ਵਗਦੀ ਰਾਵੀ ਦੇ ਵਿਚ ਰੁੜ੍ਹਦੇ ਕਰੇਲੇ ।
ਆ ਮਿਲ ਚੰਨਾਂ ਐਵੇਂ ਘੜੀਆਂ ਦੇ ਮੇਲੇ ।

ਡੁੱਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ
ਚੁੱਕ ਕੇ ਝੱਲੀ ਵਿਚ ਪਾ ਲੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਸ ਪੱਸ਼ ਮਿਟੀ ਨਾ ਲਗੀ ਮੈ
ਝਾੜ ਪੂੰਝ ਕੇ ਖਾ ਲੈ
ਲੜ ਛੱਡ ਮਾਪਿਆਂ ਦਾ
ਤੂੰ ਮੋਹ ਸਹੁਰਿਆਂ ਵਿੱਚ ਪਾ ਲੈ ।

ਜਿਸ ਪੱਤਣ ਅੱਜ ਪਾਣੀ ਲੰਘਦਾ
ਫੇਰ ਨਾ ਲੰਘਦਾ ਭਲਕੇ
ਬੇੜੀ ਦਾ ਪੂਰ ਤ੍ਰਿੰਵਣ ਦੀਆਂ ਕੁੜੀਆਂ
ਸਦਾ ਨਾ ਬੈਠਣ ਰਲ ਕੇ
ਨੱਚ ਕੇ ਵਿਖਾ ਦੇ ਮੇਲਣੇ
ਜਾਈਂ ਨਾ ਗਿੱਧੇ 'ਚੋਂ ਟਲਕੇ ।

ਹੋਰਨਾਂ ਦੇ ਜਾਨੀ ਲੰਮ ਸੁਲੰਮੇ,
ਮੇਰਾ ਜਾਨੀ ਗਿਠਮੁਠੀਆ
ਜਿਉਂ ਸੜਕ ਤੇ ਚਲਦਾ ਭਿਟਭਿਟੀਆ ।

ਹਾੜ ਦੇ ਮਹੀਨੇ ਧੁੱਪਾਂ ਪੈਣ ਨੀ ਕਰਾਰੀਆਂ
ਨਿੱਜ ਨੂੰ ਵਿਆਹੀ, ਬੁੱਲੇ ਲੁਟਣ ਕੁਆਰੀਆਂ ।

ਹੋਰਨਾਂ ਦੇ ਜਾਨੀ ਲੰਮ ਸੁਲੰਮੇ
ਮੇਰਾ ਜਾਨੀ ਮਦੂ ਕੁੜੇ
ਜਿਉਂ ਮੋਤੀ ਚੂਰ ਦਾ ਲੱਡੂ ਕੁੜੇ ।

ਉੱਚੇ ਬੁਰਜ ਖੜੋਤਿਆ
ਪੱਗ ਬੰਨ੍ਹਦਾ ਚਿਣ ਚਿਣ ਕੇ
ਆਈ ਮੌਤ ਮਰ ਜਾਵੇਂਗਾ ਚੋਬਰਾ
ਭੁੰਜੇ ਰੁਲਣਗੇ ਕੇਸ
ਵੇ ਅਣਹੋਈਆਂ ਗੱਲਾਂ ਕਰਦਾ
ਮੇਰੀ ਨਾ ਜ਼ਾਂਦੀ ਪੇਸ਼, ਵੇ......

ਤੇਰਾ ਮਾਰਾ ਚੜ੍ਹਿਆ ਕਿੱਕਰ ਤੇ
ਤੂੰ ਦਾਤਣ ਨਾ ਕੀਤੀ
ਕੰਡਿਆਂ ਨਾਲ ਮੈਂ ਹੱਥ ਪੜਵਾ ਲਏ
ਤੂੰ ਲੰਘ ਗਈ ਚੁਪ ਕੀਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾ ਕੇ ਤੋੜ ਗਈ
ਭੌਰਾਂ ਨਾਲ ਪਰੀਤੀ ।

ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ
ਗੋਡੇ ਗੋਡੇ ਘਾ
ਤੈਨੂੰ ਸਹੁੰ ਨੀ ਗੁਰਾਂ ਦੀ
ਐਥੋਂ ਤਰਦੀ ਆ ।

ਸੂਏ ਦਾ ਪਾਣੀ ਕੱਸੀ ਨੂੰ ਜਾਵੇ
ਕੱਸੀ ਦਾ ਪਾਣੀ ਇੱਟ ਸਿੱਟ ਨੂੰ
ਨੀ ਚੁਕਾਈਂ ਭਾਗਵਾਨੇ
ਘੜਾ ਸਿੱਖ ਨੂੰ

ਧਾਵੇ ਧਾਵੇ ਧ ਵੇ
ਬੁੜ੍ਹਿਆ ਸੁਖ ਬੱਕਰਾ
ਤੈਨੂੰ ਫੇਰ ਜਵਾਨੀ ਆਵੇ
ਬੁੜ੍ਹੇ ਨੇ ਸੁਖਿਆ ਬੱਕਰਾ
ਬੁੜ੍ਹਾ ਪੀਰ ਦੀ ਕਬਰ ਨੂੰ ਜਾਵੇ
ਬਾਂਦਰ ਬਾਬੇ ਦਾ ਕੱਚੇ ਬੇਰ ਨਾ ਖਾਵੇ ।

ਵਿਆਹੁਲੇ ਗਿੱਧੇ ਵਿਚ ਆਈਆਂ ਕੁੜੀਆਂ
ਰੌਣਕ ਹੋ ਗਈ ਭਾਰੀ
ਪਹਿਲਾ ਨੰਬਰ ਵਧ ਗਈ ਫਾਤਾਂ
ਨਰਮ ਰਹੀ ਕਰਤਾਰੀ
ਲੱਛੀ ਦਾ ਰੰਗ ਬਹੁਤਾ ਪਿੱਲਾ
ਲਾਲੀਦਾਰੀ ਸੁਨਿਆਰੀ
ਵਿਆਹੁਲੀਏ ਕੁੜੀਏ ਨੀ
ਤੇਰੀ ਨੱਚਣ ਦੀ ਵਾਰੀ

ਕੁੜੀਆਂ ਚਿੜੀਆਂ ਹੋਈਆਂ ਕੱਠੀਆਂ
ਸਭ ਤੋਂ ਚੜ੍ਹਦੀ ਨੂਰੀ
ਆਪੋ ਵਿਚ ਦੀ ਗੱਲਾਂ ਕਰਦੀਆਂ
ਹੁੰਦੀਆਂ ਘੂਰਮਘੂਰੀ
ਉਮਰੀ ਬਾਝ ਗਿੱਧੇ ਨਹੀਂ ਪੈਂਦੇ
ਆਊ ਤਾਂ ਪੈ ਜਾਊ ਪੂਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਣੀ ਕੁੜੀ ਨੂੰ ਸੱਦਾ ਭੇਜੋ
ਜਿਹੜੀ ਨਿਤ ਮਲਦੀ ਕਸਤੂਰੀ
ਪੰਜ ਸੇਰ ਮਠੀਆਂ ਖਾ ਗਈ ਹੁਕਮੀ
ਕਰੇ ਨਾ ਸਬਰ ਸਬੂਰੀ
ਬਾਂਦਰ ਵਾਂਗੂੰ ਟੱਪਦੀ ਮਾਲਣ ਮਾਲਣ
ਖਾਣ ਨੂੰ ਮੰਗਦੀ ਚੂਰੀ
ਲੱਛੀ ਆਈ ਨਹੀਂ
ਨਾ ਪੈਂਦੀ ਗਿੱਧੇ ਵਿਚ ਪੂਰੀ ।

ਜੇ ਮੁੰਡਿਆ ਮੈਨੂੰ ਨੱਚਦੀ ਵੇਖਣਾ
ਬਾਂਕਾਂ ਲਿਆਦੇ ਭੈਣ ਦੀਆਂ
ਅੱਡੀ ਵੱਜੇ ਤੇ ਧਮਕਾਂ ਪੈਣਗੀਆਂ ।

ਲੰਮੇ ਤਾਂ ਤੁਰਦੇ ਝੂਮ ਝੂਮ ਕੇ
ਮਧਰੇ ਦੇ ਪਿੱਛੇ ਅੰਗਿਆਰੀ ਦੱਗਦੀ ।
ਸਾਨੂੰ ਮਧਰੇ ਦੀ ਤੋਰ ਪਿਆਰੀ ਲਗਦੀ ।

ਹਰਾ ਮੂੰਗੀਆ ਬੰਨ੍ਹਦਾ ਏ ਸਾਫਾ
ਬਣਿਆ ਫਿਰਦਾ ਜਾਨੀ
ਭਾੜੇ ਦੀ ਹੱਟ ਵਿਚ ਰਹਿਕੇ
ਤੈਂ ਮੌਜ ਬਥੇਰੀ ਮਾਣੀ
ਵਿੱਚ ਕਾਲਿਆਂ ਦੇ ਆ ਗਏ ਧੌਲੇ
ਹੁਣ ਆ ਗਈ ਮੌਤ ਨਿਸ਼ਾਨੀ
ਬਦੀਆਂ ਨਾ ਕਰ ਵੇ
ਕੈ ਦਿਨ ਦੀ ਜ਼ਿੰਦਗਾਨੀ ।

ਚਿੱਟੀ ਚਿੱਟੀ ਕਣਕ ਦੇ ਮੰਡੇ ਪਕਾਨੀਆਂ
ਨੀ ਨਾ ਰੋ ਨੀਏ
ਮੁਕਲਾਵੇ ਤੋਰ ਦਿੰਨੀ ਆਂ।

ਸਾਵੀ ਸੁੱਥਣ ਵਾਲੀਏ ਮੇਲਣੇ
ਆਈ ਏਂ ਗਿੱਧੇ 'ਚ ਬਣ ਠਣਕੇ
ਕੰਨੀ ਤੇਰੇ ਹਰੀਆਂ ਬੋਤਲਾਂ
ਗੱਲ ਵਿਚ ਮੂੰਗੇ ਮਣਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਲੀ ਤੇਰੀ ਨੇ ਮੁਲਕ ਮੋਹ ਲਿਆ
ਬਾਹੀਂ ਚੂੜਾ ਛਣਕੇ
ਫੇਰ ਕਦ ਨੱਚੇਗੀ
ਹੁਣ ਨੱਚ ਲੈ ਪਟੋਲਾ ਬਣਕੇ

ਪੰਝੀਆਂ ਪੰਜਾਹਾਂ ਦਾ ਮੈਂ ਲੌਂਗ ਘੜਾ ਲਿਆ
ਨਾਲੇ ਘੜਾ ਲਈ ਮੁਰਕੀ
ਕੱਲ੍ਹ ਦਾ ਰੁਸਿਆ ਫਿਰੇ
ਕੀ ਚੌਲਾਂ ਦੀ ਬੁਰਕੀ।

ਸੁਣ ਨੀ ਮੇਲਣੇ ਨੱਚਣ ਵਾਲੀਏ
ਮੈਂ ਤੇਰਾ ਜਸ ਗਾਵਾਂ
ਮੰਦਾ ਬੋਲ ਨਾ ਬੋਲ ਗਿੱਧੇ ਵਿਚ
ਵਧ ਕੇ ਬੋਲੀ ਪਾਵਾਂ
ਹਰਿੰਦਰ ਸਿੰਘ ਮੇਰਾ ਨਾਂ ਸੋਹਣੀਏ
ਮੈਂ ਪਿੰਡਾਂ 'ਚ ਖਾੜੇ ਲਾਵਾਂ
ਘਰ ਤਾਂ ਸਾਡਾ ਖਾਸ ਭੱਟੀਆਂ
ਸੱਭ ਗੱਲ ਖੋਲ੍ਹ ਸੁਣਾਵਾਂ
ਬਾਗ ਵਿੱਚ ਫੁਲ ਖਿੜਿਆ
ਕਹੇਂ ਤਾਂ ਤੋੜ ਲਿਆਵਾਂ।

ਲੰਮਿਆਂ ਵੇ ਤੇਰੀ ਕਬਰ ਪੁਟੀਂਦੀ
ਨਾਲ ਪੁਟੀਂਦਾ ਖਾਤਾ
ਭਰ ਭਰ ਚੇਪੇ ਹਿੱਕ ਤੇ ਰੱਖਦਾ
ਹਿੱਕ ਦਾ ਪਵੇ ਤੜਾਕਾ
ਸੋਹਣੀਆਂ ਸ਼ਕਲਾਂ ਦਾ
ਵਿੱਚ ਕਬਰਾਂ ਦੇ ਵਾਸਾ।

ਬਾਗਾਂ ਦੇ ਵਿੱਚ ਮੋਰ ਬੋਲਦੇ
ਵਾਣਾਂ ਦੇ ਵਿੱਚ ਬਿੰਡਾ
ਕੁਆਰੀਆਂ ਕੁੜੀਆਂ ਦਾ
ਰੇਸ਼ਮ ਵਰਗਾ ਪਿੰਡਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਓ ਭੈਣੋਂ ਗਿੱਧਾ ਪਾਈਏ
ਵਿਆਹ ਹੀਰ ਦਾ ਆਇਆ
ਗੈਬੀ ਤੋਤੇ ਨੇ
ਮੇਰੀ ਗੁੱਤ ਤੇ ਆਲ੍ਹਣਾ ਪਾਇਆ ।

ਭੁੱਖੇ ਨੇ ਮੈਂ ਸੂੜ ਮਾਰਿਆ
ਤਾਪ ਕਹਿਰ ਦਾ ਚੜ੍ਹਿਆ
ਦੁੱਧ ਦੀ ਬੁੱਕ ਤਾਂ ਕੀ ਸਰਨੀ ਸੀ
ਟੁੱਕ ਬੁਰਕੀ ਨਾ ਸਰਿਆ
ਮਾਪਿਆਂ ਬਾਹਰੇ ਦਾ
ਤਰਸ ਕਿਨ੍ਹੇ ਨਾ ਕਰਿਆ ।

ਸੁਣ ਨੀ ਕੁੜੀਏ ਕਾਂਟਿਆਂ ਵਾਲੀਏ
ਸੁਣ ਨੀ ਕੁੜੀਏ ਕਾਂਟਿਆਂ ਵਾਲੀਏ
ਕਾਂਟੇ ਤੇਰੇ ਲਾਹ ਲਾਂਗੇ
ਤੇਰੇ ਨਾਲ ਪ੍ਰੀਤਾਂ ਪਾ ਲਾਂਗੇ ।

ਤਾਰਾਂ ਤਾਰਾਂ ਤਾਰਾਂ
ਬੋਲੀਆਂ ਦਾ ਖੂਹ ਭਰ ਦਿਆਂ
ਜਿੱਥੇ ਪਾਣੀ ਭਰਨ ਮੁਟਿਆਰਾਂ
ਬੋਲੀਆਂ ਦੀ ਸੜਕ ਬੰਨ੍ਹਾਂ
ਜਿਥੇ ਚਲਦੀਆਂ ਮੋਟਰਕਾਰਾਂ
ਬੋਲੀਆਂ ਦੀ ਰੇਲ ਭਰਾਂ
ਜਿਥੇ ਦੁਨੀਆਂ ਚੜ੍ਹੇ ਹਜ਼ਾਰਾਂ
ਬੋਲੀਆਂ ਦੀ ਨਹਿਰ ਭਰ ਦਿਆਂ
ਜਿਥੇ ਲੰਘਦੇ ਮੋਘੇ ਨਾਲਾਂ
ਜਿਊਂਦੀ ਮੈਂ ਮਰ ਗਈ
ਕੱਢੀਆਂ ਜੇਠ ਨੇ ਗਾਲ੍ਹਾਂ ।

ਦਾੜ੍ਹੀ ਚਾੜ੍ਹ ਕੇ ਬਹਿ ਗਿਆ ਏਂ ਤਕੀਏ
ਕਣਕ ਖਾ ਗਿਆ ਝੋਟਾ
ਜੇ ਮੈਂ ਕਹਿੰਦੀ ਝੋਟਾ ਮੋੜ ਲਿਆ
ਮੂੰਹ ਕਰ ਲੈਂਦਾ ਮੋਟਾ
ਸਾਰ ਜ਼ਨਾਨੀ ਦੀ ਕੀ ਜਾਣੇ ਤੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੁਕ ਚੁਕ ਆਵੇ ਸਟਾ
ਮੇਰੀ ਚੁੰਨੀ ਦਾ
ਘਜ ਗਿਆ ਸੁਨਹਿਰੀ ਗੋਟਾ ।

ਬਾਬਲ ਮੇਰੇ ਬਾਂਗ ਲਵਾਇਆ
ਵਿਚ ਬਹਾਇਆ ਮਾਲੀ
ਬੂਟੇ ਬੂਟੇ ਪਾਣੀ ਮਾਲੀ ਦੇਵੇ
ਬਲ ਲੱਗ ਗਿਆ ਡਾਲੀ ਡਾਲੀ
ਰੂਪ ਕੁਆਰੀ ਦਾ ਦਿਨ ਚੜ੍ਹਦੇ ਦੀ ਲਾਲੀ ।

ਦਰਾਣੀ ਦੁੱਧ ਰਿੜਕੇ,
ਜਠਾਣੀ ਦੁੱਧ ਰਿੜਕੇ
ਅਸੀਂ ਕਿਉਂ ਬੈਠੇ ਚਿਰਕਾਂਗੇ
ਮਿੰਘਾ ਲਿਆ ਬਕਰੀ ਦੁੱਧ ਰਿੜਕਾਂਗੇ ।

ਲੰਮੇ ਤਾਂ ਤੁਰਦੇ ਝੂਲ ਝੂਲ ਕੇ
ਮਧਰਾ ਤੁਰਦਾ ਖਹਿ ਕੇ ਵੇ
ਕੀ ਲੈਣਾ ਮਧਰਿਆ
ਦੁਨੀਆਂ ਦੇ ਵਿੱਚ ਰਹਿ ਕੇ ਵੇ । (ਜਾਂ)
ਲੰਮੇਂ ਤਾਂ ਤੁਰਦੇ ਝੂਲ ਝੂਲ ਕੇ
ਮਧਰਾ ਤੁਰਦਾ ਖਹਿ ਕੇ ਵੇ
ਨੇਕੀ ਖੱਟ ਮਧਰਿਆ
ਦੁਨੀਆਂ ਦੇ ਵਿਚ ਰਹਿ ਕੇ।

ਰਾਂਝਾਂ ਤਾਂ ਮੇਰਾ ਫੁੱਲਾਂ ਦਾ ਸ਼ੌਂਕੀ,
ਫੁੱਲਾ ਦੀ ਸੇਜ ਵਛਾਉਂਦਾ ਨੀ
ਸੁੱਤੀ ਪਈ ਨੂੰ ਉਠਾ ਕੇ
ਦੁੱਧ ਪਿਆਉਂਦਾ ਨੀ । (ਜਾਂ)
ਉਠ ਹੀਰੇ ਦੁਪਹਿਰਾ ਆਉਂਦਾ ਨੀ । (ਜਾਂ)
ਮਲੋਮਲੀ ਮੁਹੱਬਤਾਂ ਪਾਉਂਦਾ ਨੀਂ ।

ਐਧਰ ਕਣਕਾਂ ਓਧਰ ਕਣਕਾਂ
ਵਿਚ ਕਣਕਾਂ ਦੇ ਬੇਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਟਰ ਮਟਰ ਦਾ ਸੂਟ ਸਵਾ ਦੇ
ਔਰਤ ਬਣ ਜੂੰ ਤੇਰੀ
ਇਕ ਫੁੱਲ ਗੇਂਦੇ ਦਾ
ਖਿੜਿਆ ਰਾਤ ਹਨੇਰੀ ।

ਭੀੜੀ ਗੜੀ ਵਿਚ ਟੱਕਰ ਸਹੇਲੀਏ
ਤੇਰੇ ਛੜੇ ਦਾ ਕੁਝ ਨੀ ਜਾਣਾ
ਮੇਰਾ ਨਿਕਲ ਜੂ ਹਾਸਾ
ਇਕ ਦਿਨ ਤੋੜ ਜੋਰਾ
ਸੋਹਣਿਆ ਕੱਚ ਗਲਾਸਾ ।

ਖੇਤ ਤਾਂ ਆਪਣਾ ਡਬਰਿਆਂ ਖਾ ਲਿਆ
ਮੇਰਾ ਕਾਲਜਾ ਧੜਕੇ
ਸਾਰੇ ਜ਼ੋਰ ਨਾਲ ਮਾਰਾਂ ਗੋਪੀਆਂ
ਹੇਠ ਤੂਤ ਦੇ ਖੜਕੇ
ਸੋਹਣੀਏਂ ਹੀਰੇ ਨੀ
ਦੇ ਦੇ ਬਾਜਰਾ ਮਲ ਕੇ ।

ਬਾਹਰੋਂ ਤਾਂ ਆਇਆ
ਅੱਕਿਆ ਨੀ ਥੱਕਿਆ
ਆ ਕੇ ਤੋੜਿਆਂ ਵਿਚ ਬਹਿ ਗਿਆ ਸੀ
ਮੈਨੂੰ ਚੱਪਣੀ ਚੱਪਣੀ ਢਹਿ ਪਿਆ ਨੀ ।

ਬੋਲੀ ਪਾਵਾਂ ਸ਼ਗਨ ਨਨਾਵਾਂ
ਸ਼ਗਨਾਂ ਦੇ ਦਿਨ ਆਏ
ਸ਼ਾਮ ਜੀ ਕਿੱਥੇ ਕੁ ਜੇ
ਕਿੱਥੇ ਕੁ ਡੇਰੇ ਲਾਏ ।

ਐਧਰ ਕਣਕਾਂ ਓਪਰ ਕਣਕਾ
ਵਿਚ ਕਣਕਾਂ ਦੇ ਬੂਰ
ਰੋਟੀ ਲੈ ਨਿਕਲੀ
ਖੇਤ ਸੁਣੀਂਦਾ ਦੂਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰ੍ਹਾਣੇ ਬੈਠੀ ਬਾਂਦਰੀ, ਤੇ ਪੈਂਦੇ ਬੈਠੀ ਕੁੱਤੀ
ਮੂਰਖਾ ਦਿਉਰਾ ਵੇ, ਦਰਾਣੀ ਕਾਹਤੋਂ ਕੁੱਟੀ।

ਸਹੁਰੇ ਮੇਰੇ ਨੇ ਕਰੇਲੇ ਲਿਆਂਦੇ
ਸੱਸ ਮੇਰੀ ਨੇ ਤੜਕੇ
ਮੇਰੇ ਵਾਰੀ ਔਹ ਪਤੀਲਾ ਖੜਕੇ
ਨੀ ਮੇਰੇ ਵਾਰੀ......

ਮੈਂ ਤਾਂ ਤੈਨੂੰ ਲੈਣ ਜੁ ਆਇਆ
ਤੂੰ ਵੜ ਬਹਿੰਦੀ ਅੰਦਰ
ਲੈ ਕੇ ਜਾਊਂਗਾ ਨੀ
ਮੈਂ ਵੀ ਤੇਰਾ ਪਤੰਦਰ।
ਮੈਂ ਤਾਂ ਤੈਨੂੰ ਲੈਣ ਜੁ ਆਇਆ
ਤੂੰ ਵੜ ਬੈਠੀ ਖੂੰਜੇ
ਲੈ ਕੇ ਜਾਊਂਗਾ ਨੀ
ਮੰਤੀ ਬਾਗ ਦੀਏ ਕੂੰਜੇ।

ਤੁਰਿਆ ਤੁਰਿਆ ਜਾਨਾਂ ਵੇ ਤੂੰ
ਰੋੜਿਆਂ ਵਾਲੇ ਖੂਹ ਨੂੰ
ਹੱਥ ਤੇਰੇ ਬੋਤਲਾਂ
ਸ਼ਰਾਬ ਤੇਰੇ ਮੂੰਹ ਨੂੰ!

ਨਾਭੇ ਜਾਵਾਂ ਲਿਆਵਾਂ ਕਰੇਲਾ
ਵਿਚ ਪਾ ਰੱਖਦੀ ਸੁਰਮਾਂ
ਅੱਖੀਆਂ ਲੱਗੀਆਂ ਤੋਂ
ਮੁਸ਼ਕਲ ਹੋ ਗਿਆ ਤੁਰਨਾ।

ਔਹ ਕੋਈ ਆਉਂਦੇ ਦੋ ਜਣੇ
ਕੋਈ ਦੋ ਤੋਂ ਬਣਗੇ ਚਾਰ
ਵੇ ਘੁੰਡ ਕੱਢਾਂ ਕਿ ਨਾ
ਤੇਰੀ ਮਾਂ ਦੇ ਯਾਰ।

ਪੀ ਕੇ ਸ਼ਰਾਬ ਪਾਣੀ ਕੱਲੇ ਨਾਲ ਡੋਲ੍ਹਦੇ
ਆਸ਼ਕੀ ਬੰਦੇ ਨੀ ਮਗਰੂਰੀ ਨਾਲ ਬੋਲਦੇ (ਜਾਂ)
ਆਸ਼ਕੀ ਬੰਦੇ ਨੀ ਦਿਲ ਦੀ ਘੁੰਡੀ ਨਹੀਂ ਖੋਲ੍ਹਦੇ।

CC-0. In Public Domain. Gurukul Kangri Collection, Haridwar

ਨ੍ਹਾ ਧੋ ਕੇ ਨੀ ਮੁੰਡਾ ਖੁੰਡਾ ਉਤੇ ਬਹਿੰਦਾ
Digitized by Arya Samaj Foundation Chennai and eGangotri
ਅੱਡੀਆਂ ਦੀ ਮੈਲ ਨਾ ਲਾਹੁੰਦਾ ਨੀ ।
ਮੁੰਡਾ ਰੰਨਾਂ ਪਸੰਦ ਨਾ ਲਿਆਉਂਦਾ ਨੀ ।

ਚੁਲ੍ਹੇ ਪਕਾਵਾਂ ਰੋਟੀਆਂ
ਕੋਈ ਹੋਰਾ ਧਰਦੀ ਦਾਲ
ਜੈਤੋ ਦਾ ਕਿਲ੍ਹਾ ਵਿਖਾਦੂੰ
ਜੇ ਕੱਢੀ ਮਾਂ ਦੀ ਗਾਲ
ਵੇ ਜੈਤੋ......

ਅੰਦਰੇ ਤਕੜੀ, ਅੰਦਰੇ ਪਸੇਰੀ
ਅੰਦਰੇ ਬਹਿ ਕੇ ਤੋਲਦਾ ਨੀ
ਤੋਤਾ ਵਿਚ ਪਿੰਜਰੇ ਦੇ ਬੋਲਦਾ ਨੀ

ਗੋਲਮੋਲ ਮੈਂ ਟੋਏ ਪੱਟਦੀ
ਨਿੱਤ ਵੇ ਸ਼ਰਾਬਾਂ ਕੱਢਦੀ
ਪਹਿਲਾ ਅਧੀਆ ਮੇਰੇ ਸ਼ਾਮ ਦਾ
ਫੇਰ ਬੋਤਲਾਂ ਭਰਦੀ
ਖੂਨਣ ਧਰਤੀ ਤੇ
ਬੋਚ ਬੋਚ ਪੱਬ ਧਰਦੀ ।

ਆਰੀ ਆਰੀ ਆਰੀ
ਘੜਾ ਨਾ ਚੁਕਾਓ ਕੁੜੀਓ
ਇਹਦੀ ਪਿੰਡ ਦੇ ਮੁੰਡੇ ਨਾਲ ਯਾਰੀ ।
ਖਸਮਾਂ ਨੂੰ ਖਾਣ ਕੁੜੀਆਂ
ਘੜਾ ਚੁਕ ਲਊਂ ਧੌਣ ਉਤੇ ਧਰਕੇ
ਪੱਠਿਆ ਪਾ ਬੋਲੀ, ਚੀਨਾ ਕਬੂਤਰ ਬਣਕੇ ।

ਤੇਰੀ ਮੇਰੀ ਲੱਗ ਗਈ ਦੋਸਤੀ
ਲੱਗ ਗਈ ਘੰਧੋਲੀ ਓਹਲੇ
ਤੇਰੇ ਹੱਥ ਵਿਚ ਗੁਲੀ ਡੰਡਾ
ਮੇਰੇ ਹੱਥ ਪਟੋਲੇ
ਟੁਟੀ ਯਾਰੀ ਤੋਂ
ਗਾਲ੍ਹ ਬਿਨਾਂ ਨਾ ਬੋਲੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਹੀਂ ਹੀਰ ਦੇ ਸੋਂਹਦਾ ਚੂੜਾ
ਗਲ ਵਿੱਚ ਸੋਹੇ ਗਾਨੀ
ਠੁਮਕ ਠੁਮਕ ਪੱਬ ਧਰਦੀ ਗਿੱਧੇ ਵਿੱਚ
ਮੁੜ ਕੇ ਚੜ੍ਹੀ ਜਵਾਨੀ
ਵਹੁਟੀ ਸਿਪਾਹੀ ਦੀ
ਬਣ ਗਈ ਗਿੱਧੇ ਦੀ ਰਾਣੀ !

ਕੋਠੇ ਦੀਏ ਕੜੀਏ ਨੀ
ਤੈਨੂੰ ਚੱਕ ਬਨੇਰੇ ਧਰੀਏ
ਰੁੱਸੇ ਹੋਏ ਮਾਲਕ ਦਾ
ਕੀ 'ਲਾਜ ਬਣਾਈਏ ਅੜੀਏ
ਸਾਲੂ ਲਾਹ ਪੈਰਾਂ ਵਿਚ ਧਰੀਏ
ਇਕ ਵਾਰੀ ਬੋਲੀਂ ਵੇ
ਫੇਰ ਕਦੇ ਨਾ ਲੜੀਏ ।

ਡੂਢ ਸੇਰ ਦੀ ਲਿਆਇਆ ਗੜਵੀ
ਚਾਹ ਕਰਕੇ ਪੀ ਜਾਂਦਾ
ਬੇਸ਼ਰਮਾਂ ਤੈਨੂੰ ਸ਼ਰਮ ਨਾ ਆਵੇ
ਮੈਂ ਸ਼ਰਮੀ ਮਰ ਜਾਵਾਂ
ਤੀਵੀਂ ਮਾਲਕ ਦਾ
ਝਗੜਾ ਕੀਨੂੰ ਸੁਣਾਵਾਂ ।

ਉੱਚੇ ਟਿੱਬੇ ਮੈਂ ਭਾਂਡੇ ਮਾਜਦੀ
ਉਤੋਂ ਰੁੜ੍ਹ ਗਿਆ ਕੌਲ
ਮੁੰਡੇ ਦਾ ਨਾਂ ਭੁੱਲ ਗਈ
ਢਿੱਡ ਵਿੱਚ ਉੱਠਲੇ ਹੌਲ ।

ਬਗਲੇ ਦੇ ਖੰਭ ਚਿੱਟੇ ਸੁਣੀਂਦੇ
ਕੋਇਲ ਸੁਣੀਂਦੀ ਕਾਲੀ
ਬਗਲਾ ਤਾਂ ਆਪਣੇ ਭਾਈ ਏ ਰਲ ਗਿਆ
ਰਹਿ ਗਈ ਕੋਇਲ ਵਿਚਾਰੀ
ਹਾਕਾ ਘਰ ਵੱਜੀਆਂ
ਛੱਡ ਮਿੱਤਰਾ ਫੁਲਕਾਰੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਦਰਾਂ ਵਰ੍ਹਿਆਂ ਦੀ ਹੋ ਗਈ ਸ਼ਾਮੋ
ਸਾਲ ਸੋਲ੍ਹਵਾਂ ਚੜ੍ਹਿਆ
ਬਾਪ ਉਹਦੇ ਨੇ ਮੁੰਡਾ ਟੋਲਿਆ
ਘਰ ਪੰਡਤਾਂ ਦੇ ਵੜਿਆ
ਉਠ ਪੰਡਤ ਜੀ ਖੋਲ੍ਹ ਪੱਤਰੀ
ਦਾਨ ਦੇਊਂ ਜੋ ਸਰਿਆ
ਅਗਲੀ ਪੁੰਨਿਆਂ ਦਾ
ਵਿਆਹ ਸ਼ਾਮੋ ਦਾ ਧਰਿਆ ।

ਵਿਆਹੁਲੇ ਗਿੱਧੇ ਵਿੱਚ ਜੀਤੋ ਵੀ ਆਈ
ਕੁੜਤੀ ਵਰੀ ਦੀ ਪਾ ਕੇ
ਪੈਲਾਂ ਪਾਉਂਦੀ ਨੂੰ ।
ਵੇਖ ਲੈ ਸੂਬਿਆ ਆ ਕੇ ।

ਪਹਿਲੀ ਵਾਰ ਬਹੂ ਗਈ ਮੁਕਲਾਵੇ
ਗੱਲ ਪੁੱਛ ਲੈਂਦਾ ਸਾਰੀ
ਕੀਹਦੇ ਨਾਲ ਤੇਰੀ ਲੱਗੀ ਦੋਸਤੀ
ਕ਼ੀਹਦੇ ਨਾਲ ਤੇਰੀ ਯਾਰੀ
ਨਾ ਵੇ ਕਿਸੇ ਨਾਲ ਲੱਗੀ ਆ ਦੋਸਤੀ
ਨਾ ਵੇ ਕਿਸੇ ਨਾਲ ਯਾਰੀ
ਪੇਕੇ ਰਹਿੰਦੇ ਸੀ
ਕਰਦੇ ਸੀ ਸਰਦਾਰੀ ।

ਟੌਰ ਬਾਝ ਨਾ ਸੋਹਦਾ ਗੱਭਰੂ
ਕਾਠੀ ਬਾਝ ਨਾ ਬੋਤੀ
ਪੱਤਾਂ ਬਾਝ ਨਾਂ ਸੋਂਹਦੀ ਮਛਲੀ
ਤੁੰਗਲਾਂ ਬਾਝ ਨਾ ਮੋਤੀ
ਮਣਕਿਆਂ ਬਾਝ ਨਾ ਸੋਂਹਦੇ ਮੂੰਗੇ
ਅਸਾਂ ਐਵੇਂ ਈ ਲੜੀ ਪਰੋਤੀ
ਇਹਨੇ ਕੀ ਨੱਚਣਾ
ਇਹ ਤਾਂ ਕੌਲੇ ਨਾਲ ਖੜੋਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀਤ, ਗੀਤ ਦੇਵੇਂ ਭੈਣਾਂ
ਚੰਦ ਸੂਰਜ ਦੀਆਂ ਕਿਰਨਾਂ
ਰੂਪ ਤਾਂ ਉਹਨਾਂ ਨੂੰ ਰੱਬ ਨੇ ਦਿੱਤਾ
ਪੈਲਾਂ ਪਾ ਪਾ ਤੁਰਨਾ
ਮਛਲੀ ਘੜੀ ਕਿ ਨਾ
ਮੈਂ ਪਹਿਲੇ ਨਰਾਤੇ ਤੁਰਨਾ।

ਛੋਲੇ ਛੋਲੇ ਛੋਲੇ
ਘੜਾ ਮੈਂ ਉਹ ਚੁੱਕਣਾ
ਜਿਹੜਾ ਪਿਆ ਬੁਰਜੀ ਦੇ ਓਹਲੇ
ਘੜਾ ਮੈਂ ਚੁਕ ਵੀ ਲਿਆ
ਫਿਰ ਮਨ ਚੰਦਰੀ ਦਾ ਡੋਲੇ
ਵੰਡ ਦਿਆਂ ਸ਼ੀਰਨੀਆਂ
ਜੇ ਭੌਰ ਜ਼ਬਾਨੋਂ ਬੋਲੇ।

ਕਾਵਾਂ ਕਾਵਾਂ ਕਾਵਾਂ
ਨਾਲੇ ਤੇਰੀ ਧੌਣ ਵੱਢਾਂ
ਨਾਲੇ ਧੌਣ ਦਾ ਵੱਢਾਂ ਪਰਛਾਵਾਂ
ਨਾਲੇ ਤੇਰੀ ਦਾਲ ਧਰਾਂ
ਫਿਰ ਉਤਲੇ ਚੁਬਾਰੇ ਬਹਿਕੇ ਖਾਵਾਂ
ਖਾਂਦੀ ਦੀ ਹਿੱਕ ਧੜਕੀ
ਮੈਂ ਵੱਡੇ ਵੈਦ ਕੋਲ ਜਾਵਾਂ
ਵਡਿਆ ਵੇ ਵੈਦਾ
ਤੈਨੂੰ ਅਸਲੀ ਰੋਗ ਸੁਣਾਵਾਂ
ਮਿੱਤਰਾਂ ਦੇ ਫੁਲਕੇ ਨੂੰ
ਖੰਡ ਦਾ ਪਲੇਥਣ ਲਾਵਾਂ।

ਸੁਣ ਲੈ ਵੀਰਨਾਂ ਗੱਲ ਤੂੰ ਮੇਰੀ
ਸੁਣ ਲੈ ਮਨ ਚਿੱਤ ਲਾ ਕੇ
ਤੜਕੇ ਉਠ ਕੇ ਦੁੱਧ ਮੈਂ ਰਿੜਕਾਂ
ਬਲਦਾਂ ਨੂੰ ਪੱਠੇ ਪਾ ਕੇ
ਦਸ ਮੈਂ ਟੋਕਰੇ ਗੋਹੇ ਦੇ ਸੁੱਟਦੀ
ਗਾਈਆਂ ਵੱਗ ਰਲਾ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਿਨੇ ਰਾਤ ਮੈਂ ਭੌਂਦੀ ਫਿਰਦੀ
ਤੂੰ ਆਕੜਦਾ ਹਲ ਵਾਹ ਕੇ
ਸਹੁਰੇ ਜਾ ਮਿੱਤਰਾ
ਲਿਆ ਤੀਵੀ ਨੂੰ ਜਾ ਕੇ ।

ਬੇਰੀਆਂ ਵੀ ਲੰਘ ਆਈ
ਕਿੱਕਰਾਂ ਵੀ ਲੰਘ ਆਈ
ਲੰਘਣਾ ਰਹਿ ਗਿਆ ਗਹੀਰਾ
ਮਿੱਤਰਾ ਲੈਂ ਗ ਘੜਾ
ਤੀਲੀ ਘੜਾ ਦੂ ਮੇਰਾ ਵੀਰਾ ।

ਆਰੀ ਆਰੀ ਆਰੀ
ਹੇਠ ਬਰੋਟੇ ਦੇ,
ਦਾਤਣ ਕਰੇ ਕੁਆਰੀ
ਦਾਤਣ ਕਿਉਂ ਕਰਦੀ
ਦੰਦ ਚਿੱਟੇ ਰਖਣ ਦੀ ਮਾਰੀ
ਦੰਦ ਚਿੱਟੇ ਕਿਉਂ ਰਖਦੀ
ਸੋਹਣੀ ਬਣਨ ਦੀ ਮਾਰੀ
ਸੋਹਣੀ ਕਿਉਂ ਬਣਦੀ
ਪ੍ਰੀਤ ਕਰਨ ਦੀ ਮਾਰੀ
ਸੁਣ ਲੈ ਹੀਰੇ ਨੀ
ਮੈਂ ਤੇਰਾ ਭੌਰ ਸਰਕਾਰੀ ।

ਭੱਜ ਕੇ ਕੁੜੀਆਂ ਪਿੰਡ ਜਾ ਵੜੀਆਂ
ਮੀਂਹ ਨੇ ਘੇਰ ਲਈਆਂ ਚਾਲੀ
ਪੀਂਘ ਝੂਟਦੀ ਸੱਸ਼ੀ ਡਿੱਗ ਪਈ
ਨਾਲੇ ਨੂਰੀ ਨਾਭੇ ਵਾਲੀ
ਸ਼ਾਮੋ ਕੁੜੀ ਦੀ ਝਾਂਜਰ ਗੁਆਚ ਗਈ
ਰਾਮ ਰੱਖੀ ਨੇ ਭਾਲੀ
ਭਿੱਜ ਗਈ ਲਾਜੋ ਵੀ
ਬਹੁਤੇ ਹਰਖਾਂ ਵਾਲੀ ।
ਨਿੱਕੀ ਨਿੱਕੀ ਕਣੀ ਦਾ ਮੀਹ ਵੇ ਵਰੇ ਦਾ
ਭਿੱਜ ਗਿਆ ਗੈਬੀ ਤੋਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਲਣ ਇਉਂ ਨੱਚਦੀ
ਜਿਵੇਂ ਟਪਦਾ ਸੜਕ ਤੇ ਬੋਤਾ
ਖੁਲ੍ਹ ਕੇ ਨੱਚ ਲੈ ਨੀ
ਹਾਣੋ ਹਾਣ ਖਲੋਤਾ ।

ਵਿਆਹੁਲੀ ਕੁੜੀ ਨੇ ਮੱਥਾ ਖੁਣਾ ਲਿਆ
ਸੋਧਾਂ ਨੇ ਖੁਣਾ ਲਈ ਠੋਡੀ
ਇਹਨੇ ਕੀ ਨੱਚਣਾਂ
ਫਿਰਦੀ ਕੋਡੀ ਕੋਡੀ ।

ਅੱਗੇ ਸੁਨਿਆਰੀ ਦੇ ਬੁੱਕ ਬੁੱਕ ਡੰਡੀਆਂ
ਹੁਣ ਕਿਉਂ ਪਾ ਲਏ ਡੱਕੇ
ਸੁਨਿਆਰੀਏ ਵਸਦੇ ਨੀ,
ਵਸਦੇ ਘਰ ਤੂੰ ਪੱਟੇ ।

ਸਹੁਰੀਂ ਮੇਰੇ ਪਵੇ ਹਵੇਲੀ
ਪੇਕੀਂ ਪਵੇ ਚੁਬਾਰਾ
ਸੱਸ ਮੇਰੀ ਤਾਂ ਢੋਵੇ ਚੂਨਾ,
ਮੈਂ ਢੋਂਦੀ ਸੀ ਗਾਰਾ
ਇਕ ਮਹੀਨੇ ਤਾਈਂ ਵੀਰਨਾ
ਕੰਮ ਮੁਕ ਜੂਗਾ ਸਾਰਾ
ਕੰਤ ਨਿਆਣੇ ਦਾ
ਮੇਰਾ ਝੇੜਾ ਭਾਰਾ ।

ਨ੍ਹਾ ਧੋ ਕੇ ਮੁੰਡਾ ਖੁੰਡਾਂ ਉਤੇ ਬਹਿੰਦਾ
ਅੱਧੀ ਰਾਤੀ ਘਰ ਆਉਂਦਾ ਨੀ
ਸਾਡੀ ਅੱਲ੍ਹੜਾਂ ਦੀ ਨੀਂਦ ਗੁਆਉਂਦਾ ਨੀ ।

ਊਠਾਂ ਵਾਲਿਓ
ਊਠ ਲੱਦੇ ਵੇ ਤਿਲਾਂ ਦੇ
ਮੰਨਣੀ ਨੀ ਤੇਰੀ
ਮੰਨਣੀ ਨੀ ਤੇਰੀ
ਸੌਦੇ ਹੋਣਗੇ ਦਿਲਾਂ ਦੇ ।

ਜੇ ਮਾਏ ਕੁਝ ਦਿਸਦਾ ਹੋਵੇ
ਕਰਾਂ ਹੰਦੇਸਾ ਥੋੜ੍ਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੁਦ ਖੂੰਡੀ ਫਿਰੇ ਖੜਦਾ
ਘਰ ਨੂੰ ਨਾ ਕਰਦਾ ਮੋੜਾ
ਰੇਰੂ ਦਾ ਕਿੱਲਾ ਮਾਲਕ ਮੇਰਾ
ਨਹੀਂ ਟਾਹਲੀ ਦਾ ਪੌਰਾ
ਕੰਤ ਨਿਆਣੇ ਦਾ
ਖਾ ਗਿਆ ਹੱਡਾਂ ਨੂੰ ਝੋਰਾ ।

ਊਂਠਾਂ ਵਾਲਿਆਂ ਨੇ ਰਾਹ ਰੋਕ ਲਏ
ਕੁੜੀਆਂ ਨੇ ਜੂਹਾਂ ਮੱਲੀਆਂ
ਮੇਲੇ ਜੈਤੋ ਦੇ
ਸੋਹਣੀ ਤੇ ਸੱਸੀਆਂ ਚਲੀਆਂ ।

ਚੌਂਕ ਚੰਦ ਤੋਂ ਗੁੰਦ ਲਏ ਹੀਰੇ
ਗਹਿਣਿਆਂ ਭਰੀ ਪਟਾਰੀ
ਹੱਥ ਤਾਂ ਤੇਰੇ ਮਹਿੰਦੀ ਰੰਗਲੇ
ਸਹੁਰੀਂ ਜਾਣ ਦੀ ਤਿਆਰੀ
ਰਾਂਝੇ ਦੀਏ ਹੀਰੇ ਨੀ
ਤੂੰ ਬਚਨਾਂ ਤੋਂ ਹਾਰੀ ।

ਭਾਬੋ ਮੇਰੀ ਮੁਕਲਾਵੇ ਆਈ
ਆਈ ਸਰ੍ਹੋਂ ਦਾ ਫੁੱਲ ਬਣਕੇ
ਗਲ ਵਿੱਚ ਉਹਦੇ ਕੰਠੀ ਸੋਂਹਦੀ
ਵਿਚ ਸਿਊਨੇ ਦੇ ਮਣਕੇ
ਰੂਪ ਤਾਂ ਉਹਨੂੰ ਰੱਬ ਨੇ ਦਿਤਾ
ਤੁਰਦੀ ਪਟੋਲਾ ਬਣਕੇ ।

ਤਖਾਣਾਂ ਦੀ ਕੁੜੀ ਨਾਲ ਲਾਈ ਆ ਦੋਸਤੀ
ਆਉਂਦਾ ਜਾਂਦਾ ਘੜਾਵੇ ਅਰਲੀ
ਰਾਤੀਂ ਲਾ ਲਾ ਹੋਗੀ ਵੇ
ਤਖਾਣੀ ਫੜ ਲਈ ।

ਬਾਰੀਂ ਬਰਸੀਂ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਂਦੇ ਰੋੜ
ਮੇਰੀ ਕੀਹਨੇ ਖਿੱਚ ਲਈ
ਪਤੰਗ ਵਾਲੀ ਡੋਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਝਾਫ਼ੇ ਝਾਫੇ ਝਾਫੇ
ਵਿਆਹ ਨਾ ਕਰਾਈਂ ਕੁੜੀਏ
ਛੱਡਣੇ ਪੈਣਗੇ ਮਾਪੇ ।

ਆਟਾ ਤਾਂ ਮੇਰਾ ਗੁੰਨ੍ਹਿਆ ਪਿਆ ਸੀ
ਦਾਲ ਪਈ ਸੀ ਘੋਟੀ
ਅੱਗ ਮਚਾ ਕੇ ਤਵਾ ਸੀ ਧਰਿਆ
ਪੱਕਣ ਵਾਲੀ ਸੀ ਰੋਟੀ
ਅੱਕਿਆ ਨੀ ਥੱਕਿਆ ਬਾਹਰੋਂ ਆਇਆ
ਮੇਰੇ ਲੱਕ ਤੇ ਮਾਰੀ ਸੋਟੀ
ਇਕ ਚਿੱਤ ਕਰਦਾ ਫੜ ਲਾਂ ਜੂੜਿਉਂ
ਘੋਲ ਸੁਟਾਂ ਇਹਦੀ ਨੇਕੀ
ਜੇ ਤੂੰ ਇਉਂ ਕਰਨੀ
ਭੌਰ ਜਾਣਗੇ ਪੇਕੀਂ ।

ਪਹਿਲੀ ਵਾਰ ਮੈਂ ਆਈ ਮੁਕਲਾਵੇ
ਪਾਕੇ ਸੁਨਹਿਰੀ ਬਾਣਾ
ਮਾਲਕ ਮੇਰਾ ਕਾਲ ਕਲੀਟਾ
ਅੱਖੋਂ ਹੈਗਾ ਕਾਣਾ
ਖੋਟੇ ਕਰਮ ਤਾਂ ਹੋ ਗਏ ਮੇਰੇ
ਵੇਖੋ ਰੱਬ ਦਾ ਭਾਣਾ
ਏਥੇ ਨਹੀਂ ਰਹਿਣਾਂ
ਮੈਂ ਪੇਕੀਂ ਟੁਰ ਜਾਣਾ ।

ਮੁੱਕੀ ਨਾ ਮਾਰਦਾ
ਧੱਫਾ ਨਾ ਮਾਰਦਾ
ਮਾਰਦਾ ਪੰਜਾਲੀ ਵਾਲਾ ਹੱਥਾ
ਪੰਜਾਲੀ ਟੁੱਟ ਜਾਊਗੀ
ਮੂਰਖਾ ਵੇ ਜੱਟਾ

ਵਗਦੀ ਰਾਵੀ ਦੇ, ਵਿੱਚ ਸੁੱਟੀਆਂ ਪੱਖੀਆਂ
ਆਪ ਰੁੜ੍ਹਿਆ ਜਾਵੇ, ਸਾਨੂੰ ਮਾਰਦਾ ਸੀ ਅੱਖੀਆਂ ।

ਜੱਟੀ ਕੋਟ ਕਪੂਰੇ ਦੀ ਨੂੰਹ
ਬਾਹਮਣ ਅੰਬਰਸਰ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਟੀ ਦੇ ਘਰ ਲੇਫ ਤੁਲਾਈ ।
ਪਲੰਘ ਬਾਹਮਣ ਦੇ ਘਰ ਦਾ
ਜੱਟੀ ਬੈਠੀ ਪੇੜੇ ਕਰਦੀ
ਬਾਹਮਣ ਮੰਡੇ ਘੜਦਾ
ਬਾਹਰੋਂ ਫਿਰਦਾ ਦਿਉਰ ਜੁ ਆਇਆ
ਸਲੰਘ ਗੰਡਾਸਾ ਫੜਦਾ
ਨਾ ਵੇ ਦਿਓਰਾ ਮਾਰ ਗੁਆਈਂ
ਬਾਹਮਣ ਆਪਣੇ ਘਰ ਦਾ
ਕਪਲਾ ਗਊ ਦੀ ਪੂਛ ਫੜਾ ਦੇ
ਮੁੜ ਵਿਹੜੇ ਨਹੀਂ ਵੜਦਾ
ਕੱਚੀਆਂ ਕੈਲਾਂ ਨੂੰ
ਜੀ ਸਭਨਾਂ ਦਾ ਕਰਦਾ ।

ਮਾਮਿਆਂ ਨੇ ਮੈਂ ਰੱਖੀ ਵੇ ਲਾਡਲੀ
ਸੌਹਰੇ ਪੀਂਹਦੀ ਚੱਕੀ
ਮਾਂ ਦੀਏ ਲਾਦਲੀਏ
ਸੌ ਵਲ ਪੈ ਗਿਆ ਵੱਖੀ ।

ਵਗਦੀ ਸੀ ਰਾਵੀ ਵਿਚ ਘੁੱਗੀਆਂ ਦਾ ਜੋੜਾ
ਇਕ ਘੁੱਗੀ ਉਡੀ ਪੈ ਗਿਆ ਵਿਛੋੜਾ।

ਉੱਚੇ ਟਿੱਬੇ ਮੈਂ ਤਾਣਾ ਤਣਦੀ
ਉਤੋਂ ਦੀ ਲੰਘ ਗਿਆ ਮੋਰ
ਜੇ ਮੈਨੂੰ ਪਤਾ ਹੁੰਦਾ
ਗਰਦਣ ਦਿੰਦੀ ਮਰੋੜ ।

ਕੁੱਟ ਕੁੱਟ ਬਾਜਰਾ ਮੈਂ ਕੋਠੇ ਉਤੇ ਪਾਉਨੀਆਂ
ਆਉਣਗੇ ਕਾਂਗ ਖਿਲਾਰ ਜਾਣਗੇ
ਨਿੱਕੇ ਫੁੱਲਾਂ ਨੂੰ ਨਾ ਤੋੜੀ ਕੁਮਲਾ ਜਾਣਗੇ ।

ਟੁੱਟੀ ਮੰਜੀ ਵਾਣ ਪੁਰਾਣਾ ਵਿਚਦੀ ਦੀਹਦੇ ਤਾਰੇ ।
ਨਾਈਆਂ ਦੀਏ ਕੁੜੀਏ ਨੀ ਤੈਨੂੰ ਹਾਕਾਂ ਪੈਣ ਚੁਬਾਰੇ ।
ਉਠਾਂ ਵਾਲਿਆਂ ਨੂੰ ਨਾ ਦੇਈ ਮਾਏ ਮੇਰੀਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੜਕੇ ਉਠ ਕੇ ਲੱਦ ਜਾਣਗੇ
ਸਾਡੇ ਧਰੇ ਮੁਕਲਾਵੇ ਛੱਡ ਜਾਣਗੇ ।

ਆਰੀ
ਟੁੱਟ ਗਿਆ ਘੜਾ
ਵੇ ਮੈਂ ਭਿੱਜ ਗਈ ਸਾਰੀ ।

ਗੱਡੀ ਜੋੜ ਕੇ ਲੈਣ ਜੂ ਆਇਆ
ਆ ਬਹਿੰਦਾ ਦਰਵਾਜੇ
ਬਲਦਾਂ ਤੇਰਿਆਂ ਨੂੰ ਭੋਂ ਦੀ ਟੋਕਰੀ
ਤੈਨੂੰ ਦੋ ਪ੍ਰਸ਼ਾਦੇ
ਨੀਵੀਂ ਪਾ ਬਹਿੰਦਾ
ਪੈ ਗਏ ਭੌਰ ਦੇ ਦਾਬੇ ।

ਵਿਆਹ ਕਰਵਾਇਆ ਭਰਮ ਗਵਾਇਆ
ਹਾਣ ਦਾ ਮੁੰਡਾ ਨਾ ਥਿਆਇਆ
ਮੇਰੇ ਮਾਪਿਆਂ ਨੇ
ਗਲ 'ਚ ਕਲੀਂਡਰ ਪਾਇਆ ।

ਕਿੱਕਰਾਂ ਵੀ ਲੰਘ ਆਈ
ਬੇਰੀਆਂ ਵੀ ਲੰਘ ਆਈ
ਲੰਘਣੇ ਪੈ ਗਏ ਅੱਕ ਵੇ
ਮਲੂਕ ਜਿਹੀ ਜਿੰਦ ਮੇਰੀ
ਮਰੋੜੇ ਖਾਵੇ ਲੱਕ ਵੇ ।

ਘੱਤਿਆ ਸੀ ਮੈਂ ਹੋਲਾਂ ਕਰਨ ਨੂੰ
ਬਾਲ ਲਿਆਇਆ ਦਾੜ੍ਹੀ
ਭੱਜਿਆ ਜਾਂਦਾ ਸੀ
ਛੱਜਾਂ ਵਾਲੀ ਦੇ ਵਾਣੀ ।

ਨਾਲ ਸਹੇਲੀਆਂ ਚੱਲੀ ਖੇਤ ਨੂੰ
ਤੂੰ ਮਲ ਬਹਿੰਦਾ ਗਲੀਆਂ
ਕੁੜੀਆਂ ਮੈਨੂੰ ਕਰਨ ਝਹੇੜਾਂ
ਯਾਰ ਮਾਰਦਾ ਡਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੱਲ੍ਹ ਨੂੰ ਆ ਜਾਈਂ ਤੌਰ ਘੂਰ ਤੇ
ਗੱਲਾਂ ਕਰਾਂਗੀ ਖਰੀਆਂ
ਮੇਰੇ ਹਾਣ ਦੀਆਂ
ਕੁੜੀਆਂ ਉਡੀਕਣ ਖੜੀਆਂ ।

ਆਉਣ ਜਾਣ ਨੂੰ ਨੌਂ ਦਰਵਾਜ਼ੇ
ਰਿਜ਼ਕ ਜਾਣ ਨੂੰ ਮੋਰੀ
ਚੱਕ ਲਉ ਬੰਤੋ ਨੂੰ
ਨਾ ਡਾਕਾ ਨਾ ਚੋਰੀ ।

ਲਿਖ ਪਰਵਾਨਾ ਭੇਜਾਂ
ਵੇ ਘਰ ਪੱਖੀ ਦੀ ਲੋੜ
ਕੁਛੜ ਬਾਲ ਨਿਆਣਾ
ਗਰਮੀ ਦਾ ਏ ਜ਼ੋਰ ।

ਨੀ ਕਮੀਜ਼ ਵਾਲੀਏ
ਨੀ ਸਲਵਾਰ ਵਾਲੀਏ
ਮੁੰਡੇ ਤੇਰੇ ਵਲ ਵੇਂਹਦੇ
ਸੋਹਣੀ ਚਾਲ ਵਾਲੀਏ ।

ਖੱਟਣ ਗਿਆ ਨੇ ਕੀ ਖੱਟ ਲਿਆਂਦਾ
ਖੱਟ ਕੇ ਲਿਆਂਦੀ ਰਾਈ
ਮਗਰਾਈ ਵਾਂਗੂ ਤੁਰਦੀ
ਤੇਰੇ ਪਸੰਦ ਨਾ ਆਈ ।

ਚਾਂਦੀ
ਲਿਆਇਆ ਦੰਮ ਲਾ ਕੇ
ਨਿੱਤ ਨ੍ਹੀਂ ਕੁਟਾਈ ਜਾਂਦੀ ।

ਵਗਦੀ ਰਾਵੀ ਦੇ ਵਿਚ ਨਹਾਉਣ ਨੀ ਕੁਆਰੀਆਂ
ਕੰਨੀ ਬੁੰਦੇ ਨੀ ਸਹੀਓ ਅੱਖਾਂ ਲੋੜ੍ਹੇ ਮਾਰੀਆਂ

ਵਗਦੀ ਨਦੀ ਦੇ ਵਿਚ
ਮੈਂ ਅੰਗਰੇਜ਼ਨ ਬੂਟੀ
ਰਾਂਝਾ ਫੁਲ ਨੀ ਗੁਲਾਬ ਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂਕੀ
ਮੱਖੀਆਂ ਭਿਣਕਦੀਆਂ
ਪਈ ਏ ਮੜਕ ਦੀ ਫੂਕੀ ।

ਨਿੱਕੀ ਨਿੱਕੀ ਕਣੀ ਦਾ ਮੀਂਹ ਵੇ ਵਰੇਂਦਾ
ਗੋਡੇ ਗੋਡੇ ਗਾਰਾ
ਭੋਥਾ ਲਿਬੜ ਗਿਆ
ਭਾਗ ਸਿੰਘਾ ਸਰਦਾਰਾ ।

ਵਗਦੀ ਰਾਵੀ ਦੇ ਵਿਚ
ਸੁਟਦੀ ਆਂ ਐਨਕਾਂ
ਆਪ ਟੁਰਿਆ ਜਾਂਦਾਂ
ਸਾਨੂੰ ਮਾਰਦਾ ਏ ਸੈਨਤਾਂ ।

ਮੈਂ ਤੇਰੀ ਤੇਰੀ ਤੇਰੀ
ਨਾ ਝਿੜਕੀਂ ਟੱਬਰ ਬੈਠੇ ਤੋਂ
ਅੱਖਾਂ ਦੀ ਘੂਰ ਬਥੇਰੀ ।

ਸੁਣ ਨੀ ਕੁੜੀਏ ਕਾਂਟਿਆਂ ਵਾਲੀਏ
ਕਾਂਟਿਆਂ ਦਾ ਲਿਸ਼ਕਾਰਾ
ਤੈਨੂੰ ਮੋਹ ਲਊਗਾ
ਪੇਸ਼ ਪਿਆ ਸੁਨਿਆਰਾ ।

ਖੂਨਾਂ
ਘਰ ਦੀ ਨਾਰ ਬਿਨਾਂ
ਕਾਹਦੀਆਂ ਭਰਾਵੋ ਜੂਨਾਂ ।

ਇੰਦਰ ਸਿੰਘ ਦੀ ਕਰਦੇ ਮਿਣਤੀ
ਫੀਤਾ ਛਾਤੀ ਧਰਿਆ
ਚੌਦਾਂ ਨੰਬਰ ਨਾਉਂ ਇੰਦਰ ਸਿੰਘ ਦਾ
ਦਫ਼ਤਰ ਦਾਖ਼ਲ ਕਰਿਆ
ਪ੍ਰੇਮਾ ਡਰ ਕੇ ਹੋਇਆ ਪਿਛਾਂਹ ਨੂੰ
ਸਾਰਾ ਹੌਂਸਲਾ ਮਰਿਆ
ਘਰ ਨੂੰ ਮੁੜ ਤੁਰਿਆ
ਭਰਤੀ ਹੋਣ ਤੋਂ ਡਰਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਟੀ ਖਾ ਲੈ ਬੇਹੀ,
ਨਸ਼ਿਆਂ ਨੇ ਖਾ ਲੀ
ਕੁੰਦਨ ਵਰਗੀ ਦੇਹੀ।

ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ,
ਗੋਡੇ ਗੋਡੇ ਗਾਰਾ
ਆਪਣੀ ਮਹਿੰ ਭਜ ਗਈ
ਮੋੜ ਲਿਆ ਮੁਲਾਹਜੇਦਾਰਾਂ।

ਚਾਂਦੀ ਚਾਂਦੀ ਚਾਂਦੀ
ਪੁਤ ਕਰਤਾਰ ਸਿੰਆਂ
ਜ਼ਾਨਾਂ ਦੇਗਚੀ ਮਾਂਜੀ।
ਵੇ ਕੁੱਤਿਆਂ ਨੇ ਗੁੜ ਖਾ ਲਿਆ
ਨਾਲੇ ਛੜਾ ਚਲਾਵੇ ਢਾਂਡੀ
ਰਾਤੀ ਬਹੁ ਨਾ ਰਿਹਾ
ਚਾਹ ਨਾ ਹੱਟੀ ਤੋਂ ਲਿਆਂਦੀ।

ਰੋੜੇ ਰੋੜੇ ਰੋੜੇ
ਚੜ੍ਹ ਗਿਆ ਘੋੜੇ ਨੀ
ਸਿੰਘ ਦੇ ਕੇ ਮਰੋੜੇ।

ਘੁੰਡ ਦਾ ਗਿੱਧੇ ਵਿਚ ਕੰਮ ਕੀ ਗੋਰੀਏ
ਏਥੇ ਤੇਰੇ ਹਾਣੀ
ਨੀ ਜਾਂ ਘੁੰਡ ਕੱਢਦੀ ਬਹੁਤੀ ਸੋਹਣੀ
ਜਾਂ ਘੁੰਡ ਕੱਢਦੀ ਕਾਣੀ
ਤੂੰ ਤਾਂ ਮੈਨੂੰ ਦਿਸੇਂ ਸ਼ੁਕੀਨਣ
ਤੇਰੀ ਘੁੰਡ ਚੋਂ ਅੱਖ ਪਛਾਣੀ
ਖੁਲ੍ਹ ਕੇ ਨੱਚ ਲੈ ਨੀ
ਬਣ ਜਾ ਗਿਧੇ ਦੀ ਰਾਣੀ।

ਛੰਨਾ ਭਰਿਆ ਦੁੱਧ ਦਾ
ਕੋਈ ਫਿਰ ਆਈ ਬਾਗੋਂ ਬਾਗ
ਹੱਥੀਂ ਛਾਲੇ ਪੈ ਗਏ
ਕੋਈ ਪੈਰਾਂ ਦਾ ਕੀ ਹਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਨਾ ਮਾੜੀ ਜੰਨਾਂ
ਤੁੱਤੀ ਦਾ ਲਾਹ ਲਿਆ ਹਾਰ । (ਜਾਂ)
ਕਲਕੱਤਿਓਂ ਪੱਖਾ ਲਿਆ ਦੇ
ਝੱਲੂੰਗੀ ਸਾਰੀ ਰਾਤ ।

ਉਰਲੇ ਪਾਸੇ ਢਾਬ ਸੁਣੀ ਦੀ
ਪਰਲੇ ਪਾਸੇ ਕਬਰਾਂ
ਉੱਡ ਜਾ ਜਾਨਵਰਾ
ਲਿਆ ਮਿੱਤਰਾਂ ਦੀਆਂ ਖਬਰਾਂ

ਨ੍ਹਾ ਧੋ ਕੇ ਨੀ ਮੁੰਡਾ ਖੁੰਡਾਂ ਉਤੇ ਬਹਿੰਦਾ
ਅੱਧੀ ਰਾਤੀਂ ਘਰ ਆਉਂਦਾ ਨੀ
ਸਾਡਾ ਨਿੱਜ ਮੁਕਲਾਵਾ ਲਿਆਉ ਦਾ ਨੀ ।

ਚਿੱਟਾ ਪੌਣਾ ਨੀ ਹਰਾ ਪੌਣਾ
ਮੇਰੇ ਬਾਪ ਦਾ ਜਵਾਈ ਨੀ ਬੜਾ ਸੋਹਣਾ ।

ਧਾਵੇ ਧਾਵੇ ਧਾਵੇ
ਇਕ ਮੁੰਡਾ ਮੈਂ ਵੇਖਿਆ
ਉਹ ਪੜ੍ਹਨ ਸਕੂਲੇ ਜਾਵੇ
ਰਾਹ ਵਿਚ ਕੁੜੀ ਮਿਲਦੀ
ਤਾਂ ਨੀਵੀਂ ਪਾ ਲੰਘ ਜਾਵੇ
ਜਦੋਂ ਕੁੜੀ ਦੂਰ ਲੰਘ ਗਈ
ਫੇਰ ਦੱਬ ਕੇ ਮਾਰੇ ਲਲਕਾਰੇ
ਫੇਹਲ ਕਰਾ ਤਾ ਨੀ
ਤੈਂ ਲੰਮੀਏ ਮੁਟਿਆਰੇ ।

ਕਦੀ ਹੱਸ ਵੇ ਮਨਾਂ
ਕਦੇ ਖੇਡ ਵੇ ਮਨਾਂ
ਇਸ ਜੱਗ ਨਹੀਂ ਆਉਣਾ
ਫੇਰ ਵੇ ਮਨਾਂ । (ਜਾਂ)
ਜੱਗ ਚਰਖੇ ਵਾਲਾ ਗੇੜ ਵੇ ਮਨਾਂ (ਜਾਂ)
ਇਸ ਚੰਦਰੀ ਮਿੱਟੀ ਦੇ ਹੇਠ ਵੇ ਮਨਾਂ
ਘੋੜਾ ਆਰ ਨੀ ਮਾਏ
ਘੋੜਾ ਪਾਰ ਨੀ ਮਾਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਂਝਾ ਮੰਗੇ
ਮਸਰਾਂ ਦੀ ਦਾਲ ਨੀ ਮਾਏ ।

ਬਾਗਾਂ ਦੇ ਵਿਚ ਕੋਇਲ ਕੂਕਦੀ
ਵਾਣਾਂ ਦੇ ਵਿੱਚ ਬਿੰਡਾਂ
ਘਸੁੰਨ ਜਿਹੇ ਦੀ ਮਿੰਨਤ ਕਰਾਂ
ਪੇਕੀਂ ਜਾਣ ਨਹੀ ਦਿੰਦਾ ।

ਨਿੱਕੇ ਨਿੱਕੇ ਆਲੂਆਂ ਦੀ
ਝੋਲੀ ਭਰੀ ਲਿਆਉਂਦਾ
ਰਿੰਨ੍ਹਕੇ ਨਾ ਦੇਂਦੀ
ਜੱਟ ਡੰਡਾ ਖੜਕਾਉਂਦਾ ।

ਘੋੜਾ ਆਰ ਨੂੰ ਵੇ
ਘੋੜਾ ਪਾਰ ਨੂੰ ਵੇ
ਪੇਕੀਂ ਛੱਡੀਏ ਨਾ
ਨਾਰ ਮੁਟਿਆਰ ਨੂੰ ਵੇ ।

ਘੋੜਾ ਆਰ ਨੂੰ ਨੀ
ਘੋੜਾ ਪਾਰ ਨੂੰ ਨੀ
ਕੱਲਾ ਛੱਡੀਏ ਨਾਂ
ਸਿੰਘ ਸਰਦਾਰ ਨੂੰ ਨੀ ।

ਘੋੜਾ ਆਰ ਨੀ ਧੀਏ
ਘੋੜਾ ਪਾਰ ਨੀ ਧੀਏ
ਮੱਥੇ ਮਾਰ
ਮਸਰਾਂ ਦੀ ਦਾਲ ਨੀ ਧੀਏ ।

ਵੇ ਦਾਹੜੀ ਕੱਢ ਕੱਢ ਪਾਉਂਨਾ ਬੋਲੀਆਂ
ਇਹ ਤੇਰਾ ਕੰਮ ਮਾੜਾ
ਤੇਰੇ ਵਰਗੇ ਪੜ੍ਹਨ ਪੋਥੀਆਂ
ਤੜਕੇ ਫੇਰਦੇ ਮਾਲਾ
ਖੜਜਾ ਦਿਲ ਧਰਕੇ
ਛੱਡਕੇ ਨਾ ਜਾਈ ਖਾੜਾ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੜੇ ਰੜੇ ਰੜੇ
ਬੋਲੀ ਪਾਉਣ ਵਾਲੀਏ ਮੈਂ ਪੁਛਦਾ
ਰੱਬ ਦੇ ਨਾਨਕੇ ਕਿਹੜੇ
ਜਿਥੇ ਪ੍ਰਭੂ ਜੰਮਿਆਂ ਜਾਇਆ
ਉਥੇ ਲੈ ਲਏ ਫੇਰੇ
ਅਖੀਆਂ ਸਾੜ ਸੁਟੂੰ,
ਝਾਕ ਸਾਮਣੇ ਮੇਰੇ !

ਨਾਈਆਂ ਦੇ ਘਰ ਭੇਡ ਲਵੇਰੀ
ਬਾਹਰੋਂ ਆਈ ਚਰਕੇ
ਨੈਣ ਤੇ ਨਾਈ ਚੋਣ ਲਗੇ
ਚਾਰੇ ਟੰਗਾਂ ਫੜਕੇ
ਨੈਣ ਤਾਂ ਉਠੀ ਅੱਧੀ ਗੜਵੀ ਲੈ ਕੇ
ਨਾਈ ਉਠਿਆ ਭਰ ਕੇ
ਆਨੇ ਆਨੇ ਦੇ ਚੌਲ ਮੰਗਾਏ
ਗਹਿਣੇ ਗੁਛੀਆਂ ਧਰਕੇ
ਖਾਣ ਪੀਣ ਦਾ ਹੋਇਆ ਵੇਲਾ
ਖਾਂਦੇ ਖਾਂਦੇ ਲੜਪੇ
ਉਤੋਂ ਆ ਗਏ ਪੁਲਸ ਸਿਪਾਹੀ
ਲੈ ਗਏ ਦੋਹਾਂ ਨੂੰ ਫੜਕੇ
ਨੈਣ ਤਾਂ ਦਿਤੀ ਹਵਾਲਾਟ ਵਿੱਚ
ਨਾਈ ਤੇ ਡੰਡਾ ਖੜਕੇ
ਨਾਈ ਆਖਦਾ ਛੁਡਾ ਲੈ ਨੈਣੇਂ
ਵਾਲੀਆਂ ਗਹਿਣੇ ਧਰਕੇ
ਅੰਦਰੋਂ ਮੈਂ ਨਿਕਲੀ
ਚੀਨਾਂ ਕਬੂਤਰ ਬਣ ਕੇ ।
ਇਕ ਗੱਲ ਮਿੱਤਰਾਂ ਦੀ
ਸੁਣ ਜਾ ਪਟੋਲਿਆ ਖੜਕੇ ।

ਅੰਬ ਦਾ ਬੂਟਾ ਤੂੰ ਬਣ ਕੁੜੀਏ
ਮੈਂ ਕੇਲਾ ਬਣ ਜਾਵਾਂ
ਝੁਕ ਝੁਕ ਤੇਰੇ ਨਾਲ ਮੈਂ ਲੱਗ ਜਾਂ
ਰਤਾ ਫਰਕ ਨਾ ਪਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੀ ਨੇਕੀ ਦਾ
ਭਰ ਕੇ ਜਹਾਜ਼ ਚਲਾਵਾਂ ।

ਤਿੰਨ ਦਿਨ ਹੋ ਗਏ ਤਾਪ ਚੜ੍ਹੇ ਨੂੰ
ਚੌਥੀ ਰਾਤ ਮਰ ਜਾਂਦੀ
ਛੋਟੇ ਜੇਠ ਨੇ ਸਿੜ੍ਹੀ ਬਣਾਈ
ਲੱਥ ਸਿਵਿਆਂ ਨੂੰ ਜਾਂਦੀ
ਵੱਡੇ ਜੇਠ ਨੇ ਲਾਤਾ ਲਾਂਬੂੰ
ਲਾਟ ਗਿਰਵੀਆਂ ਖਾਂਦੀ
ਮੱਚ ਗਈ ਸ਼ਾਮ ਕੁਰੇ,
ਬਾਂਹ ਨਾ ਭੌਰ ਦੀ ਜਾਂਦੀ ।

ਗਮ ਨੇ ਖਾ ਲਈ
ਗਮ ਨੇ ਪੀ ਲਈ
ਗਮ ਦੀ ਕਰੋ ਨਿਆਰੀ
ਗਮ ਤਾਂ ਹੱਡਾਂ ਨੂੰ ਇਉਂ ਖਾ ਜਾਂਦਾ
ਜਿਉਂ ਲਕੜ ਨੂੰ ਆਰੀ
ਕੋਠੇ ਚੜ੍ਹ ਕੇ ਵੇਖਣ ਲੱਗੀ
ਲੱਧੇ ਜਾਂਣ ਵਪਾਰੀ
ਉਤਰਨ ਲੱਗੀ ਦੇ ਕੰਡਾ ਵੱਜਿਆ
ਦੁਖ ਲੱਗ ਜਾਂਦਾ ਭਾਰੀ
ਚਲ ਦਿਓਰਾ ਮੇਰਾ 'ਲਾਜ ਕਰਾ ਲਿਆ
ਜਿਥੇ ਵਸੇ ਲਲਾਰੀ
ਪਹਿਲੇ ਡੋਬ ਮੇਰੀ ਕੁੜਤੀ ਡੋਬ ਦੇ
ਦਜੇ ਡੋਬ ਫੁਲਕਾਰੀ
ਦੁਖ ਮੇਰੇ ਭਾਗਾਂ ਦਾ
ਛੱਡ ਦੇ ਵੈਦ ਮੇਰੀ ਨਾੜੀ ।

ਬਾਰਾਂ ਬਰਸ ਦੀ ਹੋ ਗਈ ਜੈ ਕੁਰੇ
ਬਰਸ ਤੇਰਵਾਂ ਚੜ੍ਹਿਆ
ਘੁੰਮ ਘੁੰਮ ਕੇ ਚੜ੍ਹੀ ਜਵਾਨੀ
ਪਿਓ ਘਰ ਪੰਡਤਾਂ ਦੇ ਵੜਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਦਾਨ ਦਿਉਂ ਜੋ ਸਰਿਆ
ਕੰਨਿਆਂ ਕੁਆਰੀ ਤੇ
ਭਰਮ ਕਿਸੇ ਨੇ ਧਰਿਆ । (ਜਾਂ)

ਮਿੱਤਰਾਂ ਨੂੰ ਸੋਚ ਪਈ
ਵਿਆਹ ਮੇਲੋ ਦਾ ਧਰਿਆ ।
ਭੇਤੀ ਚੋਰ ਦੁਪਿਹਰੇ ਲਗਦੇ
ਪਾੜ ਲਾਉਣ ਪਿਛਵਾੜੇ
ਗਹਿਣੇ ਗੱਟੇ ਨੂੰ ਹੱਥ ਨਾ ਲਾਉਂਦੇ
ਲਾਹੁੰਦੇ ਕੰਨਾਂ ਦੇ ਵਾਲ਼ੇ
ਬਿਨ ਮੁਕਲਾਈਆਂ ਦੇ
ਪਲੰਗ ਘੁੰਗਰੂਆਂ ਵਾਲੇ ।

ਸੁਣ ਵੇ ਬਾਗ ਦਿਆ ਬਾਗ ਬਗੀਚਿਆ .
ਮੁਣ ਵੇ ਬਾਗ ਦੇ ਮਾਲੀ
ਹੋਰਨਾਂ ਦੇ ਬਾਗ ਦੂਹਰੇ ਤੀਹਰੇ
ਤੇਰਾ ਬਾਗ ਕਿਉਂ ਖਾਲੀ
ਕੋਇਲ ਹੋਵਾਂ ਉੱਡ ਬਾਗੀਂ ਬਹਿ ਜਾਂ
ਸੱਪ ਹੋਵਾਂ ਲੜ ਜਾਵਾਂ
ਦੋਹਤਾ ਤੂੰ ਲੱਗਦਾ
ਕਿਸ ਬਿਧ ਯਾਰੀ ਲਾਵਾਂ ।

ਅੱਧੀ ਰਾਤੋਂ ਜਾਨਾਂ ਚੋਬਰਾ
ਆਉਂਨਾ ਪਹਿਰ ਦੇ ਤੜਕੇ
ਆਉਂਦੇ ਜਾਂਦੇ ਨੂੰ ਕੁੱਤੇ ਭੌਂਕਦੇ
ਮੇਰਾ ਕਾਲਜਾ ਧੜਕੇ
ਵੇ ਘਰ ਤੇਲਣ ਦੇ
ਤੇਰਾ ਚਾਦਰਾ ਖੜਕੇ

ਰਤੀਏ ਰਤਨਗੜ੍ਹ ਕੋਲੋਂ ਕੋਲੀ
ਵਿਚ ਰਤੀਏ ਦੇ ਠਾਣਾ
ਥੋੜਾ ਠਾਣਾ ਜਾਵੇ ਬੋਲਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਂ ਨਿਆਣੀ ਕੀ ਜਾਣਾ
ਜਦੋਂ ਮੈ ਹੋਗੀ ਸਮਝਣ ਜੋਗੀ
ਉਦੋਂ ਬਦਲ ਗਿਆ ਠਾਣਾ
ਗੁਝੀਆਂ ਪਾਰਸੀਆਂ
ਪੜ੍ਹ ਮੁੰਡਿਆ ਅਣਜਾਣਾ ।

ਸੁਣ ਨੀ ਕੁੜੀਏ ਨੱਚਣ ਵਾਲੀਏ
ਨੱਚਦੀ ਲਗੇ ਪਿਆਰੀ
ਨੀ ਭੈਣ ਤੇਰੀ ਨਾਲ ਵਿਆਹ ਕਰਵਾਲਾਂ
ਤੈਨੂੰ ਬਣਾ ਲਾਂ ਸਾਲੀ
ਆਪਾਂ ਦੋਨੋਂ ਚੜ੍ਹ ਚਲੀਏ
ਮੇਰੀ ਬੋਤੀ ਝਾਂਜਰਾਂ ਵਾਲੀ
ਬੋਤੀ ਨੇ ਪੱਬ ਚੱਕ ਲਿਆ
ਜੁੱਤੀ ਡਿੱਗ ਪਈ ਸਿਤਾਰਿਆਂ ਵਾਲੀ
ਡਿੱਗ ਪਈ ਤਾਂ ਡਿੱਗ ਪੈਣ ਦੇ
ਘਰ ਚਲਕੇ ਸੰਵਾਦੂੰ ਚਾਲੀ
ਚਾਲੀਆਂ ਨੂੰ ਅੱਗ ਲਾਵਾਂ
ਮੇਰੇ ਵੀਰ ਦੀ ਨਿਸ਼ਾਨੀ ਭਾਰੀ
ਨਿਉਂ ਕੇ ਚੱਕ ਪਤਲੋ

ਜਦੋਂ ਜਵਾਨੀ ਜ਼ੋਰ ਸੀ ਵੇ ਜਾਲਮਾਂ
ਵੰਝਲੀ ਵਰਗਾ ਬੋਲ ਸੀ ਵੇ ਜ਼ਾਲਮਾਂ

ਰਤੀਏ ਰਤਨਗੜ੍ਹ ਕੋਲੋਂ ਕੋਲੀ
ਵਿਚ ਰਤੀਏ ਦੇ ਠਾਣਾ
ਬੋਡਾ ਠਾਣਾ ਜਾਵੇ ਬੋਲਦਾ
ਮੈਂ ਨਿਆਣੀ ਕੀ ਜਾਣਾ
ਜਦੋਂ ਮੈਂ ਹੋਗੀ ਸਮਝਣ ਜੋਗੀ
ਉਦੋਂ ਬਦਲ ਗਿਆ ਠਾਣਾ
ਇਕ ਨਾਲ ਤੁਰ ਜਾ ਨੀ
ਪਾ ਕੇ ਬਦਮੀ ਬਾਣਾ ।

CC-0. In Public Domain. Gurukul Kangri Collection, Haridwar

ਧਾਵੇ ਧਾਵੇ ਧਾਵੇ
Digitized by Arya Samaj Foundation Chennai and eGangotri
ਡੱਬਾ ਕੁੱਤਾ ਮੇਰੇ ਵੀਰ ਦਾ
ਠਾਣੇਦਾਰ ਦੀ ਕੁੜੀ ਚੱਕ ਲਿਆਵੇ
ਕੁੜੀ ਚੁੱਕ ਡਿਪਟੀ ਦੀ
ਜਿਹੜਾ ਲੰਮੀਆਂ ਤਰੀਕਾਂ ਪਾਵੇ
ਉਸ ਗੱਡੀ ਮੈਂ ਚੜ੍ਹਨਾਂ
ਜੇਹੜੀ ਬੀਕਾਨੇਰ ਨੂੰ ਜਾਵੇ
ਉਥੇ ਵਿਕਦੇ ਅੰਬਰ ਦੇ ਤਾਰੇ
ਗਭਰੂ ਮੁਲ ਵਿਕਦੇ
ਛਾਂਟ ਪਤਲੀਏ ਨਾਰੇ ।

ਚੜ੍ਹ ਵੇ ਚੰਦਾ ਕਰ ਵੇ ਚਾਨਣ
ਕਿਉਂ ਕੀਤਾ ਹੈ ਨ੍ਹੇਰਾ
ਚਾਰ ਕੁ ਪੂਣੀਆਂ ਰਹਿ ਗੀਆਂ ਕੱਤਣ ਵਿਚ
ਭੌਰ ਮਾਰ ਗਿਆ ਗੇੜਾ
ਇਹ ਰੰਗ ਰੱਤੀਆਂ ਦਾ
ਉਡ ਜੂ ਪਟੋਲਿਆ ਤੇਰਾ

ਧਾਵੇ ਧਾਵੇ ਧਾਵੇ
ਡੱਬਾ ਕੁੱਤਾ ਮੇਰੇ ਵੀਰ ਦਾ
ਠਾਣੇਦਾਰ ਦੀ ਕੁੜੀ ਚੱਕ ਲਿਆਵੇ
ਕੁੜੀ ਚੱਕ ਡਿਪਟੀ ਦੀ
ਜਿਹੜਾ ਲੰਮੀਆਂ ਤਰੀਕਾਂ ਪਾਵੇ
ਪੈਂੜ ਦਲੀਪੋ ਦੀ
ਪਿਪਲਾਂ ਹੇਠ ਦੀ ਜਾਵੇ ।

ਗੇਂਦ ਘੁੰਗਰੂਆਂ ਵਾਲੀ
ਸੌਹਰੇ ਕੱਟ ਆਈ ਵੇ ਦੋਜ਼ਖ ਦੇ ਦਿਨ ਚਾਲੀ । (ਜਾਂ)
ਜੇ ਮੁੰਡਿਆ ਤੂੰ ਹਲ ਨਹੀਂ ਜੋੜਨਾ
ਮੈਂ ਵੀ ਨ੍ਹੀ ਧਰਨੀ ਦਾਲ ਮੁੰਡਿਆ
ਰੋਟੀ ਖਾਈ ਮਿਰਚਾਂ ਦੇ ਨਾਲ ਮੁੰਡਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਊਠਾਂ ਵਾਲਿਓ
ਊਠੀਂ ਲੱਦੀਆਂ ਬੋਰੀਆਂ
ਮਹਿਲੀ ਛੱਡੀਆਂ
ਸੁਨੀਆਂ ਗੋਰੀਆਂ ।
ਮਾਹੀ ਮੇਰੇ ਨੇ ਚੀਰਾ ਰੰਗਾਇਆ
ਕਲਗੀ ਲਾ ਲਾ ਥੱਕੀਆਂ ਨੀ
ਰਾਤੀਂ ਸੌਣ ਨਾ ਦੇਂਦੀਆਂ ਅੱਖੀਆਂ ਨੀ ।

ਬਾਜਰਾ ਤਾਂ ਸਾਡਾ ਹੋ ਗਿਆ ਚਾਬੂ
ਮੂੰਗੀ ਆਉਂਦੀ ਫੁਲਦੀ
ਪਹਿਨ ਪਚਰ ਕੇ ਆ ਗਈ ਖੇਤ ਵਿੱਚ
ਠੁਮਕ ਠੁਮਕ ਪੱਬ ਧਰਦੀ
ਚੂਪੇ ਗੰਨੇ ਚੱਬੇ ਸਿੱਟੇ
ਰਾਖੀ ਖੇਤ ਦੀ ਕਰਦੀ
ਹੀਰ ਸਿਆਲਾਂ ਦੀ
ਮਲਕ ਵਛੇਰੀ ਪਲਦੀ ।

ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ
ਇਕੋ ਜਿਹੀਆਂ ਮੁਟਿਆਰਾਂ
ਚੰਦ ਦੇ ਚਾਨਣੇ ਇਉਂ ਚਮਕਦੀਆ
ਜਿਉਂ ਗੋਟੇ ਦੀਆਂ ਤਾਰਾਂ
ਜੋਰ ਜਵਾਨੀ ਦਾ ਲੁਟ ਲਉ ਮੌਜ ਬਹਾਰਾਂ

ਧਾਈਏ ਧਾਈਏ ਧਾਈਏ
ਮਨ ਦੀ ਬਣਾਈਏ ਤਕੜੀ
ਫਿਰ ਦਿਲ ਦੇ ਪਾਸਕ ਪਾਈਏ
ਏਸ ਪਟੋਲੇ ਦੀ
ਭੱਜ ਕੇ ਚੂਰੀ ਚੁੱਕ ਲਿਆਈਏ
ਅਲਸੀ ਦਾ ਫੁੱਲ ਬਣਕੇ
ਘਰ ਸਹੁਰਿਆਂ ਦੇ ਜਾਈਏ ।

ਕੁੜੀਓ ਨੀ ਮੇਰੇ ਲੀੜੇ ਵੇਖ ਲੋ
ਵੇਖੋ ਲੇਫ ਤੁਲਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਸਾਈ ਵਿਰਲਾ ਚੱਕ ਚੰਦ ਵੇਖੋ
ਪੱਤਿਆਂ ਨੇ ਛਹਿਬਰ ਲਾਈ
ਰਾਂਝਾ ਚੰਦ ਕੁੜੀਓ
ਹੁਣ ਮੈਂ ਵੇਖ ਕੇ ਆਈ ।

ਬਾਗਾਂ ਦੇ ਵਿਚ ਕੋਇਲ ਬੋਲਦੀ
ਕਰਦੀ ਤੀਰੀ ਰੀਂ ਰੀਂ
ਭੁੱਲਿਆ ਵੇ ਕੰਤਾ
ਨਾਰਾਂ ਬਾਝ ਫਕੀਰੀ ।

ਮਾਂ ਪਿਓ ਵੇ ਵਰ ਗਭਰੂ ਸਹੇੜਿਆ
ਦੇ ਕੇ ਕੋਤਲ ਘੋੜੀ
ਖਾਰੇ ਚੜ੍ਹਦਾ ਹੱਸ ਹੱਸ ਬਹਿੰਦਾ
ਰਾਮ ਮਿਲਾਈ ਜੋੜੀ
ਵਜਦੀ ਢਡ ਸਾਰੰਗੀ
ਕਲੀਆਂ ਲਾਉਂਦੀ ਗੋਰੀ ।

ਪਹਿਲੀ ਰਾਤ ਮੈਂ ਗਈ ਮੁਕਲਾਵੇ
ਗੱਲ ਪੁੱਛ ਲੈਂਦਾ ਸਾਰੀ
ਕੀਹਦੇ ਨਾਲ ਤੇਰੀ ਲੱਗੀ ਨੀ ਦੋਸਤੀ
ਕੀਹਦੇ ਨਾਲ ਤੇਰੀ ਯਾਰੀ
ਨਾ ਵੇ ਕਿਸੇ ਨਾਲ ਲੱਗੀ ਦੋਸਤੀ
ਨਾ ਵੇ ਕਿਸੇ ਨਾਲ ਯਾਰੀ
ਟੁੱਟ ਪੈਣੇ ਆਸ਼ਕ ਨੇ
ਚੱਕ ਕੇ ਪਲੰਘ ਤੋਂ ਮਾਰੀ ।

ਧੂੜਕੋਟ ਕੋਲ ਹਨੇਰੀ ਸੁਣੀਂਦੀ
ਬੂਟਰ ਜਾ ਕੇ ਗੱਜਿਆ
ਵੇ ਰਾਤੀ ਰੋਂਦੇ ਦਾ
ਮੂੰਹ ਪਾਵੇ ਵਿਚ ਵੱਜਿਆ ।

ਊਠਾਂ ਵਾਲਿਓ
ਊਠ ਲੱਦੇ ਵੇ ਗੰਗਾ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਨਹੀਂ ਬਾਪੂ ਜਾਣਾ
ਪੈਸੇ ਦਿੰਦਾ ਨਹੀਂ ਵੰਗਾਂ ਨੂੰ ।

ਰਾਹ ਉਤੇ ਤੇਰੀ ਭੱਠੀ ਝਿਊਰੀਏ
ਭੁੰਨ ਫੱਕਰਾ ਦੇ ਦਾਣੇ
ਮਾਰਾਂ ਅੱਡੀ ਢਾਹ ਦਿਆਂ ਭੱਠੀ
ਰੇਤ ਰਲਾ ਦਿਆਂ ਦਾਣੇ
ਘੁੰਡ ਵਿਚ ਰੋਣਗੀਆਂ
ਕੰਤ ਜਿਨ੍ਹਾਂ ਦੇ ਨਿਆਣੇ । (ਜਾਂ)
ਕੈਦਾਂ ਉਮਰ ਦੀਆਂ
ਕੰਤ ਜਿਨ੍ਹਾਂ ਦੇ ਨਿਆਣੇ ।

ਵਗਦੀ ਸੀ ਰਾਵੀ ਵਿਚ
ਰੰਗ ਕੀਹਨੇ ਡੋਲ੍ਹਿਆ
ਚੰਦਰੀ ਦਾ ਪੁੱਤ ਕਦੇ
ਹੱਸ ਕੇ ਨਾ ਬੋਲਿਆ ।

ਗਮ ਨੇ ਖਾ ਲਈ
ਗਮ ਨੇ ਪੀ ਲਈ
ਗਮ ਦੀ ਕਰੋ ਨਿਹਾਰੀ
ਗਮ ਤਾਂ ਹੱਡਾਂ ਨੂੰ ਇਉਂ ਖਾ ਜਾਂਦਾ
ਜਿਉ ਲੱਕੜ ਨੂੰ ਆਰੀ
ਕੋਠੇ ਚੜ੍ਹਕੇ ਵੇਖਣ ਲੱਗੀ
ਲੱਦੇ ਜਾਣ ਵਿਪਾਰੀ
ਨਨਦੇ ਕੀ ਪੁੱਛਦੀ
ਤੇਰੇ ਵੀਰ ਨੇ ਮਾਰੀ ।

ਸੁਣ ਵੇ ਤਾਇਆ ਸੁਣ ਵੇ ਚਾਚਾ
ਸੁਣ ਵੇ ਬਾਬਲਾ ਲੋਭੀ
ਰੰਗ ਦੇ ਕਾਲੇ ਨੂੰ ਤੈਂ
ਮੈਂ ਕੂੰਜ ਕਿਉਂ ਡੋਬੀ ।
ਕਾਲਿਆ ਵੇ ਹਿਰਨਾਂ ਪੀਲਿਆ ਵੇ ਹਿਰਨਾਂ
ਤੇਰੇ ਖੰਭਾਂ ਤੇ ਕੀ ਕੁਝ ਲਿਖਿਆ

CC-0. In Public Domain. Gurukul Kangri Collection, Haridwar

ਤਿੱਤਰ ਤੇ ਮੁਰਗਾਈਆਂ
Digitized by Arya Samaj Foundation Chennai and eGangotri
ਅੱਗੇ ਤਾਂ ਟਪਦਾ ਸੀ ਨੌਂ ਨੌਂ ਕੋਠੇ
ਹੁਣ ਨੀ ਟੱਪੀ ਦੀਆਂ ਖਾਈਆਂ
ਖਾਈ ਟੱਪਦੇ ਦੇ ਵੱਜਿਆ ਕੰਡਾ
ਦਿੱਤੀਆਂ ਰਾਮ ਦੁਹਾਈਆਂ
ਮਾਸ ਮਾਸ ਤੇਰਾ ਕੁਤਿਆਂ ਨੇ ਖਾਧਾ
ਹੱਡੀਆਂ ਹੇਤ ਰਲਾਈਆਂ
ਹੱਡੀਆਂ ਚਿਣ ਚਿਣ
ਪੱਕਾ ਮਹਿਲ ਬਣਾਇਆ
ਵਿਚ ਰਖਾਈ ਮੋਰੀ
ਪਹਿਲਾਂ ਲੰਘ ਗਿਆ
ਸੁੰਦਰ ਤੋਤਾ
ਮਗਰੇ ਲੰਘਗੀ ਗੋਰੀ
ਸੁੰਦਰ ਤੋਤੇ ਦੀ ਝਾਂਜਰ ਡਿੱਗ ਪਈ
ਗੋਰੀ ਦੀ ਡਿੱਗ ਪਈ ਡੋਰੀ
ਰੋਂਦੀ ਚੁਪ ਨਾ ਕਰੇ
ਸਿਖਰ ਦੁਪਹਿਰੇ ਤੋਰੀ।

ਵਿਹੜੇ ਦੇ ਵਿੱਚ ਪਈ ਏਂ ਭਾਬੀਏ
ਚਿੱਟਾ ਚਾਦਰਾ ਤਾਣੀ
ਸਾਨੂੰ ਵੇਖ ਕੇ ਘੁੰਡ ਕੱਢ ਲੈਂਦੀ
ਨਾ ਅੰਨ੍ਹੀ ਨਾ ਕਾਣੀ
ਲਾ ਕੇ ਦੋਸਤੀਆਂ
ਪਾ ਗਈ ਚੁਲ੍ਹੇ ਵਿਚ ਪਾਣੀ।

ਹੋਰਨਾਂ ਦੇ ਜਾਨੀ ਖੁੰਡਾਂ 'ਤੇ ਬਹਿੰਦੇ
ਮੇਰਾ ਜਾਨੀ ਸੱਥ ਵਿਚ ਨੀ
ਜੀਹਦੇ ਸੋਨੇ ਦੀ ਦਾਤਢ
ਹੱਥ ਵਿਚ ਨੀ।

ਚਾਰੇ ਤੇਰੇ ਚਾਰੇ ਰਕਾਨੇ
ਚਾਰੇ ਸਕਰਪਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੇ ਯਾਰ ਦਾ ਰੰਗ ਬਦਾਮੀ
ਦੂਜਾ ਲਵੇ ਹੁਲਾਰੇ
ਤੀਜੇ ਯਾਰ ਦੀ ਸੋਲੀ ਕਣਵੀਂ
ਜਿਉਂ ਬਦਲਾਂ ਵਿਚ ਤਾਰੇ
ਖਾ ਕੇ ਮਿੱਤਰਾਂ ਨੂੰ।
ਨੰਗ ਦੱਸਦੀ ਮੁਟਿਆਰੇ।

ਜੋਬਨ ਦੇ ਵਿਚ ਮੱਚਿਆ ਰਹਿਨੈਂ
ਬਣਿਆ ਰਹਿਨੈਂ ਜਾਂਨੀ
ਭਰਕੇ ਥੱਬਾ ਚੁੱਲੇ ਵਿਚ ਡਾਹ ਦੂੰ
ਉਡ ਜੂ ਰੰਗ ਬਦਾਮੀ
ਜੋਬਨ ਜਿੰਦ ਮੇਰੀ
ਹੋਈਂ ਨਾ ਕਿਸੇ ਦਾ ਸਾਨੀ।

ਸੁਣ ਨੀ ਕੁੜੀਏ ਨੱਚਣ ਵਾਲੀਏ
ਨੱਚਦੀ ਲੱਗੇਂ ਪਿਆਰੀ
ਭੈਣ ਤੇਰੀ ਨਾਲ ਵਿਆਹ ਕਰਵਾ ਲਾਂ
ਤੈਨੂੰ ਬਣਾ ਲਾਂ ਸਾਲੀ
ਹੇਠ ਬਰੋਟੇ ਦੇ
ਦਾਤਣ ਕਰੇ ਕੁਆਰੀ।

ਸੁਣ ਨੀ ਮੀਤੋ ਵਾੜੇ ਦਾਲੀਏ
ਮੈਂ ਹਾਂ ਕਿਹਰ ਸਿਹੁੰ ਨਿਆਣਾਂ
ਪੰਜਾਂ ਸਾਲਾਂ ਨੂੰ ਹੋ ਜਾਊਂ ਗਭਰੂ
ਰੱਬ ਦਾ ਬੀਤ ਜੂ ਭਾਣਾ
ਹਿੱਕ ਨਾਲ ਲੱਗ ਜਾ ਨੀ
ਪਾ ਕੇ ਗੁਲਾਬੀ ਬਾਣਾ।

ਬੀਹਲੇ ਦੀ ਤਾਂ ਜੰਮੀ ਜਾਈ
ਛੱਜਾਂ ਵਾਲ ਵਿਆਹੀ
ਜਰਨੈਲ ਦੀ ਉਹ ਲੱਗੇ ਵਹੁਟੀ
ਚਾਨਣ ਦੀ ਭਰਜਾਈ
ਝਾਂਜਰ ਛਣਕ ਪਈ
ਭੱਜ ਕੇ ਗਿੱਧੇ ਵਿਚ ਆਈ।

CC-0. In Public Domain. Gurukul Kangri Collection, Haridwar

ਪਿੰਡ ਦੀ ਕੁੜੀ ਨੂੰ ਦਿਲ ਦੇ ਦਿੱਤਾ

Digitized by Arya Samaj Foundation Chennai and eGangotri

ਨਾਲ ਜਾਊਗੀ ਲੈ ਵੇ
ਤੇਰੇ ਕੋਲ ਮੁੰਡਿਆ
ਕੀ ਜਾਊਗਾ ਰਹਿ ਵੇ ।

ਢੇਰੇ ਢੇਰੇ ਢੇਰੇ
ਬੋਲੀਆਂ ਸੁਣਾਉਣ ਵਾਲੀਏ
ਦੱਸ ਰੱਬ ਦੇ ਨਾਨਕੇ ਕੇਹੜੇ
ਜਿੱਥੇ ਸੀ ਰੱਬ ਜੰਮਿਆ ਜਾਇਆ
ਉਥੇ ਲੈ ਲਏ ਫੇਰੇ
ਅੱਖ ਨਾਲ ਗੱਲ ਕਰਦੀ
ਬੁੱਲ੍ਹ ਨਾ ਫਰਕਦੇ ਤੇਰੇ ।

ਊਠਾਂ ਵਾਲਿਆਂ ਦੀ ਮਰ ਗਈ ਊਠਣੀ
ਸਣੇ ਸੈਂਕੜੇ ਬੋਰੀ
ਮਾਪਿਆਂ ਦੀ ਧੀ ਮਰ ਜਾਂਦੀ
ਸਣੇ ਪ੍ਰਾਂਦੀ ਡੋਰੀ
ਤਕੀਏ ਬੈਠਾ ਬਾਬਲ ਰੋਏ
ਰੁੜ੍ਹ ਗਈ ਦੰਮਾਂ ਦੀ ਬੋਰੀ
ਸੱਥ ਵਿਚ ਬੈਠਾ ਵੀਰ ਵੀ ਰੋਵੇ
ਮਰ ਗੀ ਅੰਮਾਂ ਦੀ ਜਾਈ
ਅੰਦਰ ਵੜਦੀ ਭਾਬੋ ਰੋਵੇ
ਮਰ ਗੀ ਨਣਦ ਪਿਆਰੀ
ਹੱਲ ਵਾਹੁੰਦਾ ਕੰਤ ਤਾਂ ਰੋਵੇ
ਟੁੱਟ ਗੀ ਹੰਸੋਂ ਜੋੜੀ
ਰੱਬ ਨੇ ਜਨਮ ਦਿੱਤਾ
ਪੀਂਘ ਵਿਚਾਲਿਓਂ ਤੋੜੀ ।

ਊਠਾਂ ਵਾਲਿਓ
ਊਠ ਲੱਦੇ ਵੇ ਲਹੌਰ ਨੂੰ
ਕੱਲੀ ਕੱਤਾਂ ਵੇ
ਘਰ ਘਲਿਓ ਮੇਰੇ ਭੌਰ ਨੂੰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਊਠਾਂ ਵਾਲਿਓ
ਊਠ ਲੱਦੇ ਵੇ ਮੱਤੇ ਨੂੰ
ਹੋਈ ਮੁਟਿਆਰ ਸਿੰਘਾ
ਲੈ ਜਾਈਂ ਵੇ ਕੱਤੇਂ ਨੂੰ।

ਮਾਏ ਨੀ ਮੈਨੂੰ ਰੱਖ ਲੈ ਕੁਆਰੀ
ਕੱਤਿਆ ਕਰੂੰਗੀ ਗੋਹੜਾ
ਵੈਲੀ ਮਾਲਕ ਦਾ
ਲੱਗ ਗਿਆ ਹੱਡਾਂ ਨੂੰ ਝੋਰਾ।

ਊਠਾਂ ਵਾਲਿਓ
ਊਠ ਲੱਦੇ ਵੇ ਚੜਿੱਕ ਨੂੰ
ਸੋਨਾ ਲਿਆਇਓ
ਮੇਰੇ ਕਲਿੱਪ ਨੂੰ

ਝਿਉਰਾਂ ਦੀ ਕੁੜੀ ਨਾਲ ਤੇਰੀ ਵੇ ਦੋਸਤੀ
ਆਉਂਦਾ ਜਾਂਦਾ ਚੱਬ ਦਾਣੇ
ਤੇਰੀ ਲੱਗੀ ਨੂੰ ਬੇਸ਼ਰਮਾਂ ਜੱਗ ਜਾਣੇ।

ਵਿਆਹ ਤਾਂ ਤੇਰਾ ਧਰਿਆ ਕੁੜੀਏ
ਕਿਸੇ ਵੱਲ ਨਾ ਦੇਖੀਂ
ਨਾਭੀ ਤੈਨੂੰ ਸੂਟ ਸਵਾਦੂੰ
ਰੂਪ ਚੜ੍ਹਾਦੂੰ ਕੇਸੀ'
ਜਿਗਰੀ ਯਾਰ ਬੁਰੇ
ਜਾ ਮਿਲਦੇ ਪ੍ਰਦੇਸੀ

ਚਿੱਟਾ ਚੁਬਾਰਾ ਸਬਜ ਪੌੜੀਆਂ
ਵਿੱਚ ਕਾਕਾ ਜੀ ਖੇਲੇ
ਕਾਕਾ ਜੀ ਨੂੰ ਖੰਡ ਦੇ ਖਿਡਾਉਣੇ
ਆਮ ਖਾਸ ਨੂੰ ਝੋਲੇ
ਨਰਮ ਸ਼ਰੀਰਾਂ ਦੇ
ਹੋ ਗਏ ਚਰੀ ਵਿਚ ਮੇਲੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਈਆਂ ਦੀ ਕੁੜੀ ਨਾਲ ਤੇਰੀ ਵੇ ਦੋਸਤੀ।
ਆਉਂਦਾ ਜਾਂਦਾ ਮੰਗ ਪੱਛਣਾਂ
ਵੇ ਬੇਸ਼ਰਮਾਂ ਤੈਨੂੰ ਦੇਵੇ ਦੱਛਣਾਂ।

ਤੇਰੇ ਮਾਰੇ ਨੇ ਵਿਆਹ ਨਾ ਕਰਾਇਆ
ਜੱਗ ਤੋਂ ਛੜਾ ਅਖਵਾਇਆ
ਨੱਤੀਆਂ ਵੇਚ ਕੇ ਲਿਆਇਆ ਖੋਪਾ
ਤੇਰੀ ਝੋਲੀ ਪਾਇਆ
ਸੁਬੀਓਂ ਸੱਪ ਬਣ ਗਈ
ਖਾ ਕੇ ਮਾਲ ਪਰਾਇਆ।

ਕੋਠੇ ਮਗਰ ਲਸੂੜੀਆਂ ਵੇ
ਦਿਨੇਂ ਲੜਦਾ ਤੇ ਰਾਤੀਂ ਗੱਲਾਂ ਗੂੜ੍ਹੀਆਂ ਵੇ।

ਜੇ ਤੂੰ ਸੁਰਮਾਂ ਬਣ ਜੇ ਮੇਲਣੇ
ਮੈਂ ਅੱਖਾ ਵਿਚ ਪਾਵਾਂ
ਮੇਰੇ ਹਾਣ ਦੀਏ
ਤੇਰਾ ਜੱਸ ਗਿੱਧਿਆਂ ਵਿਚ ਗਾਵਾਂ।

ਕੋਠੇ ਚੜ੍ਹ ਕੇ ਵੇਖਣ ਲੱਗਾ
ਵਿਹੜੇ ਵਿੱਚ ਫਿਰੇ ਦਿਵਾਨੀ
ਪੈਰੀਂ ਉਹਦੇ ਸਲੀਪਰ ਕਾਲੇ
ਚਾਲ ਟੁਰੇ ਮਸਤਾਨੀ
ਸਿਰ ਦੇ ਉੱਤੇ ਰਖੇ ਡੋਰੀਆ
ਗਲ ਵਿਚ ਚਾਲੀ ਗਾਨੀ
ਲੈ ਗਈ ਲੁੱਟ ਕੇ ਵੇ
ਪਤਲੀ ਦੀ ਅੱਖ ਮਸਤਾਨੀ।

ਬਾਹਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਤਰ ਵੇ
ਮੇਰੇ ਉਡੇ ਡੋਰੀਆ
ਮਹਿਲਾਂ ਵਾਲੇ ਘਰ ਵੇ।

ਟੁਰਿਆ ਜਾਨਾਂ ਵੇ
ਗੱਲ ਸੁਣ ਜਾ ਖਲੋਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭੈਣ ਨਿਮਾਣੀ ਵੇ
ਵਰ ਮੰਗਦੀ ਟੋਲ ਕੇ ।

ਤੇਰੀ ਮੇਰੀ ਲੱਗ ਗਈ ਸੋਹਣੀਏ
ਜਿਉਂ ਟੱਲੀ ਵਿਚ ਰੈਣਾਂ
ਅੱਧੀ ਰਾਤ ਤੱਕ ਗੱਲਾਂ ਕਰਨੀਆਂ
ਮੁੜ ਕੇ ਦਿਲ ਪਰਚਾਉਣਾ
ਏਸ ਜਵਾਨੀ ਨੇ
ਮੁੜ ਕੇ ਫੇਰ ਨੀ ਆਉਣਾ ।

ਨੀਟਾ ਬਬਲੀ ਦੋਨੋਂ ਭੈਣਾਂ
ਆਈਆਂ ਸਕੂਲੋਂ ਪੜ੍ਹ ਕੇ
ਬਸਤੇ ਉਹਨਾਂ ਨੇ ਰੱਖ ਤੇ ਮੇਜ਼ ਤੇ
ਬਹਿ ਗਈਆਂ ਪਲੰਘ ਤੇ ਚੜ੍ਹਕੇ
ਲਕਸ ਸੋਪ ਤਾਂ ਉਹਨਾਂ ਨੇ ਕੱਢਿਆ
ਮੁਖੜਾ ਧੋਂਦੀਆਂ ਮਲ ਕੇ
ਮੋਮਾਂ ਵਾਲੀ ਵਰਦੀ ਪਾ ਲਈ
ਪੈਰੀਂ ਸਲੀਪਰ ਖੜਕੇ
ਵਿਚ ਦਰਵਾਜ਼ੇ ਦੇ
ਬਾਹਾਂ ਤੁਰਦੀਆਂ ਫੜ ਕੇ
ਮੋਢਿਆਂ ਤੋਂ ਦੀ ਸੁੱਟੇ ਡੋਰੀਏ
ਚਿੱਠਾ ਪੜ੍ਹਦੀਆਂ ਰਲ ਕੇ
ਗੋਲੀ ਨੈਣਾਂ ਦੀ
ਤੈਂ ਕਿਉਂ ਮਾਰੀ ਭਰਕੇ ।

ਘਰ ਤਾਂ ਜਿਨ੍ਹਾਂ ਦੇ ਕੋਲੇ ਕੋਲੀ
ਖੇਤ ਜਿਨ੍ਹਾਂ ਦੀਆਂ ਨਿਆਂਈਆਂ
ਪਾਲੋ ਪਾਲ ਮਣ੍ਹੇ ਗੱਡ ਲੈਂਦੇ
ਗੱਲਾਂ ਕਰਨ ਪਰਾਈਆਂ
ਫੜ ਕੇ ਗੋਪੀਆਂ ਚੜ੍ਹ ਗਈ ਮਣ੍ਹੇ ਤੇ
ਚਿੜੀਆਂ ਖੂਬ ਉਡਾਈਆਂ
ਚਰਖਾ ਚੰਦ ਕੁਰ ਦਾ
ਗਿਣ ਗਿਣ ਮੇਖਾਂ ਲਾਈਆਂ ।

CC-0. In Public Domain. Gurukul Kangri Collection, Haridwar

ਉਚਾ ਬੁਰਜ ਬਰੋਬਰ ਮੋਰੀ
Digitized by Arya Samaj Foundation Chennai and eGangotri
ਦੀਵਾ ਕਿਸ ਵਿਚ ਧਰੀਏ
ਚਾਰੇ ਨੈਣ ਕਟਾ ਵੱਢ ਹੋ ਗਏ
ਹਾਮੀ ਕਿਸ ਦੀ ਭਰੀਏ
ਨਾਰ ਬਿਗਾਨੀ ਦੀ
ਬਾਂਹ ਨਾ ਮੂਰਖਾ ਫੜੀਏ ।

ਤੇਰਾ ਮਾਰਾ ਮੈਂ ਚੜ੍ਹਿਆ ਕਿੱਕਰ ਤੇ
ਤੂੰ ਦਾਤਣ ਨਾ ਕੀਤੀ
ਅੱਗੇ ਤਾਂ ਲੰਘਦੀ ਹੱਸਦੀ ਖੇਡਦੀ
ਅੱਜ ਲੰਘ ਗਈ ਚੁੱਪ ਕੀਤੀ
ਤੂੰ ਤਾਂ ਲੰਘ ਗਈ ਮਾਰ ਕੇ ਰੋੜਾ
ਮੇਰੀ ਸੀ ਘੁੱਟ ਪੀਤੀ
ਨੀ ਤੂੰ ਪ੍ਰਦੇਸੀ ਨਾਲ
ਜੱਗੋਂ ਤੇਰ੍ਹਵੀਂ ਕੀਤੀ ।

ਵਗਦੀ ਰਾਵੀ ਦੇ ਵਿੱਚ ਸੁੱਟਦੀਆਂ ਮੇਖਾਂ
ਬਣ ਪਟਵਾਰੀ ਤੈਨੂੰ ਲਿਖਦੇ ਨੂੰ ਵੇਖਾਂ ।

ਵਗਦੀ ਰਾਵੀ ਦੇ ਵਿੱਚ
ਦੋ ਜਣੇ ਨਹਾਉਂਦੇ
ਚੱਕ ਦੇ ਪੱਲਾ ਨੀ
ਤੇਰੇ ਪੈਰੀਂ ਹੱਥ ਲਾਉਂਦੇ ।

ਢਾਇਆ
ਵੇ ਰਾਤੀ ਰੋਂਦਾ ਸੀ
ਰੋਂਦਾ ਮਸਾਂ ਵਰਾਇਆ ।

ਆਰਜ਼ਾਂ ਮੇਰੀਆਂ ਕਾਹਤੋਂ ਕਰਨੈਂ
ਮੈਂ ਹਾਂ ਧੀ ਬਿਗਾਨੀ
ਹੋਰ ਵਿਆਹ ਲਿਆ
ਦਿਲ ਪਰਚਾ ਲੈ
ਬਣ ਜਾ ਦਿਲਾਂ ਦਾ ਜਾਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੈਨੂੰ ਨਹੀਂ ਲੱਭਣੀ
ਜਿਸ ਦਾ ਰੰਗ ਬਦਾਮੀ ।

ਏਸ ਜੁਆਨੀ ਦਾ ਮਾਣ ਨਾ ਕਰੀਏ
ਇਹ ਘੁੱਤਨਾਂ ਦੀ ਘੇਰੀ
ਅੱਧੀ ਉਮਰ ਮੇਰੀ ਤੈਨੂੰ ਲੱਗ ਜੇ
ਅੱਧੀ ਮੈਨੂੰ ਬਥੇਰੀ
ਰੱਬ ਅਗੇ ਹੱਥ ਬੰਨ੍ਹਦਾ
ਕਰਦਾ ਅਰਜ ਮੈਂ ਤੇਰੀ ।

ਸੱਪ ਤਾਂ ਮੇਰੇ ਕਾਹਤੋਂ ਲੜ ਜਾਏ
ਮੈਂ ਮਾਪਿਆਂ ਨੂੰ ਪਿਆਰੀ
ਮਾਂ ਤਾਂ ਮੇਰੀ ਦਾਜ ਬਣਾਵੇ
ਸਣੇ ਬਾਗ ਫੁਲਕਾਰੀ
ਹਟ ਕੇ ਬਹਿ ਮਿੱਤਰਾ
ਸਭ ਨੂੰ ਜੁਆਨੀ ਪਿਆਰੀ ।

ਲੋਕਾਂ ਨੇ ਤਾਂ ਪਾ ਲਏ ਬਾਲੇ ਸ਼ਤੀਰੀਆਂ
ਤੂੰ ਕਿਉਂ ਛੱਤ ਲਈ ਛੰਨ ਮੁੰਡਿਆ
ਤੇਰੀ ਗੜਵੇ ਵਰਗੀ ਰੰਨ ਮੁੰਡਿਆ ।

ਟਿਬਿਆਂ ਦੇ ਵਿੱਚ ਫੜ ਲੀ ਕੁੜੀਏ
ਛੁੱਟਗੀ ਰੌਲਾ ਪਾ ਕੇ
ਮਾਪੇ ਤੇਰੇ ਖਾਂਟ ਸੁਣੀਂਦੇ
ਮਰ ਜਾਂਦੇ ਵਿਹੁ ਖਾ ਕੇ
ਹੁਣ ਕਿਉਂ ਰੋਨੀ ਏ
ਮਿੱਤਰਾਂ ਨੂੰ ਸਜਾ ਕਰਾ ਕੇ ।

ਸੁਣ ਨੀ ਕੁੜੀਏ ਮਛਲੀ ਵਾਲੀਏ
ਮਛਲੀ ਨਾ ਚਮਕਾਈਏ
ਵਿਰ ਦੀ ਵੀਰਾਂ ਦੇ
ਨੀਵੀਂ ਪਾ ਲੰਘ ਜਾਈਏ ।
ਸੁਣ ਵੇ ਮੁੰਡਿਆ ਕੈਂਠੇ ਵਾਲਿਆ
ਕੈਂਠਾ ਨਾ ਚਮਕਾਈਏ

CC-0. In Public Domain. Gurukul Kangri Collection, Haridwar

ਵੇ ਜੀਹਦੀ ਬਾਂਹ ਫੜੀਏ
Digitized by Arya Samaj Foundation Chennai and eGangotri
ਸਿਰ ਦੇ ਨਾਲ ਨਿਭਾਈਏ ।

ਖਿੰਦਰ ਦਿਉਰ ਨੇ ਭੰਨਤੀ ਕਾੜ੍ਹਨੀ
ਜੌੜੇ ਭੰਨਤੇ ਹਾਰੇ
ਡੋਲਿਆਂ ਕੋਲੋਂ ਬਾਂਹ ਫੜ ਲੈਂਦਾ
ਲੋਕ ਖਲੋਤੇ ਸਾਰੇ
ਬਾਹਰੋਂ ਆਏ ਨੂੰ
ਰੋਗ ਸੁਣਾ ਤੇ ਸਾਰੇ ।

ਸੜਕੇ ਸੜਕ ਮੈਂ ਰੋਟੀ ਲਈ ਜਾਨੀ ਆ
ਉਤੇ ਰੁੜ੍ਹ ਗਈ ਲੱਸੀ
ਨਣਾਨੇਂ ਮੋਰਨੀਏ
ਘਰ ਜਾ ਕੇ ਨਾ ਦੱਸੀਂ ।

ਨੌਕਰ ਨੂੰ ਧੀ ਦਈਂ ਨਾ ਬਾਬਲਾ
ਹਾਲੀ ਪੁਤ ਬਥੇਰੇ
ਨੌਕਰ ਨੇ ਤਾਂ ਚੁੱਕ ਲਿਆ ਖਿਸਤਰਾ
ਹੋ ਗਿਆ ਗੱਡੀ ਦੇ ਨੇੜੇ
ਨੌਕਰ ਨਾਲੋਂ ਐਵੇਂ ਚੰਗੀ
ਦਿਨ ਕੱਟ ਲਊਂ ਘਰ ਤੇਰੇ
ਨੌਕਰ ਨੂੰ ਦੋ ਗੰਢੇ ਤੜਕ ਦਿਆਂ
ਹਾਲੀ ਨੂੰ ਦੋ ਭੂਕਾਂ
ਪੈ ਗਿਆ ਪਿੱਠ ਕਰਕੇ
ਕੀ ਸੋਹਣੇ ਨੂੰ ਫੂਕਾਂ ।

ਜੇ ਮੁੰਡਿਆ ਤੇਰੇ ਬਲਦ ਤਿਹਾਏ
ਪਾਣੀ ਪਿਆ ਲੈ ਆੜਾਂ ਤੋਂ
ਵੇ ਮੈਂ ਕੂੰਜ ਵਿਛੜ ਗਈ ਡਾਰਾਂ ਤੋਂ ।

ਜੇ ਮੁੰਡਿਆ ਤੇਰੇ ਬਦਲ ਤਿਹਾਏ
ਪਾਣੀ ਪਿਆ ਲੈ ਹੋਰ ਮੁੰਡਿਆ
ਦਿੱਲੀ ਛੱਡ ਬਲਦਾਂ ਦੀ ਡੋਰ ਮੁੰਡਿਆ ।

CC-0. In Public Domain. Gurukul Kangri Collection, Haridwar

ਹਰੀਆਂ ਬੋਤਲਾਂ ਪੀਲੀਆਂ ਬੋਤਲਾਂ
Digitized by Arya Samaj Foundation Chennai and eGangotri
ਹੈ ਨਹੀਂ ਬੋਤਲ ਕਾਲੀ
ਤੜਕੇ ਭਾਲੇਂਗਾ
ਨਰਮ ਕਾਲਜੇ ਵਾਲੀ ।

ਹਾਂ ਵੜੀਆਂ ਵੇ ਹੂੰ ਵੜੀਆਂ
ਲੰਮੀ ਪੀਂਘ ਦਾ ਹੁਲਾਰਾ
ਟੁਟ ਗਈਆਂ ਲੜੀਆਂ ।

ਹਾਂ ਵੜੀਆਂ ਵੇ ਹੂੰ ਵੜੀਆਂ
ਤੇਰੇ ਦੰਦਾਂ ਵਿਚ ਮੇਖਾਂ ਕਿੰਨੇ ਜੜੀਆਂ

ਨੀਲੇ ਘੋੜੇ ਵਾਲਿਆ
ਤੇਰਾ ਸੱਭ ਕੁਝ ਨੀਲੋ ਨੀਲ
ਨੀਲ ਵਿਚਾਰਾ ਕੀ ਕਰੇ
ਜਦ ਝੂਠੇ ਪਏ ਵਕੀਲ
ਰਾਂਝਨਾਂ ਮੋੜੀਂ ਵੇ ਰੁੱਸੀ ਜਾਂਦੀ ਹੀਰ ।

ਰਾਵੀ ਦੇ ਜੋ ਪਾਰ ਵੀਰਨੋਂ
ਸਰਸਾ ਪਿੰਡ ਬਤਾਉਂਦੇ
ਉਸ ਨਗਰ ਵਿਚ ਜਨਮੀ ਬੇਗ
ਮਾਪੇ ਖੁਸ਼ੀ ਮਨਾਉਂਦੇ
ਗਰਮ ਲੈਚੀਆਂ ਗਰਮ ਮਸਾਲਾ
ਸਬਜ਼ੀ ਖੂਬ ਬਣਾਉਂਦੇ
ਖਾਣ ਪੀਣ ਦੀ ਕਮੀ ਕੋਈ ਨਾ
ਪਲ ਪਲ ਰੰਗ ਵਟਾਵੇ
ਗਰਦਣ ਬੇਗੋ ਦੀ ਮੋਰ ਵਾਂਗ ਲਚਕਾਵੇ ।

ਸਾਬਣ ਥੋੜ੍ਹਾ ਮੈਲ ਬਥੇਰੀ
ਖੂਹ ਤੇ ਬੈਠਾ ਰੋਵੇ
ਮਾਪਿਆਂ ਵਾਹਰੇ ਦਾ
ਕੌਣ ਚਾਦਰਾ ਧੋਵੇ ।
ਉਚੇ ਟਿਬੇ ਮੈਂ ਤਾਣਾ ਤਣਦੀ
ਉੱਤੋਂ ਦੀ ਲੰਘ ਗਿਆ ਘੋਗੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
[illegible]
ਮੈਂ ਨਿਆਣੀ ਤੂੰ ਚੋਬਰ ।

ਮਹਿੰਦੀ ਮਹਿੰਦੀ ਸਭ ਜੱਗ ਕਹਿੰਦਾ
ਮੈਂ ਆਖ ਦਿਆਂ ਮਹਿੰਦੀ
ਹੇਠਾਂ ਕੂੰਡੀ ਉਤੇ ਸੋਟਾ
ਭਾਰ ਦੋਹਾਂ ਦਾ ਸਹਿੰਦੀ
ਘੋਟ ਘੋਟ ਮੈਂ ਹੱਥਾਂ ਨੂੰ ਲਾਵਾਂ
ਫੋਲਕ ਬਣ ਬਣ ਲਹਿੰਦੀ
ਤੇਰੇ ਦਰਸ਼ਨ ਦੀ
ਭੁੱਖ ਨਾ ਕਾਲਜਿਉਂ ਲਹਿੰਦੀ ।

ਖੁਲ੍ਹਾ ਕੁੜਤਾ ਰੇਬ ਪਜਾਮਾਂ
ਭੀੜਾ ਫੈਸ਼ਨ ਪਾਇਆ
ਤੇਰਿਆਂ ਨੈਣਾਂ ਤੇ
ਜਾਨ ਹੌਲਕੇ ਆਇਆ ।

ਫੂਸ ਹੁੰਦੀ ਜਾਨੀ ਆਂ
ਬੱਗੀ ਹੁੰਦੀ ਜਾਨੀ ਆਂ
ਤੇਰੇ ਗਮ ਨੇ ਖਾ ਲਈ
ਵੇ ਮੈਂ ਅੱਧੀ ਹੁੰਦੀ ਜਾਨੀ ਆਂ ।

ਆਰ ਵੇ
ਰੰਗ ਕਾਲਾ ਹੋ ਗਿਆ
ਤੇਰੇ ਹੰਦੇਸੇ ਨਾਲ ਵੇ ।

ਰੜਕੇ ਰੜਕੇ ਰੜਕੇ
ਛੜਿਆਂ ਨੇ ਅੰਬ ਤੜਕੇ
ਬੇਗੋ ਆਈ ਆ ਕੌਲੀਆਂ ਫੜਕੇ
ਆਉਂਦੀ ਨੂੰ ਖਾ ਵੀ ਲਏ
ਬੇਗੋ ਮੁੜ ਗਈ ਢਿੱਲੇ ਜਿਹੇ ਬੁੱਲ੍ਹ ਕਰਕੇ
ਬੇਗੋ ਨਾ ਜਾ ਨੀ
ਆਪਾਂ ਚਲਾਂਗੇ ਪਹਿਰ ਦੇ ਤੜਕੇ
ਝਾਂਜਰ ਬੇਗੋ ਦੀ
ਉਤਲੇ ਚੁਬਾਰੇ ਖੜਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੱਛੀ ਬਣ ਜਾਨੀ ਆਂ
ਕਬਾਬ ਬਣ ਜਾਨੀ ਆਂ
ਬੋਤਲਾਂ 'ਚ ਪਾ ਲੈ ਵੇ
ਸ਼ਰਾਬ ਬਣ ਜਾਨੀ ਆਂ ।

ਖੱਦਰ ਲਿਆਂਦਾ ਮਾਪਿਆਂ ਤੋਂ
ਤੇ ਲੱਠਾ ਲਿਆਂਦਾ ਭਾਲ ਕੇ
ਹਾਏ ਉਏ ਦਿੱਲੀ ਲੁੱਟੀ
ਦੁਪਿਹਰੇ ਦੀਵਾ ਬਾਲ ਕੇ ।

ਦੀਨੇ ਕੋਲ ਪਦੀਨਾ
ਤੂੰ ਮੈਨੂੰ ਪਟਿਆ ਵੇ
ਸਾਈਕਲ ਦਿਆ ਸ਼ਕੀਨਾ ।

ਨਵੇਂ ਫੈਸ਼ਨ ਦੀ ਕੁੜਤੀ ਪਾ ਕੇ
ਮੂੰਹ ਤੇ ਭੁੱਕਿਆ ਧੂੜਾ
ਚੱਕੀ ਦੇ ਪੁੜ ਵਰਗਾ
ਚਲ ਪਿਆ ਜਲੇਬੀ ਜੂੜਾ ।

ਆਉਣ ਨ੍ਹੇਰੀਆਂ ਵੇ ਜਾਣ ਨ੍ਹੇਰੀਆਂ
ਸੱਥ ਦੇ ਵਿਚਾਲੇ ਗੱਲਾਂ ਹੋਣ ਤੇਰੀਆਂ ।

ਬਾਹਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਮਹਿੰਦੀ
ਕਾਹਨੂੰ ਵਿਆਹੀ ਸੀ ਵੇ ਜ਼ਾਲਮਾਂ
ਕੁਆਰੀ ਰਹਿੰਦੀ ।

ਬੇਰੀਏ ਨੀ ਤੈਨੂੰ ਬੇਰ ਲਗਣਗੇ
ਵਣਾਂ ਦੇ ਵਿਚ ਪੀਲ੍ਹਾਂ
ਜੋਗੀ ਜੇ ਹੋਵਾਂ
ਤੈਨੂੰ ਭਾਬੀਏ ਕੀਲਾਂ

ਬਾਹਰੀਂ ਬਰਸੀਂ ਖੱਟਣ ਗਿਆ
ਖੱਟ ਕੇ ਲਿਆਂਦੇ ਮਾਊਂ
ਨੀ ਬਹਿ ਜਾਂ ਮੇਰੇ ਸਾਈਕਲ ਤੇ
ਟੱਲੀਆਂ ਵਜਾਉਂਦਾ ਜਾਊਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਲ ਗਈ ਵੇ
ਚੰਦ ਛਿਪ ਗਿਆ
ਚੁਬਾਰਾ ਤੇਰਾ ਭੁਲ ਗਈ ਵੇ।

ਵੇ ਚੀਲ੍ਹ ਚੀਰਦਾ
ਵੇ ਕੀ ਟਾਹਲੀਆਂ ਦੇ ਬੂਰ
ਵੇ ਨਾ ਮਾਰ ਜ਼ਾਲਮਾਂ
ਵੇ ਲੈਂ ਅੱਖੀਆਂ ਦੀ ਘੂਰ।

ਹੁਲ ਗਈ ਵੇ
ਜਿੰਦ ਆਸ਼ਕਾਂ ਦੇ
ਤਕੜੇ ਤੁਲ ਗਈ ਵੇ।

ਬਾਹਰੀਂ ਬਰਸੀਂ ਖੱਟਣ ਗਿਆ
ਖੱਟ ਕੇ ਲਿਆਂਦਾ ਟਾਂਡਾ
ਵੇ ਜੱਧਿਆ ਸਾਈਕਲ ਦਿਆ
ਨਿਤ ਪੈਂਚਰ ਹੋ ਜਾਂਦਾ।

ਜੱਟ ਜੱਟੀ ਨੂੰ ਕੁਟਣ ਲੱਗਾ
ਝੋਲੀ ਪਾਏ ਮਰੀਂਡੇ
ਜੱਟੀਏ ਮੁੜ ਆ ਨੀ
ਖਿੜੇ ਕਪਾਹ ਦੇ ਟੀਂਡੇ।

ਰੜਕੇ ਰੜਕੇ ਰੜਕੇ ਵੇ
ਤੇਰੀ ਮਾਂ ਘੱਗਰੀ ਨੂੰ ਤਰਸੇ ਵੇ।

ਰਾਂਝਾ ਤਾਂ ਮੇਰਾ
ਫੁੱਲਾਂ ਦਾ ਸ਼ੌਕੀ
ਫੁੱਲਾਂ ਦੀ ਸੇਜ ਵਿਛਾਉਂਦਾ ਨੀ
ਸੁੱਤੀ ਪਈ ਨੂੰ
ਜਗਾ ਕੇ ਦੁੱਧ ਪਿਆਉਂਦਾ ਨੀ। (ਜਾਂ)
ਪੱਲਾ ਡੋਰੀਏ ਦਾ
ਮਾਰਕੇ ਜਗਾਉਂਦਾ ਨੀ। (ਜਾਂ)
ਉਠ ਹੀਰੇ ਦੁਪਹਿਰੇ ਆਉਂਦਾ ਨੀ। (ਜਾਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਂਦੇ ਚੁਕ ਕੇ
ਸਰ੍ਹਾਣੇ ਵੱਲ ਪਾਉਂਦਾ ਨੀ ।

ਰੜਕੇ ਰੜਕੇ ਰੜਕੇ ਵੇ
ਤੇਰੀ ਮਾ ਤੇ ਬਾਣੀਆਂ ਲੜਪੇ ਵੇ ।

ਰੜਕੇ ਰੜਕੇ ਰੜਕੇ ਵੇ
ਤੈਨੂੰ ਕੰਜਰੀ ਬੁਲਾਵੇ
ਵਡੇ ਤੜਕੇ ਵੇ ।

ਚਾਂਦੀ ਨੀ
ਨੀ ਵਿਚ ਵਾਹਣਾ ਦੇ
ਕੋਇਲ ਕੂਕਦੀ ਜਾਂਦੀ ।

ਅੰਬ ਕੋਲ ਇਮਲੀ ਨੀ
ਜੰਡ ਕੋਲ ਟਾਹਲੀ
ਅਕਲ ਬਿਨਾਂ ਨੀ
ਗੋਰਾ ਰੰਗ ਜਾਵੇ ਖਾਲੀ ।

ਸੁਣ ਨੀ ਕੁੜੀਏ ਮਛਲੀ ਵਾਲੀਏ
ਮਛਲੀ ਰੱਖਦੀ ਧੋ ਕੇ
ਨੌਕਰ ਉਠ ਜੂਗਾ
ਤੇਰੀ ਜਾਨ ਨੂੰ ਰੋ ਕੇ ।

ਜਾ ਨੀ ਕੁੜੀਏ ਪੱਤਾ ਤੋੜ ਲਿਆ
ਟਾਹਣੇ ਨੂੰ ਹੱਥ ਪਾ ਕੇ
ਪੱਤੇ ਤਾਂ ਤੈਥੋਂ ਟੁਟਣੋਂ ਰਹਿ ਗਏ
ਬਹਿ ਗਈ ਲੱਤ ਤੁੜਾ ਕੇ
ਅੱਖਾਂ ਤਾਂ ਤੇਰੀਆਂ ਗੋਲ ਵੈਂਗਣੀ
ਮੂੰਹ ਤੇ ਪਈਆਂ ਛਾਹੀਆਂ
ਰੂਪ ਗੁਆ ਲਿਆ ਨੀ
ਪਿੰਡ ਦੇ ਮੁੰਡੇ ਨਾਲ ਲਾਈਆਂ ।

CC-0. In Public Domain. Gurukul Kangri Collection, Haridwar

ਕਿਕਰਾਂ ਵੀ ਲੰਘ ਆਈ
Digitized by Arya Samaj Foundation Chennai and eGangotri
ਬੇਰੀਆਂ ਵੀ ਲੰਘ ਆਈ
ਲੰਘਣੇ ਰਹਿ ਗਏ ਕਰੀਰ
ਕੁੜਤੀ ਮਲਮਲ ਦੀ
ਭਖ ਭਖ ਉਠੇ ਸਰੀਰ ।

ਵਗਦੀ ਰਾਵੀ ਦੇ ਵਿਚ
ਰੁੜ੍ਹਨ ਸ਼ਤੀਰ ਵੇ
ਮਾਣ ਜਵਾਨੀ ਢੋਲਾ
ਜਾਣਾ ਤਾਂ ਅਖੀਰ ਵੇ ।

ਵਗਦੀ ਰਾਵੀ ਦੇ ਵਿਚ
ਰੁੜ੍ਹਦੇ ਪਤਾਸੇ
ਟੁਰ ਗਿਐਂ ਚੰਨਾਂ
ਨਾਲ ਲੈਗਿਉਂ ਹਾਸੇ ।

ਆਉਣ ਜਾਣ ਨੂੰ ਨੌਂ ਦਰਵਾਜ਼ੇ
ਰਿਸਕ ਜਾਣ ਨੂੰ ਮੋਰੀ
ਕੱਢ ਕੇ ਕਾਲਜਾ ਤੈਨੂੰ ਦਿੱਤਾ
ਦਿਤਾ ਮਾਪਿਆਂ ਤੋਂ ਚੋਰੀ
ਚੂਪ ਚਾਪ ਕੇ ਇਉਂ ਸੁੱਟ ਦਿੱਤਾ
ਜਿਉਂ ਗੰਨੇ ਦੀ ਪੋਰੀ
ਰਾਂਝਾ ਬੇ-ਮੁਖੀਆ
ਤੁਰ ਗਿਆ ਹੀਰ ਤੋਂ ਚੋਰੀ ।

ਆਉਣ ਜਾਣ ਨੂੰ ਨੌਂ ਦਰਵਾਜ਼ੇ
ਰਿਸਕ ਜਾਣ ਨੂੰ ਮੋਰੀ
ਕੱਢ ਕਾਲਜਾ ਤੈਨੂੰ ਦਿੱਤਾ
ਦਿੱਤਾ ਮਾਪਿਆਂ ਤੋਂ ਚੋਰੀ
ਦਰਸ਼ਨ ਦੇਹ ਕੁੜੀਏ
ਦੇਹ ਘਰਦਿਆਂ ਤੋਂ ਚੋਰੀ ।

ਹੋਰਨਾਂ ਦੇ ਜਾਨੀ ਮਧਰੇ ਖਦਰੇ
ਮੇਰਾ ਜਾਨੀ ਲੰਮਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਸਰਬੀ ਭੋਏਂ ਦਾ ਗੰਨਾਂ ।

ਆਉਣ ਜਾਣ ਨੂੰ ਨੌਂ ਦਰਵਾਜੇ
ਰਿਸਕ ਜਾਣ ਨੂੰ ਤਾਕੀ
ਸੋਹਣੀ ਸੂਰਤ ਦੀ
ਰੱਖਣੀ ਪਊਗੀ ਰਾਖੀ ।

ਆਉਣ ਜਾਣ ਨੂੰ ਨੌਂ ਦਰਵਾਜੇ
ਰਿਸਕ ਜਾਣ ਨੂੰ ਤਾਕੀ
ਸੋਹਣੀ ਵਿਆਹ ਲਿਆਊਂਗਾ
ਬੁੜ੍ਹਾ ਬਿਠਾ ਦੂੰ ਰਾਖੀ ।

ਰੜਕੇ
ਨੰਗਾਂ ਦੇ ਵਿਆਹੀ
ਕਿਥੋਂ ਪਰੀਬੰਦ ਛਣਕੇ ।

ਮਰਨ ਗਰੀਬਾਂ ਦਾ
ਡਾਢੇ ਦੀ ਸਰਦਾਰੀ ।

ਗਿੱਧਾ ਗਿੱਧਾ ਕਰੇਂ ਮੇਲਣੇ
ਗਿੱਧਾ ਪਊ ਬਥੇਰਾ
ਲੋਕ ਘਰਾਂ ਤੋਂ ਜੁੜ ਕੇ ਆ ਗਏ
ਲਾ ਬੁਦੜਾ ਲਾ ਡੇਰਾ
ਝਾਤੀ ਮਾਰ ਕੇ ਵੇਖ ਉਤਾਂਹ ਨੂੰ
ਭਰਿਆ ਪਿਆ ਬਨੇਰਾ
ਤੈਨੂੰ ਧੁਪ ਲਗਦੀ
ਸੜੇ ਕਾਲਜਾ ਮੇਰਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੰਗੜੇ ਦੀਆਂ ਬੋਲੀਆਂ

ਮਨੁੱਖਾਂ ਦੀ ਕਵਿਤਾ ਵਿਚ ਭੰਗੜਾ, ਧਮਾਲ, ਬਾਘੀ, ਲੁੱਡੀ, ਆਦਿ ਮਨ ਪਰਚਾਵੇ ਦੇ ਸਾਧਨ ਹਨ। ਪੰਜਾਬ ਵਿਚ ਇਨ੍ਹਾਂ ਵਿਚੋਂ ਭੰਗੜੇ ਦੀਆਂ ਬੋਲੀਆਂ ਵਧੇਰੇ ਹਰਮਨ ਪਿਆਰੀਆਂ । ਉਹ ਵੱਖ ਵੱਖ ਤਿਉਹਾਰਾਂ ਜਾਂ ਦਿਨ ਦਿਹਾੜਿਆਂ ਉਤੇ ਇਕੱਠੇ ਹੋਕੇ ਬੋਲੀਆਂ ਪਾਉਂਦੇ ਤੇ ਨੱਚਦੇ ਕੁੱਦਦੇ ਹਨ। ਅਸਲ ਵਿਚ ਮਨੁੱਖਾਂ ਦਾ ਕਾਵਿ ਔਰਤਾਂ ਤੋਂ ਭਾਰੀ ਹੁੰਦਾ ਹੈ । ਔਰਤਾਂ ਜੇ ਗੀਤਾਂ ਸਮੇਂ ਢੋਲਕੀ ਵਜਾਉਂਦੀਆਂ ਹਨ ਤਾਂ ਮਰਦ ਢੋਲ ।

ਬਣਤਰ ਦੇ ਪੱਖ ਤੋਂ ਭੰਗੜੇ ਦੀਆਂ ਬੋਲੀਆਂ ਤੇ ਟੱਪਿਆਂ ਵਿਚ ਬਹੁਤਾ ਅੰਤਰ ਨਹੀਂ। ਅੰਤਰ ਕੇਵਲ ਏਨਾ ਹੈ ਕਿ ਭੰਗੜੇ ਦੀਆਂ ਬੋਲੀਆਂ ਵਿਚ ਆਪਣੇ ਭਾਵਾਂ ਨੂੰ ਰਾਗ ਵਿਚ ਪੇਸ਼ ਕਰਨ ਅਤੇ ਕਾਫੀਆ ਮੇਲਣ ਲਈ, ਸਾਡੇ ਨਿੱਤ ਦੇ ਜੀਵਨ ਦੀ ਕਿਸੇ ਚੀਜ਼ ਦਾ ਸਹਾਰਾ ਲਿਆ ਜਾਂਦਾ ਹੈ ਤਾਂ ਕਿ ਅਗੋਂ ਉਚਾਰੀ ਜਾਣ ਵਾਲੀ ਗੱਲ ਪੂਰੇ ਬਲ ਨਾਲ ਉਚਾਰੀ ਜਾ ਸਕੇ। ਟੱਪੇ ਵਿਚ ਇਹ ਗੱਲ ਨਹੀ ਹੁੰਦੀ। ਪੰਜਾਬੀ ਵਿਚ ਪ੍ਰਚਲਤ ਭੰਗੜੇ ਦੀਆਂ ਕੁਝ ਬੋਲੀਆਂ ਪੇਸ਼ ਹਨ :—

ਪਿੰਡਾਂ ਵਿਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਰੂੜਾ
ਰੂੜੇ ਦੀਆਂ ਦੋ ਕੁੜੀਆਂ ਸੁਣੀਂਦੀਆਂ
ਕਰਦੀਆਂ ਗੋਹਾ ਕੂੜਾ
ਆਉਂਦੇ ਜਾਂਦੇ ਨਾਲ ਹੱਥ ਮਿਲਾਉਂਦੀਆਂ
ਡਾਹੁੰਦੀਆਂ ਲਾਲ ਪੰਘੂੜਾ
ਹਾਰੇ ਵਿਚਲਾ ਦੁਧ ਕੱਢ ਲਿਆਉਂਦੀਆਂ
ਕੋਠੀ ਵਿਚਲਾ ਬੂਰਾ
ਬਾਂਹ ਛੱਡ ਵੇ ਮਿੱਤਰਾ
ਟੁੱਟ ਜੂ ਕੱਚ ਦਾ ਚੂੜਾ। (ਜਾਂ)
ਰਾਤੀਂ ਰੋਂਦੀ ਦਾ
ਭਿੱਜ ਗਿਆ ਲਾਲ ਪੰਗੂੜਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡਾਂ ਵਿਚੋਂ ਪਿੰਡ ਸਲਾਹੀਏ
ਪਿੰਡ ਸਲਾਹੀਏ ਖਿਆਲਾ
ਖਿਆਲੇ ਦੇ ਵਿੱਚ ਤੂਤ ਸੁਣੀਂਦਾ,
ਤੂਤ ਤੂਤੀਆਂ ਵਾਲਾ
ਉਤਲੀ ਟਾਹਲੀ ਤੋਤਾ ਬੈਠਾ
ਗਲ ਮੂੰਗਾਂ ਦੀ ਮਾਲਾ
ਨੀ ਤੂੰ ਆ ਗੋਰੀਏ
ਲਾਈਂ ਮੈਨੂੰ ਨਾ ਤੂੰ ਲਾਰਾ ।

ਪਿੰਡਾਂ ਵਿਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਮੋਗਾ,
ਉਰਲੇ ਪਾਸੇ ਢਾਬ ਸੁਣੀਂਦੀ ਪਰਲੇ ਪਾਸੇ ਟੋਬਾ,
ਟੋਬੇ ਤੇ ਇਕ ਸਾਧੂ ਰਹਿੰਦਾ,
ਚੰਗੀ ਸੁਣੀਂਦੀ ਸੋਭਾ,
ਆਉਂਦੀ ਜਾਂਦੀ ਨੂੰ ਘੜਾ ਚੁਕਾਉਂਦਾ,
ਮਗਰੋਂ ਮਾਰਦਾ ਗੋਡਾ,
ਇਹ ਗੱਲ ਯਾਦ ਰੱਖੀਂ,
ਮੁੰਡਾ ਜੰਮੂਗਾ ਰੋਡਾ ।

ਪਿੰਡਾਂ ਵਿਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਮਾੜੀ
ਮਾੜੀ ਦੀਆਂ ਦੋ ਕੁੜੀਆਂ ਸੁਣੀਂਦੀਆਂ
ਇਕ ਪਤਲੀ ਇਕ ਭਾਰੀ
ਪਤਲੀ ਤੇ ਤਾਂ ਹਰਾ ਡੋਰੀਆ
ਭਾਰੀ ਤੇ ਫੁਲਕਾਰੀ
ਪਤਲੀ ਨੇ ਤਾਂ ਵਿਆਹ ਕਰਵਾ ਲਿਆ
ਭਾਰੀ ਅਜੇ ਕੁਆਰੀ
ਆਪੇ ਲੈ ਜਾਊਗਾ
ਜੀਹਨੂੰ ਲੱਗੀ ਪਿਆਰੀ ।

ਪਿੰਡਾਂ ਵਿਚੋਂ ਪਿੰਡ ਸੁਣੀਂਦਾ
ਪਿੰਡ ਸੁਣੀਂਦਾ ਰਣੀਆਂ
ਉਰਲੇ ਪਾਸੇ ਨ੍ਹੇਰੀ ਸੁਣੀਂਦੀ
ਪਰਲੇ ਪਾਸੇ ਕਣੀਆਂ

CC-0. In Public Domain. Gurukul Kangri Collection, Haridwar

ਕੁੜਤੀ ਭਿੱਜਕੇ ਹਿੱਕ ਨਾਲ ਲੱਗ ਗਈ
Digitized by Arya Samaj Foundation Chennai and eGangotri
ਸੁਰਮਾਂ ਬਣ ਗਿਆ ਡਲੀਆਂ
ਰਾਤ ਲੰਘਾ ਮਿੱਤਰਾ
ਮੇਰੀ ਜਾਨ ਨੂੰ ਬਣੀਆ ।

ਪਿੰਡਾਂ ਵਿਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਡਾਲਾ
ਡਾਲੇ ਦਾ ਇਕ ਤੂਤ ਸੁਣੀਂਦਾ
ਤੂਤ ਤੂਤੀਆਂ ਵਾਲਾ
ਲੰਮੀ ਲਗਰ ਤੇ ਤੋਤਾ ਬੈਠਾ
ਗਲ ਮੂੰਗਾਂ ਦੀ ਮਾਲਾ
ਨਾ ਉਹ ਖਾਂਦਾ ਕੁੱਟੀਆਂ ਚੂਰੀਆਂ
ਨਾ ਉਹ ਖਾਂਦਾ ਮੇਵਾ
ਨਾਰ ਬਿਗਾਨੀ ਦੀ ਮੂਰਖ ਕਰਦੇ ਸੇਵਾ ।

ਬਾਰ੍ਹੀ ਬਰਸੀ ਖੱਟਣ ਨੂੰ ਘੱਲਿਆ
ਖੱਟ ਕੇ ਲਿਆਂਦੀ ਡੱਲੀ ।
ਸਾਹਮਣੇ ਘਰ ਵਾਲਿਆ
ਮੈਂ ਅੱਜ ਮੁਕਲਾਵੇ ਚੱਲੀ ।

ਬਾਰ੍ਹੀ ਬਰਸੀ ਖਟਣੇ ਨੂੰ ਘੱਲਿਆ
ਖੱਟ ਕੇ ਲਿਆਇਆ ਚਾਂਦੀ
ਵੇ ਛੱਤਰੀ ਦੀ ਛਾਂ ਕਰ ਲੈ
ਮੈਂ ਅੰਬ ਚੂਪਦੀ ਜਾਂਦੀ ।

ਬਾਰ੍ਹੀ ਬਰਸੀ ਖੱਟਣ ਗਿਉਂ
ਖੱਟ ਕੇ ਲਿਆਂਦੀ ਰਾਈ
ਧੀਏ ਨੀ ਪਸੰਦ ਕਰ ਲੈ
ਗੱਡੀ ਭਰ ਮੁੰਡਿਆਂ ਦੀ ਆਈ ।

ਬਾਰ੍ਹੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਮਹਿੰਦੀ
ਤੇਰੀਆਂ ਮੈਂ ਸਭ ਸਹਿੰਦੀ
ਤੇਰੀ ਮਾਂ ਦੇ ਬੋਲ ਨਾ ਸਹਿੰਦੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਰ੍ਹੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੇ ਪਾਵੇ
ਰਾਂਝੇ ਨੂੰ ਪਿੱਛੇ ਛੱਡਕੇ
ਮੈਥੋਂ ਪੱਬ ਚੁੱਕਿਆ ਨਾ ਜਾਵੇ ।

ਬਾਰ੍ਹੀ ਬਰਸੀ ਖੱਟਣ ਨੂੰ ਘੱਲਿਆ
ਖੱਟਕੇ ਲਿਆਇਆ ਡੋਈ
ਸਾਰੀ ਗੱਡੀ ਮੋੜ ਬਾਬਲਾ
ਮੇਰੇ ਹਾਣ ਦਾ ਮੁੰਡਾ ਨਾ ਕੋਈ ।

ਬਾਰ੍ਹੀ ਬਰਸੀ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਂਦਾ ਆਰਾ
ਤੇਰੀ ਮੇਰੀ ਨਿਟ ਜਾਊਗੀ
ਪਿਆਰ ਮੇਰੇ ਨਾਲ ਪਾ ਲਾ ।

ਬਾਰ੍ਹੀ ਬਰਸੀ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਂਦੇ ਪਾਵੇ
ਹੌਲੀ ਹੌਲੀ ਨਚ ਕੁੜੀਏ
ਤੇਰਾ ਲੱਕ ਠਾ ਮਰੋੜਾ ਖਾਵੇ (ਜਾਂ)
ਬਾਬੇ ਨੇ ਵਰ ਟੋਲਿਆ
ਜੀਹਨੂੰ ਪੱਗ ਬੰਨ੍ਹਣੀ ਨਾ ਆਵੇ ।

ਬਾਰ੍ਹੀ ਬਰਸੀ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਂਦਾ ਆਰਾ
ਤੇਰੀ ਮੇਰੀ ਨਹੀਂ ਨਿਭਣੀ
ਮੈਂ ਗੋਰੀ ਤੂੰ ਕਾਲਾ ।

ਬਾਰ੍ਹੀ ਬਰਸੀ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਂਦਾ ਤਾਂਬਾ
ਪੋਤਾ ਜ਼ੈਲਦਾਰਾਂ ਦਾ
ਘਰ ਘਰ ਮਿਲੇ ਉਲਾਂਭਾ ।

ਬਾਰ੍ਹੀ ਬਰਸੀ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਇਆ ਤਾਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਜੱਟ ਬਣ ਗਿਆ ਤੂਤ ਦਾ ਡਾਹਣਾ । (ਜਾਂ)
ਝਾਂਜਰ ਬਣ ਮਿੱਤਰਾ
ਤੈਨੂੰ ਅੱਡੀਆਂ ਕੂਚ ਕੇ ਪਾਵਾਂ ।

ਬਾਰਾਂ ਬਰਸ ਦੀ ਹੋ ਗਈ ਤੇਜ ਕੁਰੇ
ਸਾਲ ਤੇਰਵਾਂ ਚੜ੍ਹਿਆ
ਘੁੰਮ ਘੁਮਾਟੇ ਚੜ੍ਹੀ ਜਵਾਨੀ
ਨਾਗ ਇਸ਼ਕ ਦਾ ਲੜਿਆ
ਪਿਓ ਓਹਦੇ ਨੂੰ ਪਤਾ ਜੂ ਲੱਗਿਆ
ਘਰ ਬ੍ਰਾਹਮਣਾਂ ਦੇ ਵੜਿਆ
ਆਖੇ ਪੰਡਤਾ ਖੋਲ੍ਹ ਪਤਰੀ
ਦਾਨ ਦੇਊਂ ਜੋ ਸਰਿਆ
ਮਿੱਤਰਾਂ ਨੂੰ ਫਿਕਰ ਪਿਆ
ਵਿਆਹ ਤੇਜੋ ਦਾ ਧਰਿਆ ।

ਧਾਵੇ ਧਾਵੇ ਧਾਵੇ
ਰਾਹ ਵਿੱਚ ਗੋਹ ਟੱਕਰੀ
ਊਂਠ ਨੂੰ ਲੱਦੀ ਆਵੇ
ਚਿੜੀਆਂ ਨੇ ਚਾਹ ਧਰ ਦਿੱਤੀ
ਰੇਬ ਪਜਾਮਾ ਪਾ ਕੇ
ਕਾਟੋ ਬਿਆਨ ਕਰੇ
ਜੱਜ ਦੀ ਕਚਹਿਰੀ ਜਾ ਕੇ ।

ਰੜਕੇ ਰੜਕੇ ਰੜਕੇ
ਘੁਗੀਆਂ ਮਕਾਣ ਚਲੀਆਂ
ਰੋਣ ਪਿਪਲ ਤੇ ਖੜਕੇ
ਕੀੜੀ ਨੇ ਊਠ ਢਾ ਲਿਆ
ਤਖਤ ਪੋਸ਼ ਤੇ ਚੜ੍ਹਕੇ
ਸੁਸਰੀ ਦੁਕਾਨ ਕਰਦੀ
ਵਿੱਚ ਮੋਗੇ ਦੇ ਖੜਕੇ
ਮੱਛਰ ਚਾਹ ਪੀ ਦਾ
ਕੱਚ ਦੀ ਗਲਾਸੀ ਫੜਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਈ ਰਾਈ ਰਾਈ
ਇੰਡੀਆ ਦੇ ਨਗਰਾਂ ਵਿੱਚ
ਇਕ ਨਵੀਂ ਪਾਰਟੀ ਆਈ
ਗਲੀਆਂ ਕਰ ਪੱਕੀਆਂ
ਜਿਹਨਾਂ ਫਿਰਨੀ ਤੇ ਸੜਕ ਬਣਾਈ
ਪੂਰੇ ਹੋ ਗਏ ਸੁਫਨੇ ਸਾਡੇ
ਫੇਰ ਛੱਬੀ ਜਨਵਰੀ ਆਈ
ਏਸ ਦਿਹਾੜੇ ਤੇ ਘਰ ਘਰ ਮਿਲੇ ਵਧਾਈ
ਟਾਂਡਾ ਟਾਂਡਾ ਟਾਂਡਾ
ਬੋਤਾ ਬੀਕਾਨੇਰ ਤੋਂ ਲਿਆਂਦਾ
ਸ਼ਾਮੋ ਦੇ ਮਿੱਤਰਾਂ ਨੇ
ਸ਼ਾਮੋ ਉਤੇ ਚੜ੍ਹ ਗਈ
ਬੋਤਾ ਰੇਲ ਦੇ ਬਰਾਬਰ ਜਾਂਦਾ
ਸ਼ਾਮੋ ਦੇ ਬਾਪੂ ਨੇ
ਸ਼ਾਮੋ ਦੀ ਚਾਲ ਪਛਾਣੀ
ਸਿਰ ਉਤੋਂ ਪੱਗ ਲਾਹ ਕੇ
ਚੱਕ ਕੇ ਪਹੇ ਵਿਚ ਮਾਰੀ
ਘੜਾ ਨਾ ਚੁਕਾਓ ਕੁੜੀਓ
ਇਹਦੀ ਪਿੰਡ ਦੇ ਮੁੰਡੇ ਨਾਲ ਯਾਰੀ
ਖਸਮਾਂ ਨੂੰ ਖਾਣ ਕੁੜੀਆਂ
ਘੜਾ ਚੁਕ ਲਊਂ ਮੌਣ ਉਤੇ ਧਰਕੇ
ਉਹ ਘਰ ਛੜਿਆਂ ਦਾ
ਜਿਥੇ ਸ਼ੀਸ਼ਾ ਤੇ ਮੋਚਨਾ ਖੜਕੇ
ਰੂਪ ਤੈਨੂੰ ਰੱਬ ਨੇ ਦਿੱਤਾ
ਲੁੱਟ ਲੈ ਪਟੋਲਾ ਬਣਕੇ ।

ਸਾਡੇ ਪਿੰਡ ਦੇ ਮੁੰਡੇ ਵੇਖ ਲਓ
ਜਿਉਂ ਟਾਹਲੀ ਦੇ ਪਾਵੇ
ਕੰਨੀਦਾਰ ਉਹ ਬੰਨ੍ਹਦੇ ਚਾਦਰੇ
ਪਿੰਜਣੀ ਨਾਲ ਸੁਹਾਵੇ
ਦੁਧ ਕਾਸ਼ਨੀ ਬੰਨ੍ਹਦੇ ਸਾਫੇ
ਉਡਦਾ ਕਬੂਤਰ ਜਾਵੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਜਿਉਂ ਬਗਲਾ ਤਲਾ ਵਿੱਚ ਨ੍ਹਾਵੇ
ਗਿੱਧਾ ਪਾਉਂਦੇ ਮੁੰਡਿਆਂ ਦੀ
ਸਿਫ਼ਤ ਕਰੀ ਨਾ ਜਾਵੇ ।

ਖੇਤਾਂ ਦੇ ਵਿੱਚ ਫਸਲਾਂ ਹੱਸਣ
ਜੱਟ ਬੰਨੇ ਤੇ ਹੱਸੇ
ਦੇਖ ਦੇਖ ਕੇ ਨਰਮਾਂ ਇਸ ਨੂੰ
ਖਿੜ ਖਿੜ ਕਰਦਾ ਹੱਸੇ
ਭੱਤਾ ਲੈ ਕੇ ਜੱਟੀ ਆਈ
ਦੂਰੋਂ ਖੜੀ ਪੁਕਾਰੇ
ਭੰਗੜਾ ਪਾ ਮੁੰਡਿਆ
ਤੈਨੂੰ ਕਣਤ ਸੈਨਤਾਂ ਮਾਰੇ ।

ਬੀਕਾਨੇਰ ਤੋਂ ਬੋਤਾ ਲਿਆਂਦਾ
ਦੇ ਕੇ ਰੋਕ ਪਚਾਸੀ
ਜ਼ਹਿਣੇ ਦੇ ਵਿੱਚ ਝਾਂਜਰ ਬਣਦੀ
ਮੁਕਸਰ ਬਣਦੀ ਕਾਠੀ
ਭਾਈ ਬਖਤੌਰੇ ਬਣਦੇ ਟਕੂਏ
ਰੇਲ ਬਣੇ ਗੰਡਾਸੀ
ਰਉਂਤੇ ਦੇ ਵਿਚ ਬਣਦੇ ਕੂੰਡੇ
ਧੁਰ ਭਦੌੜ ਦੀ ਚਾਟੀ
ਹਿੰਮਤਪੁਰੇ ਦੀਆਂ ਬਣਦੀਆਂ ਕਹੀਆਂ
ਕਾਂਸ਼ੀ ਪੁਰ ਦੀ ਦਾਤੀ
ਚੜ੍ਹ ਜਾ ਬੋਤੇ ਤੇ,
ਮੰਨ ਲੈ ਭੌਰ ਦੀ ਆਖੀ ।

ਬਾਰ੍ਹੀ ਬਰਸੀ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਂਦੇ ਆਲੂ
ਚਾਚੇ ਨਹਿਰੂ ਨੇ
ਕੀਤਾ ਭਾਖੜਾ ਚਾਲੂ ।
ਬਾਰ੍ਹੀ ਬਰਸੀ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਂਦੀ ਪੀਪੀ
ਬਾਪੂ ਗਾਂਧੀ ਨੇ ਬੇਸਿਕ ਚਾਲੂ ਕੀਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਵੇਖ ਮੌਤ ਦੇ ਕਾਰੇ
ਪਹਿਲਾਂ ਮੌਤ ਨੇ ਦਿੱਲੀ ਢਾਹੀ,
ਫੇਰ ਵੜੀ ਪਟਿਆਲੇ
ਪਟਿਆਲੇ ਵਾਲੇ ਗਭਰੂ ਮਰ ਗਏ
ਭੂਰੀਆਂ ਦਾਹੜੀਆਂ ਵਾਲੇ
ਨਾਭੇ ਵਾਲੀ ਕੰਜਰੀ ਮਰ ਗਈ
ਰੌਣਕ ਲੈ ਗਈ ਨਾਲੇ
ਲੱਡੂ ਜਲੇਬੀਆਂ ਗਲੀਆਂ 'ਚ ਰੁਲਦੇ
ਗੰਢੇ ਨਾ ਥਿਔਂਦੇ ਭਾਲੇ
ਹਾਰ ਸ਼ਿੰਗਾਰ ਅਜੇ ਨਾ ਮੁੱਕਿਆ
ਵੇਖ ਰੂਪ ਦੇ ਕਾਰੇ
ਜਲ ਤੇ ਫੁਲ ਤਰਦਾ
ਚੁੱਕ ਲੈ ਪਤਲੀਏ ਨਾਰੇ ।

ਬਾਹਰੀਂ ਬਰਸੀਂ ਖੱਟਣੇ ਨੂੰ ਘਲਿਆ
ਖੱਟਕੇ ਲਿਆਇਆ ਮਾਇਆ
ਭਗਤ ਸਿੰਘ ਸੂਰਮੇ ਨੇ
ਅਸੈਂਬਲੀ 'ਚ ਬੰਬ ਚਲਾਇਆ ।

ਪਕੀਆਂ ਫਸਲਾਂ ਪੱਕੇ ਕੋਠੇ
ਸੁਫਨਾਂ ਬਣ ਗਏ ਢਾਰੇ
ਬਿਜਲੀ ਨੇ ਅੱਜ ਰੋਸ਼ਨ ਕੀਤੇ
ਤਿੰਨ ਤਿੰਨ ਛੱਤੇ ਚੁਬਾਰੇ
ਭੰਗੜਾ ਪਾ ਮੁੰਡਿਆ
ਤੈਨੂੰ ਕਣਕ ਸੈਨਤਾਂ ਮਾਰੇ ।

ਕਣਕਾਂ ਦੇ ਮੂੰਹ ਆ ਗਈ ਲਾਲੀ
ਖੁਸ਼ੀਆਂ ਭਰੇ ਕਿਆਰੇ
ਜਿਉਂ ਗਿੱਧੇ ਵਿਚ ਨੱਚਣ ਕੁੜੀਆਂ
ਫਸਲਾਂ ਲੈਣ ਹੁਲਾਰੇ
ਭੰਗੜਾ ਪਾ ਮੁੰਡਿਆ
ਤੇਰਾ ਦੇਸ਼ ਅਜ਼ਾਦੀ ਮਾਣੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਹਰੀਆਂ ਬੋਲੀਆਂ

ਦੁਹਰੀਆਂ ਬੋਲੀਆਂ ਨੂੰ ਗਾਉਣ ਲਈ ਕੁੜੀਆਂ ਦੋ ਟੋਲੀਆਂ ਬਣਾ ਲੈਂਦੀਆਂ ਹਨ, ਇਕ ਟੋਲੀ ਪਹਿਲੀ ਤੁਕ ਬੋਲਦੀ ਹੈ ਤੇ ਨਾਲ ਗਿੱਧਾ ਪਾਉਂਦੀ ਹੈ ਅਤੇ ਦੂਜੀ ਤੁਕ ਦੂਜੀ ਟੋਲੀ ਬੋਲਦੀ ਹੈ ਤੇ ਗਿੱਧਾ ਪਾਉਂਦੀ ਹੈ। ਪਰ ਨੱਚਿਆ ਨਹੀਂ ਜਾਂਦਾ। ਇਨ੍ਹਾਂ ਬੋਲੀਆਂ ਨੂੰ ਗਾਉਣ ਲਈ ਕਿਉਂਕਿ ਕੁੜੀਆਂ ਦੇ ਦੋ ਗਰੁਪ ਚਾਹੀਦੇ ਹਨ ਇਸ ਲਈ ਇਨ੍ਹਾਂ ਨੂੰ ਦੁਹਰੀਆਂ ਬੋਲੀਆਂ ਕਿਹਾ ਜਾਂਦਾ ਹੈ।

ਇਨ੍ਹਾਂ ਦਾ ਅਸਰ ਸਿੱਧਾ, ਸਪੱਸ਼ਟ ਤੇ ਭਾਵਪੂਰਤ ਹੁੰਦਾ ਹੈ। ਇਨ੍ਹਾਂ ਬੋਲੀਆਂ ਦੁਆਰਾ ਪੰਜਾਬੀ ਨੱਢੇ ਨੱਢੀਆਂ ਆਪਣੇ ਭਾਵਾਂ ਨੂੰ ਬਿਨਾਂ ਕਿਸੇ ਸੰਕੋਚ ਦੇ ਪੇਸ਼ ਕਰਦੇ ਹਨ। ਵੱਖ ਵੱਖ ਖੁਸ਼ੀਆਂ ਦੇ ਮੌਕਿਆਂ, ਮੇਲਿਆਂ ਤਿਉਹਾਰਾਂ ਅਤੇ ਤੀਆਂ ਸਮੇਂ ਇਹ ਬੋਲੀਆਂ ਪਾਈਆਂ ਜਾਂਦੀਆਂ ਹਨ।

ਰੰਨ ਨ੍ਹਾ ਕੇ ਛਪੜ 'ਚੋਂ ਨਿਕਲੀ,
ਸੁਲਫੇ ਦੀ ਲਾਟ ਵਰਗੀ।

ਸੁਤੀ ਪਈ ਦੀ ਜੰਜੀਰੀ ਛਣਕੇ,
ਗੱਭਰੂ ਦਾ ਮੱਚੇ ਕਾਲਜਾ।

ਹੁਸਨ ਜਵਾਨੀ ਮਾਪੇ,
ਤਿੰਨ ਰੰਗ ਨਹੀਂ ਲੱਭਣੇ।

ਮੈਨੂੰ ਹੋਰ ਨਾ ਤ੍ਰਿਸ਼ਨਾਂ ਕੋਈ,
ਭੁੱਖ ਤੇਰੇ ਦਰਸ਼ਨ ਦੀ।

ਤੈਨੂੰ ਚੰਦ ਦੇ ਬਹਾਨੇ ਵੇਖਾਂ,
ਕੋਠੇ ਉਤੇ ਆ ਜਾ ਮਿੱਤਰਾ।

ਲੋਕੀ ਆਖਦੇ ਸ਼ਰਬਤੀ ਟੋਟਾ.
ਮੇਰੇ ਭਾ ਦੀ ਅੱਗ ਮੱਚਦੀ।

ਕਚੇ ਯਾਰ ਨੇ ਖਿਲਾਂ ਦੀ ਮੁਠ ਮਾਰੀ,
ਤ੍ਰਿੰਜਣਾਂ 'ਚ ਕੱਤਦੀ ਨੂੰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਇਕ ਤੇਰਾ ਰੰਗ ਮੁਸ਼ਕੀ।

ਸੁਹਣੇ ਯਾਰ ਦੀ ਕਸਮ ਨਾ ਖਾਵਾਂ,
ਪੁੱਤ ਵਾਲਾ ਨੇਮ ਚਕ ਦਿਆਂ।

ਗੋਰਾ ਰੰਗ ਨਾ ਗਵਾ ਲਈਂ ਕੁੜੀਏ,
ਲਾਲਚ ਲੱਡੂਆਂ ਦੇ।

ਤੇਰੇ ਲੱਕ ਨੂੰ ਜਰਬ ਨਾ ਆਵੇ;
ਨਿੱਕਾ ਘੜਾ ਚੱਕ ਲੱਛੀਏ।

ਮੇਰੇ ਭਾ ਦਾ ਦੁੱਧ ਮੁਸ਼ਕੇ,
ਤੇਰਾ ਰੰਗ ਮੁਸ਼ਕੇ ਮੁਟਿਆਰੇ।

ਚੁੰਨੀ ਰੰਗ ਦੇ ਲਲਾਰੀਆ ਮੇਰੀ,
ਮਿੱਤਰਾਂ ਦੀ ਪੱਗ ਵਰਗੀ।

ਰੰਨ ਬਕਰੀ ਚਰਾਉਣ ਦੀ ਮਾਰੀ,
ਲਾਰਾ ਲੱਪਾ ਲਾ ਛੱਡਦੀ।

ਗੱਲਾਂ ਤੇਰੀਆਂ ਦੇ ਉਠਣ ਮਰੋੜੇ,
ਢਿਡ ਵਿਚ ਦੇਵਾਂ ਮੁੱਕੀਆਂ।

ਚੰਦਰੀ ਦੀ ਜਾਤ ਤਖਾਂਣੀ,
ਚੂੜਾ ਪਾ ਕੇ ਸੱਕ ਹੂੰਝਦੀ।

ਜੋਰ ਨਾ ਕੁੜੀ ਦਾ ਕੰਈ,
ਰੋਂਦੀ ਨੂੰ ਤੋਰ ਦੇਣਗੇ।

ਆਟਾ ਗੁੰਨ੍ਹਦੀ ਦੇ ਹਿੱਲਦੇ ਵਾਲੇ,
ਤੁਰਦੀ ਦੀ ਹਿੱਲੇ ਮਛਲੀ।

ਢਿੱਲੇ ਹੋ ਗੇ ਗਰਦਨ ਦੇ ਮੂੰਗੇ,
ਲਿੱਸੀ ਹੋ ਗਈ ਤੂੰ ਬਚਨੋ।

ਕੱਚਾ ਬਾਜਰਾ, ਤਿਲਾ ਦੀ ਮੁੱਠ ਗਰਮੀ,
ਨਾ ਚੱਬ ਚੋਬਰੀਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿੱਥੇ ਲਿਪਣੇ ਨਾ ਪੈਣ ਬਨੇਰੇ,
ਉਹ ਘਰ ਟੋਲੀਂ ਬਾਬਲਾ ।

ਠੇਕੇ ਦੀਏ ਬੰਦ ਬੋਤਲੇ,
ਤੈਨੂੰ ਵੇਖ ਕੇ ਨਸ਼ਾ ਚੜ੍ਹ ਜਾਵੇ ।

ਤੇਰੇ ਰੰਗ ਤੋਂ ਤੇਜ਼ ਰੰਗ ਮੇਰਾ,
ਸ਼ੀਸ਼ਾ ਵੇਖ ਤੂੰ ਮੂੰਡਿਆ ।

ਨਿੰਮ ਦਾ ਗੁਮਾਨ ਨਾ ਕਰੀਂ;
ਸਾਨੂੰ ਤੋਤਿਆਂ ਨੂੰ ਬਾਗ ਬਥੇਰੇ ।

ਘੁੰਡ ਕਢਣਾ ਮੜਕ ਨਾਲ ਤੁਰਨਾ,
ਸਹੁਰੀ ਜਾ ਕੇ ਦੋ ਦੋ ਪਿੱਟਨੇ ।

ਨਾਂ ਲਿਖ ਲਿਆ ਚੰਦ ਕੁਰੇ ਤੇਰਾ,
ਕੋਕੇ ਵਾਲੀ ਡਾਂਗ ਦੇਖ ਕੇ ।

ਸਿਰ ਗੁੰਦ ਦੇ ਕੁਪੱਤੀਏ ਨੈਣੇ,
ਨੀ ਉਤੇ ਪਾ ਦੇ ਡਾਕ ਬੰਗਲਾ ।

ਗੱਡੀ ਵਾਲਿਆ ਵੇ ਅੜਬ ਤਖਾਣਾ,
ਕੁੜੀਆਂ ਨੂੰ ਮਿਲ ਲੈਣ ਦੇ ।

ਦੋ ਦਿਲ ਜੁੜਦਿਆਂ ਨੂੰ,
ਚੰਦਰਾ ਮਾਰਦਾ ਭਾਨੀ ।

ਕੀ ਬਣਦਾ ਛਪੜੀਏ ਤੇਰਾ,
ਸੰਨ੍ਹ ਦਰਿਆਵਾਂ ਦੇ ।

ਲਾਮ ਲਾਮ ਨਾ ਜਾਈਂ,
ਗਿੱਧੇ ਵਾਲੇ ਪਿੰਡ ਵੜ ਵੇ ।

ਘੁੰਡ ਕੱਢ ਕੇ ਖ਼ੈਰ ਨ ਪਾਈਏ,
ਸਾਧੂ ਹੁੰਦੇ ਰੱਬ ਵਰਗੇ ।
ਕਾਲਾ ਘੱਗਰਾ ਸੰਦੂਕ ਵਿਚ ਮੇਰਾ,
ਵੇਖ ਵੇਖ ਰੋਏਂਗਾ ਜੱਟਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੰਡਾ ਧਰੀਆਂ ਪਿੰਡਾਂ ਦਾ ਪਟਵਾਰੀ,
ਅੱਗੋ ਤੇਰੇ ਭਾਗ ਲੱਛੀਏ ।

ਗੋਰੇ ਰੰਗ ਨੂੰ ਕੋਈ ਨਹੀਂ ਪੁੱਛਦਾ,
ਮੁੱਲ ਪੈਂਦੇ ਅਕਲਾਂ ਦੇ ।

ਜੱਟਾ ਤੇਰੀ ਜੂੰਨ ਬੁਰੀ,
ਹੱਲ ਛੱਡ ਕੇ ਚਰ੍ਹੀ ਨੂੰ ਜਾਣਾ।

ਏਥੋਂ ਉਡ ਜਾ ਫਰੰਗੀਆ ਤੋਤਿਆ,
ਕੁੜੀਆਂ ਨੇ ਪੀਂਘ ਝੂਟਣੀ।

ਬੇਈਮਾਨ ਮੁੱਕਰ ਗਏ ਮਾਪੇ,
ਮੰਗ ਤਾਂ ਸੀ ਤੇਰੀ ਪੂਰਨਾ ।

ਮਾਪੇ ਮੈਨੂੰ ਦੁੱਖ ਪੁੱਛਦੇ,
ਪਾਣੀ ਮੇਰਿਆਂ ਹੱਡਾਂ ਦਾ ਸੁੱਕਦਾ ।

ਕਿੱਥੋਂ ਭਾਲਦਾ ਅੰਬਾਂ ਦੇ ਮੇਵੇ,
ਕਿੱਕਰਾਂ ਦੇ ਬੀ ਬੀਜ ਕੇ ।

ਤੇਰੀ ਮੇਰੀ ਇਕ ਜਿੰਦੜੀ,
ਐਵੇਂ ਦੋ ਕਲਬੂਤ ਬਣਾਏ ।

ਮੇਰੀ ਖਬਰ ਲੈਣ ਨਾ ਆਇਆ,
ਡਿੱਗ ਪਈ ਹਰਮਲ ਤੋਂ ।

ਧੰਮ ਜੇਰਾ ਨਾਈਆਂ ਦਾ,
ਜਿਨ੍ਹਾਂ ਨੈਣ ਜੱਟਾਂ ਨਾਲ ਤੋਰੀ।

ਜਾਵੀਂ ਮੇਲੇ ਤੇ ਲਿਆ ਦਈਂ ਪਹੁੰਚੀ,
ਲੈ ਜਾ ਮੇਰਾ ਗੁੱਟ ਮਿਣ ਕੇ ।

ਲਾਈਲਗ ਨਾ ਹੋਵੇ ਘਰ ਵਾਲਾ,
ਚੰਦਰਾ ਗੁਆਂਢ ਬੁਰਾ।

ਹਾਕਾਂ ਮਾਰਦੇ ਬਕਰੀਆਂ ਵਾਲੇ,
ਦੁਧ ਪੀ ਕੇ ਜਾਈਂ ਬਚਨੋ ।

CC-0. In Public Domain. Gurukul Kangri Collection, Haridwar

ਪਪਕੇ 'ਚ ਪੈਣ ਜੱਫੀਆਂ
Digitized by Arya Samaj Foundation Chennai and eGangotri
ਅੱਖ ਖੋਲ੍ਹੀ ਤਾਂ ਨਜ਼ਰ ਨਾ ਆਵੇ।

ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ,
ਰੱਬ ਨੇ ਬਣਾਈਆਂ ਜੋੜੀਆਂ।

ਯਾਰੀ ਵਾਲੀ ਤੋਂ ਕੱਤਿਆ ਨਾ ਜਾਵੇ,
ਛੱਡ ਦਿਓ ਛੋਪ ਕੁੜੀਓ।

ਬੇੜੀ ਦਾ ਪੂਰ ਤ੍ਰਿੰਜਣ ਦੀਆਂ ਕੁੜੀਆਂ,
ਸਬੱਬ ਨਾਲ ਹੋਣ ਕੱਠੀਆਂ।

ਤੇਰੀ ਮੇਰੀ ਇਕ ਜਿੰਦੜੀ,
ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ।

ਮੁੰਡਾ ਰੋਹੀ ਦਾ ਕਿੱਕਰ ਦਾ ਜਾਤੂ,
ਵਿਆਹ ਕੇ ਲੈ ਗਿਆ ਤੂਤ ਦੀ ਛਿਟੀ।

ਕੀ ਘੋਲ ਤਵੀਤ ਪਿਆਏ,
ਲੱਗੀ ਤੇਰੇ ਮਗਰ ਫਿਰਾਂ।

ਕੱਚੀਆਂ ਕੌਲਾਂ ਦਾ,
ਬਹਿ ਕੇ ਲਈਏ ਝਾਕਾ।

ਯਾਰੀ ਲੱਗੀ ਤੋਂ ਲਵਾ ਲਏ ਤਖਤੇ,
ਤੇ ਟੁੱਟੀ ਤੋਂ ਚੁਗਾਠ ਪੱਟਤੀ।

ਅੱਗ ਲੱਗ ਜੇ ਬਠਿੰਡੇ ਵਾਲੀ ਰੇਲ ਨੂੰ,
ਅਸੀਂ ਕਿਹੜਾ ਉਤੇ ਚੜ੍ਹਨਾ।

ਨੀ ਮਾਪੇ ਤੈਨੂੰ ਘੱਟ ਰੋਣਗੇ,
ਬਹੁਤੇ ਰੋਣਗੇ ਦਿਲਾਂ ਦੇ ਜਾਨੀ।

ਤੂੰ ਕੀ ਜਾਣੇ ਪਤੀਲੇ ਦਿਆ ਢੱਕਣਾ,
ਰਾਮ ਸੱਤ ਕੁੜੀਆਂ ਦੀ।

ਸੰਤੀ ਚੱਕਮਾ ਚੁੱਲ੍ਹਾ;
ਕਿਸੇ ਯਾਰ ਨੂੰ ਢਹਾ ਕੇ ਮਾਰੂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹੜੇ ਮਿੱਠੀਆਂ ਜ਼ਬਾਨਾਂ ਵਾਲੇ,
ਮਤਲਬ ਕੱਢ ਲੈਣਗੇ।

ਜੱਗੇ ਜੱਟ ਦੇ ਕਬੂਤਰ ਚੀਨੇ,
ਨਦੀਓਂ ਪਾਰ ਚੁਗਦੇ।

ਕਿਤੇ ਹੋਣਗੇ ਸਬੱਬ ਨਾਲ ਮੇਲੇ,
ਆਪਾਂ ਦੋਵੇਂ ਵਿੱਛੜ ਚਲੇ।

ਗੋਰੇ ਰੰਗ ਨੇ ਸਦਾ ਨਹੀ ਰਹਿਣਾ,
ਭਰ ਭਰ ਵੰਡ ਮੁੱਠੀਆਂ।

ਏਸ ਡਾਕ ਨੇ ਬਠਿੰਡੇ ਜਾਣਾ
ਮੋੜ ਉਤੇ ਘਰ ਯਾਰ ਦਾ।

ਤੇਰੀ ਖੁਸ਼ਕ ਮੱਕੀ ਦੇ ਦਾਣੇ,
ਮਿੱਤਰਾਂ ਨੇ ਨਹੀਓਂ ਚੱਬਣੇ।

ਰਾਂਝਾ ਕੀਲ ਕੇ ਪਟਾਰੀ ਵਿਚ ਪਾਇਆ,
ਹੀਰ ਬੰਗਾਲਣ ਨੇ।

ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ,
ਸੋਨੇ ਦੇ ਤਵੀਤਾਂ ਵਾਲਿਆ।

ਨਹਿਰੋ ਨਹਿਰ ਭਜਾ ਲਿਆ ਬੋਤਾਂ,
ਚੰਨਾਂ ਤੇਰਾ ਧੰਨ ਜਿਗਰਾ।

ਅਸੀਂ ਨਿੱਤ ਨੀ ਬਜ਼ਾਰ ਵਿਚ ਆਉਣਾ,
ਨੀ ਬਿੱਲੋ ਖਾ ਲੈ ਨਾਸ਼ਪਾਤੀਆਂ।

ਚੜ੍ਹ ਗਿਆ ਚੀਨ ਦੀ ਗੱਡੀ,
ਸਾਨੂੰ ਦੇ ਗਿਆ ਯੱਕੇ ਦਾ ਭਾੜਾ।

ਲੈ ਜਾ ਛੱਲੀਆਂ ਭੁੰਨਾ ਲਈਂ ਦਾਣੇ,
ਮਿੱਤਰਾ ਦੂਰ ਦਿਆ।

ਤੈਨੂੰ ਨੱਤੀਆਂ, ਬਹੂ ਨੂੰ ਫੁੱਲ ਪਾਵਾਂ,
ਵਿਆਹ ਕਰਵਾ ਮਿੱਤਰਾ।

CC-0. In Public Domain. Gurukul Kangri Collection, Haridwar

ਪਹਿਲੀ ਰਾਤ ਦੇ ਫੇਰੇ,
Digitized by Arya Samaj Foundation Chennai and eGangotri
ਸੁਹਣੀ ਸੂਰਤ ਦੇ ।

ਮੇਰੀ ਕੱਤਣੀ 'ਚ ਪੈਣ ਫਰਾਟੇ,
ਧੂਣੀਆਂ ਦੇ ਸੱਪ ਬਣ ਗਏ ।

ਅੱਡੀ ਮਾਰ ਕੇ ਲੰਘੂੰਗੀ ਦਰ ਤੇਰਾ,
ਝਾਂਜਰਾਂ ਘੜਾ ਦੇ ਮਿੱਤਰਾ ।

ਲਾਰਾ ਲਾਈਏ ਨਾ ਬਿਗਾਨੇ ਪੁੱਤ ਨੂੰ,
ਤੋੜ ਕੇ ਜਵਾਬ ਦੇ ਦੇਈਏ ।

ਨਾਭੇ ਦੀਏ ਬੰਦ ਬੋਤਲੇ,
ਤੈਨੂੰ ਵੇਖ ਕੇ ਨਸ਼ਾ ਚੜ੍ਹ ਜਾਵੇ ।

ਗੋਰੇ ਰੰਗ ਤੋਂ ਬਦਲ ਗਿਆ ਕਾਲਾ,
ਕੀ ਗ਼ਮ ਖਾ ਗਿਆ ਮਿੱਤਰਾ ।

ਰੌਂ ਗਿਆ (ਪਿਆਰ) ਹੱਡਾਂ ਵਿਚ ਸਾਰੇ,
ਸੁੰਘਿਆ ਸੀ ਫੁੱਲ ਕਰਕੇ ।

ਕੱਚੇ ਦੁੱਧ ਨੂੰ ਜਾਗ ਨਾ ਲਾਵਾਂ,
ਝਾਕਾਂ ਯਾਰ ਦੀਆਂ ।

ਨੀ ਤੂੰ ਮਿਸ਼ਰੀ ਬਰਾਬਰ ਜਾਣੀ,
ਮਿੱਤਰਾਂ ਦੀ ਲੂਣ ਦੀ ਡਲੀ ।

ਨਾ ਮੇਰਾ ਧਰਮ ਰਿਹਾ,
ਨਾ ਘੁੱਗ ਕੇ ਵਸੀ ਘਰ ਤੇਰੇ ।

ਤੈਨੂੰ ਮਾਹੀਆ ਮਿਲਣ ਨਾ ਆਇਆ,
ਕਿੱਕਰਾਂ ਨੂੰ ਪਾ ਲੈ ਜੱਫੀਆਂ ।

ਮੁੰਡਾ ਸੁੱਕ ਗਿਆ ਚੰਨਣ ਦਾ ਬੂਟਾ,
ਤੇਰੇ ਪਿਛੇ ਗੋਰੀਏ ਰੰਨੇ ।

ਬੁਤ ਨਾਲੋਂ ਰੂਹ ਵਿੱਛੜੇ
ਜਿਵੇਂ ਕੂੰਜ ਵਿਛੜਦੀ ਡਾਰੋਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੀਕੇ ਚਰਖਾ ਬਿਸ਼ਨੀਏ ਤੇਰਾ,
ਲੋਕਾਂ ਭਾਣੇ ਮੋਰ ਬੋਲਦਾ।

ਪਾਣੀ ਡੋਲਗੀ ਝਾਂਜਰਾਂ ਵਾਲੀ।
ਕੰਠੇ ਵਾਲਾ ਤਿਲਕ ਗਿਆ।

ਲੌਂਗ ਵਾਲੀ ਨੇ ਭਨ੍ਹਾ ਲਏ ਗੋਡੇ,
ਤੀਲੀ ਵਾਲੀ ਖਾਲ ਟੱਪ ਗਈ।

ਮੈਂ ਤਾਂ ਕੁੜੀਆਂ ਦਾ ਦਿਲ ਪਰਚਾਵਾਂ,
ਰੋਂਦੀ ਨਾ ਤੂੰ ਜਾਣੀਂ ਸੋਹਣਿਆਂ।

ਹੱਥ ਘੁੱਟ ਕੇ ਗੱਡੀ ਨੂੰ ਪਾਇਆ,
ਰੋਂਦੀ ਸੀ ਮੈਂ ਉਤਲੇ ਮਨੋਂ।

ਝੁਕ ਜਾ ਕਪਾਹ ਦੀਏ ਛਿੱਟੀਏ,
ਪਤਲੋ ਦੀ ਬਾਂਹ ਥੱਕ ਗੀ।

ਗੋਰਾ ਰੰਗ ਡੱਬੀਆਂ ਵਿਚ ਆਇਆ,
ਕਾਲਿਆਂ ਨੂੰ ਖਬਰ ਕਰੋ।

ਕੁੱਲੀ ਯਾਰ ਦੀ ਸੁਰਗ ਦਾ ਝੂਟਾ,
ਅੱਗ ਲਾਵਾਂ ਮਹਿਲਾਂ ਨੂੰ।

ਕਦੇ ਆਉਣ ਦੀ ਚਿੱਠੀ ਨਾ ਪਾਈ,
ਵੇ ਝੂਠਿਆਂ ਕਰਾਰਾਂ ਦਿਆ।

ਵਸਣਾ ਨੌਕਰ ਦੇ,
ਭਾਵੇਂ ਬੂਟ ਸਣੇ ਲੱਤ ਮਾਰੇ।

ਜਿਥੇ ਲੱਛੀ ਪਾਣੀ ਡੋਲ੍ਹਦੀ,
ਉਥੇ ਗਿਆ ਚੰਨਣ ਦਾ ਬੂਟਾ।

ਮੇਰੇ ਹੱਥ ਨੂੰ ਕਰਾ ਦੇ ਪਹੁੰਚੀ,
ਲੈ ਜਾ ਮੇਰਾ ਗੁੱਟ ਮਿਣ ਕੇ।

ਮੇਰੇ ਭਿਜ ਗਏ ਵਰੀ ਦੇ ਲੀੜੇ,
ਪੱਛੋਂ ਦੀਆਂ ਪੈਣ ਕਣੀਆਂ।

CC-0. In Public Domain. Gurukul Kangri Collection, Haridwar

ਬਣ ਕੇ ਕਬੂਤਰ ਚੀਨਾ,
Digitized by Arya Samaj Foundation Chennai and eGangotri
ਗਿੱਧੇ ਵਿਚ ਆ ਜਾ ਪੱਠੋਇ।

ਮੈਂ ਦੁੱਖ ਮਿੱਤਰਾਂ ਕੋਲ ਰੋਵਾਂ,
ਕੰਤ ਨਿਆਣੇ ਦਾ।

ਤੇਰੀ ਗੁੱਤ ਨੇ ਜਾਦੂ ਕੀਤਾ,
ਸੱਪ ਵਾਂਗੂੰ ਡੰਗ ਮਾਰਿਆ।

ਤੇਰੇ ਲੌਂਗ ਦਾ ਪਿਆ ਲਿਸ਼ਕਾਰਾ,
ਹਾਲੀਆਂ ਨੇ ਹਲ ਡਕ ਲਏ।

ਮੈਂ ਕਿਵੇਂ ਮੁਕਲਾਵੇ ਜਾਵਾਂ,
ਮਿੱਤਰਾਂ ਦਾ ਪਿੰਡ ਛੱਡਕੇ।

ਸ਼ਾਡੇ ਅਥਰੂ ਛਲਕਦੇ ਵੇਖੀਂ,
ਮੋਤੀਆਂ ਦੇ ਹਾਰ ਵਰਗੇ।

ਤੇਰੇ ਦੰਦ ਮੋਤੀਆਂ ਦੇ ਦਾਣੇ,
ਹੱਸਦੀ ਦੇ ਕਿਰ ਜਾਣਗੇ।

ਲੱਡੂ ਵੰਡਦੀ ਤਹਿਸੀਲੋਂ ਆਈ,
ਪਹਿਲੀ ਪੇਸ਼ੀ ਯਾਰ ਛੁੱਟਿਆ।

ਵੇ ਮੈਂ ਟੁੱਟ ਗਈ ਭਰਾਵਾਂ ਨਾਲੋਂ,
ਇਕ ਤੇਰੀ ਜਿੰਦ ਬਦਲੇ।

ਤੇਰੀ ਗੱਡੀ ਦੇ ਮਗਰ ਨਹੀਂ ਜਾਣਾ,
ਝਾਕਾ ਦੇ ਰਤਨ ਕੁਰੇ।

ਹੌਲੀ ਹੌਲੀ ਨੱਕ ਨਿੰਦਰੇ,
ਤੇਰੇ ਲੱਕ ਨੂੰ ਜਰਬ ਨਾ ਆਵੇ।

ਲਾਲੀ ਮੇਰੀਆਂ ਅੱਖਾਂ ਵਿਚ ਰੜਕੇ,
ਅੱਖ ਮੇਰੇ ਯਾਰ ਦੀ ਦੁਖੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਦੀ ਲੱਗਦੇ ਨਾ ਭਾਗ ਪਰਾਏ,
ਹੁੰਦੀਆਂ ਨ ਮਨ ਮਿਥੀਆਂ ।

ਤੇਰੀ ਗੁੱਤ ਤੇ ਲਟਕਦਾ ਆਵਾਂ,
ਲੌਂਗੜੀ ਦਾ ਫੁੱਲ ਬਣਕੇ ।

ਨੱਚ ਲੈ ਕਬੂਤਰੀਏ,
ਦੇ ਦੇ ਸ਼ੌਕ ਦੇ ਗੇੜੇ ।

ਸਾਨੂੰ ਅਲ੍ਹੜਾਂ ਨੂੰ ਨੀਂਦ ਪਿਆਰੀ
ਸੁੱਤੀ ਨਾ ਜਗਾਈਂ ਚੰਨ ਵੇ ।

ਉਥੇ ਲੈ ਚਲ ਚਰਖਾ ਮੇਰਾ
ਵੇ ਜਿਥੇ ਤੇਰੇ ਹੱਲ ਵਗਦੇ ।

ਬਲੀਏ ਕਣਕ ਦੀਏ,
ਤੈਨੂੰ ਖਾਣਗੇ ਨਸੀਬਾਂ ਵਾਲੇ ।

ਤੇਰੀ ਗੁੱਤ ਤੇ ਕਚਹਿਰੀ ਲੱਗਦੀ,
ਦੂਰੋਂ ਦੂਰੋਂ ਆਉਣ ਝਗੜੇ ।

ਰੂਪ ਕੁਆਰੀ ਦਾ,
ਖੰਡ ਮਿਸ਼ਰੀ ਦੀਆਂ ਡਲੀਆਂ ।

ਕੁੜੀ ਪੱਟ ਦੀ ਤਾਰ ਬੂਟਾ,
ਦੋਹਰੀ ਹੋਈ ਵੇਲ ਦਿੱਸੇ ।

ਟੁੱਟੀ ਯਾਰੀ ਦਾ ਕੀ 'ਲਾਜ ਬਣਾਵਾਂ,
ਰੱਸਾ ਹੋਵੇ ਗੰਢ ਪਾ ਲਵਾਂ

ਖੂਹਾਂ ਟੋਭਿਆਂ ਤੇ ਮਿਲਣੋਂ ਰਹਿ ਗਈ,
ਚੰਦਰੇ ਲਵਾ ਲਏ ਨਲਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਡਿੱਗਿਆ ਰੁਮਾਲ ਫੜ੍ਹਾਵੀਂ,
ਰਾਹੇ ਰਾਹੇ ਜਾਣ ਵਾਲਿਆ ।

ਤੇਰਾ ਡਿੱਗਿਆ ਰੁਮਾਲ ਫੜਾਵਾਂ,
ਤੂੰ ਕੇ ਲਾਟ ਦੀ ਬੱਚੀ

ਮੇਰਾ ਯਾਰ ਗਿਆ ਮੱਕੀ ਦੀ ਰਾਖੀ,
ਡੱਬ ਵਿਚ ਲਿਆਵੇ ਛਲੀਆਂ ।

ਲਈ ਜਾਨਾਂ ਏ ਕੜਬ ਦੇ ਟਾਂਡੇ,
ਰਸ਼ ਲੈਂਗੇ ਪਿੰਡ ਦੇ ਮੁੰਡੇ ।

ਚਿੱਟੇ ਕਪੜੇ ਤੇ ਖੀਸੇ ਖਾਲੀ
ਹੁਣ ਦੇ ਬਾਬੂਆਂ ਦੇ ।

ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ,
ਤੇਰੀ ਮੇਰੀ ਇਕ ਜਿੰਦੜੀ ।

ਤੇਰਾ ਵਾਲ ਵੀ ਵਿੰਗਾ ਨਾ ਹੋਵੇ,
ਤੇਰੀ ਆਈ ਮੈਂ ਮਰ ਜਾਂ ।

ਜੀਹਨੇ ਮਿਡਲ ਪਾਸ ਨਾ ਕੀਤਾ
ਉਹਦੇ ਘਰ ਕੀ ਵੱਸਣਾ ?

ਤੇਰੀ ਅੱਖ ਨੀ ਕਬੂਤਰ ਵਰਗੀ,
ਸੁਰਮੇਂ ਦਾ ਕੀ ਪਾਉਣਾ ।

ਅੱਖ ਪਟਵਾਰਨ ਦੀ,
ਜਿਉਂ ਇੱਲ ਦੇ ਆਲ੍ਹਣੇ ਆਂਡਾ ।

ਗੋਰੇ ਰੰਗ ਨੂੰ ਝਰੀਟਾਂ ਆਈਆਂ,
ਬੇਰੀਆਂ ਦੇ ਬੇਰ ਖਾਣੀਏ ।

ਲੈ ਜਾਣਗੇ ਜਿਨ੍ਹਾਂ ਨੇ ਦੰਮ ਖਰਚੇ,
ਫੋਕੇ ਦਾਵੇ ਮਿੱਤਰਾਂ ਦੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੱਦਰ ਹੱਡਾਂ ਨੂੰ ਖਾਵੇ
ਮਲਮਲ ਲਿਆ ਦੇਈਂ ਵੇ ।

ਨੀਲੀ ਘੋੜੀ ਵੇ ਵਕੀਲਾ ਤੈਨੂੰ
ਪਹਿਲੀ ਪੇਸ਼ੀ ਯਾਰ ਛੁੱਟ ਜਾਏ ।

ਮੁੰਡਾ ਜੰਮੂਗਾ ਦਹੀਂ ਦੇ ਫੁੱਟ ਵਰਗਾ,
ਕੱਚਾ ਦੁੱਧ ਪੀਣ ਵਾਲੀਏ ।

ਕਿਹੜੇ ਸ਼ੌਕ ਨੂੰ ਪੰਜੇਬਾਂ ਪਾਈਆਂ;
ਲੰਘ ਗਈਓਂ ਪੈਰ ਦੱਬ ਕੇ ।

ਕਦੇ ਵਾਜ ਨਾ ਚੰਦਰੀਏ ਮਾਰੀ,
ਚੂੜੇ ਵਾਲੀ ਬਾਂਹ ਕੱਢ ਕੇ ।

ਵੇ ਮੈਂ ਤ੍ਰਿੰਜਣਾਂ 'ਚੋਂ ਬੋਲ ਪਛਾਤਾ,
ਗਲੀਆਂ 'ਚ ਫਿਰਦੇ ਦਾ ।

ਮੇਰਾ ਯਾਰ ਸਰੂ ਦਾ ਬੂਟਾ,
ਵਿਹੜੇ ਵਿਚ ਲਾ ਛੱਡਦੀ ।

ਤੇਰੇ ਪਤਲੇ ਬੁੱਲ੍ਹਾਂ ਨੂੰ ਚੁੰਮ ਲਾਂ,
ਮਛਲੀ ਦਾ ਪਤ ਬਣ ਕੇ ।

ਕਾਹਨੂੰ ਮਾਰਦਾ ਬਨੇਰੇ ਉਤੋਂ ਡਲੀਆਂ,
ਚੰਨ ਨੂੰ ਤਾਂ ਛਿਪ ਲੈਣ ਦੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੱਪੇ

ਇਹ ਟੱਪੇ ਕਈ ਰੂਪਾਂ ਵਿਚ ਮਿਲਦੇ ਹਨ ਜਿਵੇਂ : ਮਾਹੀਏ ਦੇ ਟੱਪੇ, ਢੋਲੇ ਦੇ ਟੱਪੇ, ਆਦਿ । ਲੋਕ ਗੀਤਾਂ ਵਿਚ ਇਕੱਲੇ ਮਾਹੀਏ ਉਤੇ ਸੈਂਕੜੇ ਵਿਦਮਾਨ ਹਨ । ਬਾਰ ਦੇ ਢੋਲੇ ਵੀ ਬਹੁਤ ਪ੍ਰਸਿਧ ਹਨ । ਢੋਲੇ ਆਮ ਤੌਰ ਤੇ ਢੋਲਕੀ ਨਾਲ ਗਾਏ ਜਾਂਦੇ ਹਨ । ਪੂਰਬੀ ਪੰਜਾਬ ਵਿਚ ਜਿਥੇ ਵਧੇਰੇ ਦੂਹਰੀ ਬੋਲੀ ਹਰਮਨ ਪਿਆਰੀ ਹੈ ਉਥੇ ਪੱਛਮੀ ਪੰਜਾਬ ਵਿਚ ਮਾਹੀਆ ਜਾਂ ਢੋਲਾ ਦੇ ਟੱਪੇ ਵਧੇਰੇ ਮਕਬੂਲ ਹਨ ।

ਦੂਹਰੀ ਬੋਲੀ ਤੇ ਟੱਪੇ ਦੀ ਬਣਤਰ ਵਿਚ ਬਹੁਤਾ ਨਹੀਂ ਹੈ । ਲੋਕ ਗੀਤਾਂ ਦਾ ਇਹ ਕਾਵਿ ਰੂਪ ਸਭ ਤੋਂ ਪੁਰਾਣਾ ਤੇ ਵਧੇਰੇ ਹਰਮਨ ਪਿਆਰਾ ਹੈ । ਟੱਪਾ; ਇਸ ਦਾ ਇਹ ਨਾਂ ਸ਼ਾਇਦ ਇਸ ਲਈ ਪਿਆ ਹੋਵੇ ਕਿਉਂਕਿ ਹਰੇਕ ਟੱਪੇ ਦਾ ਇਕ ਗੁਟ, ਇਕ ਟੱਪਾ ਹੀ ਤਾਂ ਹੈ । ਇਨ੍ਹਾਂ ਟੱਪਿਆਂ ਨੂੰ ਗਾਉਣ ਸਮੇਂ ਨੱਚਿਆ ਤੇ ਟੱਪਿਆ ਵੀ ਜਾਂਦਾ ਹੈ, ਇਸ ਲਈ ਹੋ ਸਕਦਾ ਹੈ ਇਸ ਕਾਵਿ ਰੂਪ ਦਾ ਨਾਂ ਟੱਧਾ ਇਸ ਗੱਲੋਂ ਪੈ ਗਿਆ ਹੋਵੇ ।

ਸੋਟੀ ਦੇ ਬੰਦ ਕਾਲੇ
ਆਖੀਂ ਮੇਰੇ ਮਾਹੀਏ ਨੂੰ
ਲੱਗੀ ਯਾਰੀ ਦੀ ਲੱਜ ਪਾਲੇ ।

ਪੈਸੇ ਦੀ ਚਾਹ ਪੀਤੀ
ਲਖਾਂ ਦੀ ਜਿੰਦੜੀ
ਤੇਰੇ ਪਿਆਰ 'ਚ ਤਬਾਹ ਕੀਤੀ ।

ਫੁੱਲਾ ਵੇ ਗੁਲਾਬ ਦਿਆ
ਕਿਥੇ ਤੈਨੂੰ ਸਾਂਭ ਰੱਖਾਂ
ਮੇਰੇ ਮਾਹੀਏ ਦੇ ਬਾਗ ਦਿਆ ।

ਚਿੜੀਆਂ ਵੇ ਬਾਰ ਦੀਆਂ
ਰੱਜ ਕੇ ਨਾ ਦੇਖੀਆਂ ਵੇ
ਅੱਖਾਂ ਸਾਂਵਲੇ ਯਾਰ ਦੀਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਪੱਤਰ ਅਨਾਰਾਂ ਦੇ
ਸਾਡਾ ਦੁਖ ਸੁਣਕੇ ਮਾਹੀਆ
ਰੋਂਦੇ ਪੱਥਰ ਪਹਾੜਾਂ ਦੇ ।

ਤੀਲਾਂ ਡੱਬੀ ਦੀਆਂ
ਕਾਲੀਆਂ ਵਾਸਕਟਾਂ
ਤੇ ਚੁੰਨੀਆਂ ਛੱਬੀ ਦੀਆਂ ।

ਕਾਲੇ ਖੰਭ ਨੇ ਕਾਵਾਂ ਦੇ
ਧੀਆਂ ਪ੍ਰਦੇਸ ਗਈਆਂ
ਧੰਨ ਜਿਗਰੇ ਮਾਵਾਂ ਦੇ ।

ਕਟੋਰਾ ਕਾਂਸੀ ਦਾ
ਤੇਰੀ ਵੇ ਜੁਦਾਈ ਸੱਜਣਾ
ਜਿਵੇਂ ਝੂਟਾ ਫਾਂਸੀ ਦਾ ।

ਦੋ ਕਪੜੇ ਸਿਲੇ ਹੋਏ ਨੇ
ਬਾਹਰੋਂ ਭਾਵੇਂ ਰੁੱਸੇ ਹੋਏ ਹਾਂ
ਵਿਚੋਂ ਦਿਲ ਮਿਲੇ ਹੋਏ ਨੇ ।

ਮਹਿੰਗਾ ਹੋ ਗਿਆ ਸੋਨਾ ਵੇ
ਇਕ ਪਲ ਕੀ ਹਸਿਆ
ਪਿਆ ਉਮਰਾਂ ਦਾ ਰੋਣਾ ਵੇ ।

ਬਜ਼ਾਰ ਵਿਕੇਂਦੀ ਖੰਡ ਵੇ
ਤੂੰ ਮਿਸ਼ਰੀ ਤੇ ਮੈਂ ਗੁਲਕੰਦ ਵੇ
ਦੋਵੇਂ ਚੀਜ਼ਾਂ ਮਿੱਠੀਆਂ ਵੇ ਢੋਲਾ ।

ਖੂਹੇ ਤੇ ਆ ਮਾਹੀਆ
ਨਾਲੇ ਘੜਾ ਵੇ ਚੁਕਾ ਮਾਹੀਆ ।

ਸੜਕੇ ਤੇ ਰੂੜ੍ਹ ਵੱਟਿਆ
ਜਿਨ੍ਹਾਂ ਯਾਰੀ ਨਹੀਂ ਲਾਈ
ਉਨ੍ਹਾਂ ਦੁਨੀਆਂ 'ਚ ਕੀ ਖੱਟਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਣੀ ਰਾਤ ਨਾ ਹਾਲਾਂ ਵੇ
ਵਿਚੋਂ ਤੇਰੀ ਸੁਖ ਮੰਗਦੀ
ਕੱਢਾਂ ਉਤੋਂ ਉਤੋਂ ਗਾਲ੍ਹਾਂ ਵੇ ।

ਮੈਂ ਖੜੀ ਆਂ ਬਨੇਰੇ ਤੇ
ਬੁੱਤ ਮੇਰਾ ਏਥੇ ਵਸਦਾ
ਰੂਹ ਮਾਹੀਏ ਦੇ ਡੇਰੇ ਤੇ ।

ਮੰਦੇ ਹਾਲ ਬੀਮਾਰਾਂ ਦੇ
ਇਸ਼ਕ ਦੇ ਵਹਿਣ ਅੰਦਰ
ਬੇੜੇ ਡੁਬ ਗਏ ਹਜ਼ਾਰਾਂ ਦੇ ।

ਲੀਰਾਂ ਲਮਕਣ ਸੂਟ ਦੀਆਂ
ਮੈਂ ਪਈ ਰੋਵਾਂ ਚੰਨਾ
ਸਹੀਆਂ ਪੀਂਘਾਂ ਝੂਟਦੀਆਂ ।

ਕੋਠੇ ਤੇ ਪਿਤਲ ਪਿਆ
ਮਾਹੀ ਮੈਨੂੰ ਅੱਖ ਮਾਰੀ
ਮੇਰਾ ਹਾਸਾ ਨਿਕਲ ਗਿਆ ।

ਨਾਂ ਤੇਰਾ ਲੀਤਾ ਈ
ਸਚ ਦਸ ਤੂੰ ਮਾਹੀਆ
ਕਦੀ ਯਾਦ ਵੀ ਕੀਤਾ ਈ ।

ਬੋਲਣ ਦੀ ਥਾਂ ਕੋਈ ਨਾ
ਜਿਹੜਾ ਸਾਨੂੰ ਲਾ ਵੇ ਦਿੱਤਾ
ਉਸ ਰੋਗ ਦਾ ਨਾਂ ਕੋਈ ਨ

ਮੀਂਹ ਪੈਂਦਾ ਏ ਫਾਂਡੇ ਦਾ
ਭਿੱਜ ਗਈ ਮੈਂ ਬਾਹਰ ਖੜੀ
ਬੂਹਾ ਖੋਲ੍ਹ ਬਰਾਂਡੇ ਦਾ ।

ਚਿੱਠੀ ਮਾਹੀਏ ਨੂੰ ਪਾਉਣੀ ਏਂ
ਸੌਖੀ ਏ ਲਾਉਣੀ ਚੰਨਾ
ਔਖੀ ਤੋੜ ਨਿਭਾਉਣੀ ਏਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਫੁੱਲ ਕੁਮਲਾਏ ਹੋਏ ਨੇ
ਸਾਡੇ ਨਾਲੋਂ ਬਟਣ ਚੰਗੇ,
ਜਿਹੜੇ ਛਾਤੀ ਨਾਲ ਲਾਏ ਹੋਏ ਨੇ ।

ਮੋਰੇ ਗਲ ਗਲ ਪਾਣੀ ਏ
ਅਜੇ ਤਕ ਤੂੰ ਮਾਹੀਆ
ਸਾਡੀ ਕਦਰ ਨਾ ਜਾਣੀ ਏ ।

ਗਲ ਗਾਨੀ ਪਾਈ ਰੱਖੀਏ
ਜੀਹਦੇ ਨਾਲ ਦਿਲ ਲਾਈਏ
ਸਦਾ ਦਿਲ ਨਾਲ ਲਾਈ ਰੱਖੀਏ ।

ਮੌਜਾਂ ਪਿਆ ਜਗ ਮਾਣੇ
ਅਸੀਂ ਤੇਰੇ ਨੌਕਰ ਹਾਂ
ਤੇਰੇ ਦਿਲ ਦੀਆਂ ਰੱਬ ਜਾਣੇ ।

7817

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Acces on 211493
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

ya Samaj Foundation Chennai

ਪੰਜਾਬੀ ਲੋਕਗੀਤ ਪਰੰਪਰਾ

ਬਿਕਰਮ ਸਿੰਘ ਘੁੰਮਣ

Domain. Gurukul Kangri Co